# ਸਿਰਜਣਾ

ਜਨਵਰੀ-ਮਾਰਚ 2017 (ਅੰਕ 183)

**January- March 2017**

**ਸੰਪਾਦਕ: ਰਘਬੀਰ ਸਿੰਘ**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [signature]

ਪਤਾ –Address:
1728, ਸੈਕਟਰ 43-ਬੀ,
ਚੰਡੀਗੜ੍ਹ - 160022

1728, Sector 43-B,
Chandigarh - 160022
India

ਤਾਰੀਕ –Date: 25-10-2014

# ਸਿਰਜਣਾ




ਜਨਵਰੀ-ਮਾਰਚ 2017 **183** 40 ਰੁਪਏ

# ਸਿਰਜਣਾ

183

ਜਨਵਰੀ-ਮਾਰਚ 2017

**ਸੰਪਾਦਕ : ਰਘਬੀਰ ਸਿੰਘ**

**Editor : Raghbir Singh**

✵

**1728, ਸੈਕਟਰ 43-ਬੀ,**
**ਚੰਡੀਗੜ੍ਹ-160 043**
**ਫੋਨ : +91-172-2601693**

✵

***SIRJANA***

***1728, Sector 43-B,***
***Chandigarh-160 043***
***INDIA***
***Phone : +91-172-2601693***
***E-mail :***
***raghbirssirjana@yahoo.com***

✵

**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**


## ਇਸ ਅੰਕ ਵਿਚ


ਸੰਪਾਦਕੀ/ਮੀਡੀਆ ਅਤੇ ਮਿਸ਼ਨ/1

ਸੰਦੀਪ ਦੀਆਂ ਸੱਜਰੀਆਂ ਕਵਿਤਾਵਾਂ/3

ਹਰਪ੍ਰੀਤ ਸੇਖਾ/ਕਹਾਣੀ/ਇਕ ਹੋਰ ਸੁੱਚਾ ਸਿੰਘ/17

ਬਲਜਿੰਦਰ ਨਸਰਾਲੀ/ਕਹਾਣੀ/ਜੇ ਉਹ ਹੁੰਦੀ/28

ਸਿਮਰਨ ਧਾਲੀਵਾਲ/ਕਹਾਣੀ/ਘਰ/35

ਤੌਕੀਰ ਚੁਗ਼ਤਾਈ/ਕਹਾਣੀ/ਬੇਵਸੀ/41

ਦਰਸ਼ਨ ਸਿੰਘ/ਯਾਦਾਂ/ਮੇਰੀ ਭਾਬੀ/45

ਹਰਜਿੰਦਰ ਸਿੰਘ ਸੂਰੇਵਾਲੀਆ/ਰੇਖਾ ਚਿੱਤਰ/ਮਸਖਰਾ ਵਿਦਵਾਨ ਪ੍ਰੋ. ਬ੍ਰਹਮਜਗਦੀਸ਼ ਸਿੰਘ/52

ਸਤਨਾਮ ਸਿੰਘ ਢਾਅ/ਮੁਲਾਕਾਤ/ਸੰਤੋਖ ਸਿੰਘ ਸੰਤੋਖ/61

ਚਮਨ ਲਾਲ/ਲੇਖ/ਮਾਰਕਸਵਾਦੀ ਚਿੰਤਕ, ਅਧਿਆਪਕ ਅਤੇ ਪੰਜਾਬੀ ਕਵੀ ਪ੍ਰੋਫੈਸਰ ਰਣਧੀਰ ਸਿੰਘ/73

ਸੁਰਜੀਤ ਹਾਂਸ/ਲੇਖ/ਪੀਣ ਵਾਲਾ ਪਾਣੀ/79

ਗੁਲਜ਼ਾਰ ਸਿੰਘ ਸੰਧੂ/ਰੀਵੀਊ/ਮਾਨਵਤਾ ਗ਼ੈਰਹਾਜ਼ਰ ਹੈ/85

ਚੰਦਰ ਮੋਹਨ/ਰੀਵੀਊ/ਚੱਕਰਵਿਊ/87

ਜੇ.ਬੀ. ਸੇਖੋਂ/ਰੀਵੀਊ/ਸਿਮਟਦਾ ਆਕਾਸ਼/90

ਗੁਰਦੀਪ ਕੌਰ/ਰੀਵੀਊ/ਪੇਪਰ ਮੈਰਿਜ/92

ਪੁਸ਼ਵਿੰਦਰ ਕੌਰ/ਰੀਵੀਊ/ਬੇਅਰ ਕਰੀਕ ਪਾਰਕ/94

ਹਰਿੰਦਰ ਸਿੰਘ/ਰੀਵੀਊ/ਭੰਵਰ/97

ਮਨਦੀਪ ਸਿੰਘ/ਰੀਵੀਊ/ਵਣਜ/99

ਪੱਤਰ/ਡਾ. ਕਰਮਜੀਤ ਸਿੰਘ/ਹਰਭਜਨ ਸਿੰਘ ਬਾਜਵਾ/ਕੁਲਵੰਤ ਸਿੰਘ/ਮਨਦੀਪ ਸਿੰਘ/ਜਸ਼ਨਪ੍ਰੀਤ ਕੌਰ/103



**ਟਾਈਟਲ ਚਿੱਤਰ : ਦੇਵ**

**ਚੰਦਾ-ਦਸ ਅੰਕ : ਦੇਸ : 400 ਰੁਪਏ, ਪੰਜ ਸਾਲ : 800 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 30 ਪੌਂਡ, 50 ਡਾਲਰ, ਪੰਜ ਸਾਲ : 60 ਪੌਂਡ, 100 ਡਾਲਰ**




## ਮੀਡੀਆ ਅਤੇ ਮਿਸ਼ਨ

ਲੰਘਿਆ ਵਰ੍ਹਾ 2016 ਚਿਰਾਂ ਤਕ ਅਵਾਮ ਦੇ ਚੇਤਿਆਂ ਵਿਚ ਰਹੇਗਾ, ਬਲਕਿ ਇਸ ਵਰ੍ਹੇ ਨੇ ਲੰਮੇ ਸਮੇਂ ਤਕ ਹਿੰਦੋਸਤਾਨੀ ਅਵਾਮ ਉੱਤੇ ਅਸਰਅੰਦਾਜ਼ ਹੁੰਦੇ ਰਹਿਣਾ ਹੈ। ਸੱਤ ਦਹਾਕੇ ਪਹਿਲਾਂ ਸੱਤਾ ਦੇ ਤਬਾਦਲੇ ਤੋਂ ਬਾਅਦ ਸ਼ਾਇਦ ਪਹਿਲੀ ਵਾਰ ਅਜਿਹਾ ਹੋਇਆ ਕਿ ਸਮੁੱਚਾ ਮੁਲਕ ਅੱਖ ਝਪਕਦਿਆਂ ਹੀ ਬੁਰੀ ਤਰ੍ਹਾਂ ਝੰਜੋੜਿਆ ਗਿਆ। ਸਾਲ ਦੇ ਦੋ ਮਹੀਨੇ ਅਜੇ ਰਹਿੰਦੇ ਸਨ ਜਦੋਂ ਦਿਨ ਭਰ ਫੌਜੀ ਅਫਸਰਾਂ ਅਤੇ ਆਪਣੇ ਹੋਰ ਸਲਾਹਕਾਰਾਂ ਨਾਲ ਉਪਰੋਥਲੀ ਮਸ਼ਵਰਿਆਂ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਟੈਲੀਵਿਜ਼ਨ ਉੱਤੇ ਆਣ ਨਮੂਦਾਰ ਹੋਏ। ਉਹਨੀਂ ਹੀ ਦਿਨੀਂ ਸਰਕਾਰ, ਪਾਕਿਸਤਾਨ ਖਿਲਾਫ ਸਰਜੀਕਲ ਸਟਰਾਈਕ ਦੇ ਦਾਅਵੇ ਹਿੱਕ ਠੋਕ ਕੇ ਕਰ ਰਹੀ ਸੀ। ਜੰਗ ਵਰਗੇ ਬਣਾਏ ਮਾਹੌਲ ਦੌਰਾਨ ਇਸ ਵਾਰ ਨਿਸ਼ਾਨਾ ਪਾਕਿਸਤਾਨ ਨਹੀਂ, ਮੁਲਕ ਦੇ ਆਪਣੇ ਹੀ ਲੋਕ ਸਨ। ਲਿਹਾਜ਼ਾ, ਇਹ ਤਕਰੀਰ ਵੀ ਕਿਸੇ ਸਰਜੀਕਲ ਸਟਾਰਾਈਕ ਤੋਂ ਘੱਟ ਨਹੀਂ ਸੀ। ਪੰਜ ਸੌ ਅਤੇ ਇਕ ਹਜ਼ਾਰ ਰੁਪਏ ਵਾਲੇ ਨੋਟ ਬੰਦ ਕਰਨ ਦਾ ਐਲਾਨ ਹੋ ਗਿਆ ਸੀ; ਨਾਲ ਹੀ ਬੈਂਕਾਂ ਵਿਚ ਜਮ੍ਹਾਂ ਆਪਣੇ ਹੀ ਪੈਸੇ ਕਢਵਾਉਣ ਦੀ ਸੀਮਾ ਤੈਅ ਕਰ ਦਿੱਤੀ ਗਈ ਸੀ। ਅਗਲੇ ਦਿਨ ਬੈਂਕਾਂ ਦੇ ਬਾਹਰ ਕਤਾਰਾਂ ਲੱਗ ਗਈਆਂ। ਇਸ ਨੋਟਬੰਦੀ ਨੂੰ ਬਹੁਤੇ ਮਾਹਿਰਾਂ ਨੇ ਆਰਥਿਕ ਐਮਰਜੈਂਸੀ ਤਕ ਗਰਦਾਨਿਆ। ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਨੋਟਬੰਦੀ ਦੀ ਇਸ ਸਮੁੱਚੀ ਕਾਰਵਾਈ ਨੂੰ ਕਾਲ਼ੇ ਧਨ ਉੱਤੇ ਹਮਲਾ ਆਖਿਆ। ਇਸ ਕਾਰਵਾਈ ਨਾਲ ਕਿੰਨਾ ਕੁ ਕਾਲ਼ਾ ਧਨ ਬਾਹਰ ਆਇਆ, ਇਹ ਤਾਂ ਬਹਿਸ ਗੋਚਰਾ ਮਸਲਾ ਹੈ, ਪਰ ਪਿਛਲੇ ਦੋ ਮਹੀਨਿਆਂ ਦੌਰਾਨ ਜੋ ਹਾਲ ਅਵਾਮ ਦਾ ਹੋਇਆ ਹੈ, ਉਹ ਹੁਣ ਦੱਸਣ-ਪੁੱਛਣ ਵਾਲੀ ਗੱਲ ਨਹੀਂ। ਆਉਂਦੇ ਮਹੀਨਿਆਂ ਦੌਰਾਨ ਅੰਕੜੇ ਆਉਣੇ ਆਰੰਭ ਹੋ ਜਾਣੇ ਹਨ ਕਿ ਇਸ ਨਾਲ ਮੁਲਕ ਦੀ ਆਰਥਿਕਤਾ ਨੂੰ ਕਿੰਨੀ ਸੱਟ ਵੱਜੀ ਹੈ ਅਤੇ ਅਗਾਂਹ ਇਸ ਦੇ ਕੀ-ਕੀ ਨਤੀਜੇ ਭੁਗਤਣੇ ਪੈਣੇ ਹਨ। ਇਹ ਨੁਕਤਾ ਵੀ ਧਿਆਨ ਦੇਣ ਵਾਲਾ ਹੈ ਕਿ ਸਰਕਾਰ ਨੂੰ ਇਸ ਸਾਰੇ ਮਾਮਲੇ ਬਾਰੇ ਸਫਾਈ ਦਿੰਦਿਆਂ ਨਿੱਤ ਦਿਨ ਨਵੇਂ ਫੈਸਲੇ ਕਰਨੇ ਪਏ। ਜ਼ਾਹਿਰ ਹੈ ਕਿ ਮਸਲਾ ਮਹਿਜ਼ ਕਾਲੇ ਧਨ ਤਕ ਹੀ ਸੀਮਤ ਨਹੀਂ ਸੀ। ਇਸ ਕਾਰਵਾਈ ਪਿੱਛੇ ਸਰਕਾਰ ਦਾ ਅਸਲ ਮਕਸਦ ਕੀ ਸੀ, ਇਸ ਬਾਰੇ ਲੁਕੀਆਂ ਤਹਿਆਂ ਉਸ ਮੀਡੀਆ ਨੇ ਫਰੋਲਣੀਆਂ ਸਨ ਜਿਸ ਦਾ ਖਾਸਾ ਮੁੱਖ ਰੂਪ ਵਿਚ ਮਿਸ਼ਨ ਨਾਲ ਜੁੜਿਆ ਹੋਇਆ ਹੈ। ਪਰ ਇਸ ਪ੍ਰਸੰਗ ਵਿਚ ਮੀਡੀਆ ਦੇ ਵੱਡੇ ਹਿੱਸੇ ਨੇ ਜੋ ਭੂਮਿਕਾ ਨਿਭਾਈ, ਉਸ ਨਾਲ ਮੀਡੀਆ ਦੇ ਮਿਸ਼ਨ ਵਾਲੇ ਤੱਥ ਉਤੇ ਵੱਡਾ ਸਵਾਲੀਆ ਨਿਸ਼ਾਨ ਲੱਗ ਗਿਆ। ਇੱਥੇ ਅਸੀਂ ਮੀਡੀਆ ਦੇ ਇਸ ਪ੍ਰਸੰਗ ਨਾਲ ਜੁੜੇ ਕੁਝ ਤੱਥਾਂ ਬਾਰੇ ਹੀ ਗੱਲ ਕਰਨੀ ਹੈ ਤਾਂ ਕਿ ਨਿਸ਼ਾਨਦੇਹੀ ਕੀਤੀ ਜਾ ਸਕੇ ਕਿ ਅੱਜ ਦੇ ਕਾਰਪੋਰੇਟੀ ਯੁਗ ਅੰਦਰ ਮੀਡੀਆ ਕਿਸ ਕਰਵਟ, ਕਿਸ ਤਰ੍ਹਾਂ ਅਤੇ ਕਿਉਂ ਬੈਠ ਰਿਹਾ ਹੈ, ਉਹ ਵੀ ਨਿਸ਼ੰਗ ਹੋ ਕੇ।

ਅਸਲ ਵਿਚ ਹਿੰਦੁਸਤਾਨ ਦਾ ਸਮੁੱਚਾ ਸਿਆਸੀ ਤਾਣਾ-ਬਾਣਾ ਚੋਣ ਸਿਸਟਮ ਦੁਆਲ਼ੇ ਘੁੰਮ ਰਿਹਾ ਹੈ ਅਤੇ ਇਸ ਤਾਣੇ-ਬਾਣੇ ਉੱਤੇ ਕਰਪੋਰੇਟ ਜਗਤ ਦੀ ਪਕੜ ਨਿੱਤ ਦਿਨ ਹੋਰ ਮਜ਼ਬੂਤ ਹੋ ਰਹੀ ਹੈ। ਮਾਹਿਰਾਂ ਨੇ ਖੁੱਲ੍ਹ ਕੇ ਵਿਚਾਰ ਰੱਖੇ ਹਨ ਕਿ ਜਿੰਨਾ ਚਿਰ ਚੋਣ ਸਿਸਟਮ ਵਾਲੀਆਂ ਚੋਰ-ਮੋਰੀਆਂ ਨਾਲ ਨਜਿੱਠਿਆ ਨਹੀਂ ਜਾਂਦਾ, ਉਨੀ ਦੇਰ ਕਾਲ਼ੇ ਧਨ ਨੂੰ ਨੱਥ ਪਾਉਣ ਦੀਆਂ ਟਾਹਰਾਂ ਫਜ਼ੂਲ ਹਨ। ਸਿਆਸੀ ਪਾਰਟੀਆਂ ਦੇ ਫੰਡ ਸਰੋਤਾਂ ਦੀ ਸ਼ਨਾਖਤ ਕੀਤੇ ਜਾਣ ਬਾਬਤ ਗੱਲ ਬਾਗੇ-

ਬਗਾਹੇ ਚੱਲਦੀ ਤਾਂ ਬਥੇਰੀ ਵਾਰ ਹੈ, ਪਰ ਸਿਆਸੀ ਅਤੇ ਕਾਰਪੋਰੇਟੀ ਦਾਬੇ ਹੇਠ ਕਦੀ ਤਣ-ਪੱਤਣ ਨਹੀਂ ਲੱਗਦੀ। ਢਾਈ ਦਹਾਕਿਆਂ ਦੇ ਅਖੌਤੀ ਆਰਥਿਕ ਸੁਧਾਰਾਂ ਤੋਂ ਬਾਅਦ ਹੁਣ ਜਦੋਂ ਮੁਲਕ ਦਾ ਬੈਂਕਿੰਗ ਸਿਸਟਮ ਗੋਡਿਆਂ ਪਰਨੇ ਹੋਇਆ ਪਿਆ ਸੀ, ਸਰਕਾਰ ਦੇ ਇਕੋ ਫੈਸਲੇ ਨੇ ਬੈਂਕਾਂ ਦੀ ਇਹ ਸਮੱਸਿਆ ਹੱਲ ਕਰ ਦਿੱਤੀ। ਹੁਣ ਇਨ੍ਹਾਂ ਕੋਲ਼ ਕਾਰਪੋਰੇਟ ਜਗਤ ਨੂੰ ਦੇਣ ਲਈ ਬੇਅੰਤ ਰੋਕੜ ਜਮ੍ਹਾਂ ਹੈ। ਇਹ ਸਨ ਉਹ ਤੱਥ ਜੋ ਮੀਡੀਆ ਨੇ ਆਪਣੀ ਜ਼ਿੰਮੇਵਾਰੀ ਸਮਝਦਿਆਂ, ਆਪਣੇ ਮਿਸ਼ਨ ਤਹਿਤ ਅਵਾਮ ਤਕ ਪੁੱਜਦੇ ਕਰਨੇ ਸਨ, ਪਰ ਹੋਇਆ ਤਕਰੀਬਨ ਇਸ ਤੋਂ ਉਲਟ ਹੈ। ਕੁਝ ਮੀਡੀਆ ਹਾਊਸਾਂ ਜਾਂ ਖਾਸ ਸ਼ਖ਼ਸੀਅਤਾਂ ਨੂੰ ਛੱਡ ਕੇ ਮੀਡੀਆ ਨੇ ਅਵਾਮ ਤਕ ਸਰਕਾਰ ਦਾ ਇਹ ਪ੍ਰਚਾਰ ਹੀ ਪ੍ਰਚੰਡ ਰੂਪ ਵਿਚ ਪਹੁੰਚਾਇਆ ਕਿ ਮਹਿਜ਼ ਪੰਜਾਹ ਦਿਨਾਂ ਦੀ ਗੱਲ ਹੈ, ਇਸ ਤੋਂ ਬਾਅਦ ਸਭ ਸੰਕਟ ਦੂਰ ਹੋ ਜਾਣਗੇ।

ਢਾਈ ਸਾਲ ਪਹਿਲਾਂ ਮੋਦੀ ਸਰਕਾਰ ਕਾਇਮ ਹੁੰਦਿਆਂ ਹੀ ਸਪਸ਼ਟ ਹੋ ਗਿਆ ਸੀ ਕਿ ਅਗਵਾਈ ਕਰ ਰਹੀ ਜਮਾਤ ਮੁਲਕ ਦਾ ਸਮੁੱਚਾ ਤਾਣਾ-ਬਾਣਾ ਮੁੱਢੋਂ-ਸੁੱਢੋਂ ਬਦਲਣ ਲਈ ਕਮਰ ਕੱਸ ਰਹੀ ਹੈ। ਇਸ ਪ੍ਰਸੰਗ ਵਿਚ ਇਸ ਨੇ ਸਭ ਤੋਂ ਪਹਿਲਾ ਕੰਮ ਕਹਿੰਦੇ-ਕਹਾਉਂਦੇ ਮੀਡੀਆ ਹਾਊਸਾਂ ਨੂੰ ਕਾਬੂ ਹੇਠ ਕਰਨ ਦਾ ਕੀਤਾ। ਜਿਹੜੇ ਕੁਝ ਮੀਡੀਆ ਹਾਊਸ ਮੜਕ ਰੱਖਦੇ ਸਨ, ਉਨ੍ਹਾਂ ਨੂੰ ਡਰਾਉਣ-ਧਮਕਾਉਣ ਦੀ ਕਵਾਇਦ ਵੀ ਨਾਲੋ-ਨਾਲ ਚੱਲੀ। ਸਿੱਟੇ ਵਜੋਂ ਸਰਕਾਰ ਦੇ ਪੱਖ ਵਾਲੀ ਲੋਕ ਰਾਏ ਬੰਨ੍ਹਣ ਲਈ ਰਾਹ ਮੋਕਲ਼ਾ ਹੋਈ ਗਿਆ। ਇਹੀ ਕਾਰਨ ਹੈ ਕਿ ਪਿਛਲੇ ਸਾਲ ਅਸਹਿਣਸ਼ੀਲਤਾ ਖਿਲਾਫ ਚੱਲੀ ਲਿਖਾਰੀਆਂ ਦੀ ਤਿੱਖੀ ਲਹਿਰ ਵੀ ਕੁਝ ਸਮੇਂ ਬਾਅਦ ਸਰਕਾਰੀ ਪ੍ਰਚਾਰ ਦੀਆਂ ਸਫਾਂ ਅੰਦਰ ਵਲ੍ਹੇਟੀ ਗਈ। ਦਰਅਸਲ, ਇਨ੍ਹਾਂ ਢਾਈ ਸਾਲਾਂ ਦੌਰਾਨ ਮੋਦੀ ਸਰਕਾਰ ਨੇ ਹਰ ਮਾਮਲੇ ਵਿਚ ਮਰਜ਼ੀ ਕੀਤੀ ਹੈ; ਇਹ ਭਾਵੇਂ ਵਿਦੇਸ਼ ਨੀਤੀ ਦੇ ਪ੍ਰਸੰਗ ਤਹਿਤ ਪਾਕਿਸਤਾਨ ਅਤੇ ਹੋਰ ਗੁਆਂਢੀ ਮੁਲਕਾਂ ਨਾਲ ਸੰਬੰਧਾਂ ਦਾ ਮਾਮਲਾ ਸੀ, ਤੇ ਜਾਂ ਮੁਲਕ ਦੇ ਅੰਦਰੂਨੀ ਹਾਲਾਤ ਜਾਂ ਘੱਟ-ਗਿਣਤੀਆਂ ਨਾਲ ਸੰਬੰਧਤ ਮਸਲੇ, ਕੌਮੀ ਮੀਡੀਆ ਸਦਾ ਖਾਸ ਨੁਕਤਾ-ਨਿਗ੍ਹਾ ਤੋਂ ਹੀ ਪੱਖ ਪੇਸ਼ ਕਰਦਾ ਆ ਰਿਹਾ ਹੈ। ਜੇ ਕੌਮੀ ਮੀਡੀਆ ਤੋਂ ਅਗਾਂਹ ਆਪਣੀ ਪੰਜਾਬੀ ਪੱਤਰਕਾਰੀ ਅਤੇ ਪੰਜਾਬੀ ਸਾਹਿਤਕ ਪੱਤਰਕਾਰੀ ਦੀ ਗੱਲ ਕਰੀਏ, ਤਾਂ ਹਾਲਾਤ ਹੋਰ ਵੀ ਊਣੇ ਨਜ਼ਰੀਂ ਪੈਂਦੇ ਹਨ। ਇਹ ਕਹਿਣਾ ਅਪ੍ਰਸੰਗਕ ਨਹੀਂ ਹੋਵੇਗਾ ਕਿ ਇੰਨੇ ਵੱਡੇ ਧੁੰਦੂਕਾਰੇ ਦੌਰਾਨ ਵੀ ਪੰਜਾਬੀ ਪੱਤਰਕਾਰੀ ਆਟੇ ਵਿਚ ਲੂਣ ਬਰਾਬਰ ਗੱਲ ਕਰਨ ਤੋਂ ਵੀ ਖੁੰਝ ਗਈ ਜਾਪਦੀ ਹੈ। ਅਸਲ ਵਿਚ ਇਹੀ ਚਿੰਤਾ ਦਾ ਵਿਸ਼ਾ ਹੈ। ਜਦੋਂ ਮੁਲਕ ਦੀਆਂ ਸੱਜੀਆਂ ਤਾਕਤਾਂ ਹਰ ਖੇਤਰ ਵਿਚ ਵੱਡੀ ਪੱਧਰ ’ਤੇ ਘੁਸਪੈਠ ਕਰ ਰਹੀਆਂ ਹੋਣ, ਮੀਡੀਆ ਵਾਲਾ ਮਿਸ਼ਨ ਕਿਸੇ ਵੀ ਸੂਰਤ ਪਿਛਾਂਹ ਨਹੀਂ ਛੁੱਟਣਾ ਚਾਹੀਦਾ। ਗੱਲ ਭਾਵੇਂ ਸਮੁੱਚੇ ਮੁਲਕ ਦੀ ਹੈ ਜਾਂ ਇਕੱਲੇ ਪੰਜਾਬ ਦੀ; ਸੱਜੀਆਂ ਤਾਕਤਾਂ ਉਦੋਂ-ਉਦੋਂ ਹੀ ਸਿਰ ਚੁੱਕਦੀਆਂ ਰਹੀਆਂ ਹਨ, ਜਦੋਂ-ਜਦੋਂ ਖੱਬੀਆਂ ਤਾਕਤਾਂ ਨੂੰ ਖੋਰਾ ਲੱਗਿਆ ਹੈ। ਇਸੇ ਲਈ ਪੱਤਰਕਾਰੀ ਦੇ ਮਿਸ਼ਨ ਦੇ ਨਾਲ-ਨਾਲ ਹੁਣ ਖੱਬੀਆਂ ਧਿਰਾਂ ਦੀ ਕਾਰਕਰਦਗੀ ਦੀ ਪੁਣ-ਛਾਣ ਵੀ ਹੋਣੀ ਚਾਹੀਦੀ ਹੈ। ਉਂਝ ਵੀ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਉੱਤੇ ਨਜ਼ਰ ਮਾਰਿਆਂ ਸਾਫ ਪਤਾ ਲੱਗਦਾ ਹੈ ਕਿ ਮੋਟੇ ਰੂਪ ਵਿਚ ਲੋਕਪੱਖੀ / ਖੱਬੇਪੱਖੀ ਸੁਰ ਹੀ ਸਦਾ ਭਾਰੂ ਰਹੀ ਹੈ। ਆਉਣ ਵਾਲੇ ਸਮੇਂ ਵਿਚ ਇਹ ਲੋਕਪੱਖੀ ਸੰਜੀਦਾ ਸੁਰ ਕਿਸ ਕਦਰ ਕਾਇਮ ਰਹਿ ਸਕੇਗੀ, ਇਸ ਬਾਰੇ ਸਿਰ ਜੋੜਨ ਦੀ ਲੋੜ ਹੈ। ਅਸਲ ਮਸਲਾ ਉਸ ਲੋਕ ਰਾਏ ਦਾ ਹੀ ਹੈ ਜਿਸ ਨੂੰ ਆਪਣੇ ਹੱਕ ਵਿਚ ਭੁਗਤਾ ਕੇ ਸੱਤਾ ਧਿਰਾਂ ਅਕਸਰ ਮਨਮਰਜ਼ੀ ਕਰਦੀਆਂ ਆਈਆਂ ਹਨ। 000



# ਸੰਦੀਪ ਦੀਆਂ ਸੱਜਰੀਆਂ ਕਵਿਤਾਵਾਂ

*ਤਕਰੀਬਨ ਇਕ ਦਹਾਕਾ ਪਹਿਲਾਂ ਜਦੋਂ ਸੰਦੀਪ ਦੀਆਂ ਕਵਿਤਾਵਾਂ ‘ਸਿਰਜਣਾ’ ਵਿਚ ਛਪੀਆਂ ਸਨ ਤਾਂ ਉਹਨਾਂ ਵਿਚਲੀ ਸੰਵੇਦਨਸ਼ੀਲਤਾ ਤੇ ਕਲਾਤਮਕ ਨਵੀਨਤਾ ਨੇ ਧਿਆਨ ਖਿੱਚਿਆ ਸੀ। ਫਿਰ ਬਹੁਤ ਲੰਮੇਂ ਸਮੇਂ ਤਕ ਜਿਵੇਂ ਉਹ ਕਿਧਰੇ ਗੁੰਮੀ-ਗੁਆਚੀ ਰਹੀ। ਹੁਣ ਆਪਣੇ ਪਲੇਠੇ ਕਾਵਿ ਸੰਗ੍ਰਹਿ ‘ਰੂਹ ਦੀ ਪਰਵਾਜ਼’ ਦੇ ਛਪਣ ਨਾਲ ਫਿਰ ਉਸਦੀ ਕਵਿਤਾ ਚਰਚਾ ਦਾ ਕੇਂਦਰ ਹੈ। ਪੇਸ਼ ਹਨ ਇਸ ਅਤਿ ਸੂਖਮ ਭਾਵਾਂ ਵਾਲੀ ਸ਼ਾਇਰਾ ਦੀਆਂ ਕੁਝ ਸੱਜਰੀਆਂ ਕਵਿਤਾਵਾਂ।*

## ਮੈਂ ਤੇ ਮਾਂ

ਮੈਂ ਕਈ ਵਾਰ ਤੱਕਿਆ ਹੈ
ਆਪਣੀ ਮਾਂ ਨੂੰ
ਲੀੜੇ ਸਾਂਭਣ ਬਹਾਨੇ
ਸੰਦੂਕ ਵਿਚ ਮੂੰਹ ਦੇ ਕੇ ਰੋਂਦਿਆਂ
ਪਰ ਹੁਣ ਸਮਾਂ ਬਦਲ ਚੁੱਕਾ ਹੈ
ਮੇਰੇ ਕੋਲ਼ ਸੰਦੂਕ ਦੀ ਜਗ੍ਹਾ
ਕਮਰੇ ਦੀ ਛੱਤ ਜਿੰਨੀ ਉੱਚੀ
ਅਲਮਾਰੀ ਹੈ ਹੁਣ।

## ਵਾਦੜੀਆ- ਸਜਾਦੜੀਆਂ

ਉਹ ਗ਼ਲਤ ਲਿਖਦਾ ਰਿਹਾ
ਮੈਂ ਰਬੜ ਵਾਂਗ
ਮੇਟਦੀ ਰਹੀ।

ਇਕ ਦਿਨ
ਦੋਵੇਂ ਖ਼ਤਮ ਹੋ ਗਏ
ਲਿਖਦੇ-ਮਿਟਾਉਂਦੇ।

## ਦੀਵਾ

ਕਈ ਵਾਰ
ਜ਼ਿੰਦਗੀ ਸਾਨੂੰ
ਵਕਤ ਦੀ ਤਲੀ ‘ਤੇ
ਸਮੇਂ ਤੋਂ ਪਹਿਲਾਂ ਹੀ ਧਰ ਦਿੰਦੀ ਏ
ਉਸ ਦੀਵੇ ਵਾਂਗ
ਜਿਸਨੂੰ ਕੋਈ ਨੇਰ੍ਹਾ ਹੋਣ ਤੋਂ ਡਰਦਾ
ਦਿਨ ਵਿਚ ਹੀ ਬਾਲ਼ ਗਿਆ ਹੋਵੇ

ਤੇ ਵਿਅਰਥ ਹੋ ਗਿਆ ਹੋਵੇ
ਉਸਦਾ ਜਲਣਾ
ਸੂਰਜ ਦੀ ਰੌਸ਼ਨੀ ਅੱਗੇ।

## ਸਿੱਪੀ

ਹਰ ਸਿੱਪੀ ਦੀ ਕਿਸਮਤ ਵਿਚ
ਮੋਤੀ ਨਹੀਂ ਹੁੰਦਾ
ਮੀਂਹ ਦੀ ਬੂੰਦ ਲਈ ਖੋਲ੍ਹਿਆ ਮੂੰਹ
ਕਈ ਵਾਰ ਬੰਦ ਵੀ ਕਰਨਾ ਪੈ ਜਾਂਦੈ
ਬਿਜਲੀ ਦੀ ਲਿਸ਼ਕ ਤੇ
ਬਦਲਾਂ ਦੀ ਗਰਜ ਤੋਂ ਡਰ ਕੇ।

## ਧਰਤੀ

ਸੂਰਜ ਏਂ ਭਾਵੇਂ ਤੂੰ
ਤੇਰੇ ਕਰਕੇ ਮੈਂ ਰੌਸ਼ਨ ਹਾਂ
ਤੈਨੂੰ ਓਝਲ ਕਰ ਦਿੰਦੀ ਹਾਂ
ਏਸ ਰਫ਼ਤਾਰ ਨਾਲ ਵੀ ਮੈਂ।

## ਸਮਝ

ਦਰਦ ਵਿਛੜਨ ਦਾ ਨਹੀਂ
ਬਿਰਹਾ ਐਵੇਂ ਬਦਨਾਮ ਹੈ ਸੱਜਣਾਂ
ਦਰਦ ਸੱਧਰਾਂ ਦਾ ਹੈ
ਜੋ ਤੈਨੂੰ ਮਿਲਣ ਲਈ
ਦਿਲ ਵਿਚ ਮਚਲਦੀਆਂ ਨੇ।

## ਧੂਣੀ/ਪੂਣੀ

ਤੇਰੇ ਹਿੱਸੇ ਧੂਣੀ ਆਈ
ਤੇ ਮੇਰੇ ਹਿੱਸੇ ਪੂਣੀ
ਤੂੰ ਧੂਣੀ ਦੀ ਰਾਖ਼ ਮਲ਼
ਲਗਨ ਹੋ ਗਿਆ
ਤੇ ਮੈਂ ਪੂਣੀ ਕੱਤਕੇ
ਕੱਜਣ ਬਣਾ ਲਿਆ।

## ਧੂਣੀ ਦੀ ਅੱਗ

ਨਹੀਂ
ਮੈਂ ਤੈਨੂੰ ਦਾਨ ਵਿਚ ਕੁਝ ਨਹੀਂ ਦੇਵਾਂਗੀ
ਇਸ 'ਤੇ ਕੋਈ ਹੱਕ ਨਹੀਂ ਹੈ ਤੇਰਾ
ਕਾਣੀ-ਵੰਡ ਨਹੀਂ ਕਰਾਂਗੀ ਮੈਂ



ਭਾਵੇਂ ਤੁਹਾਡੇ ਰੱਬ ਨੇ ਕੀਤੀ ਹੋਵੇ
ਮੇਰੇ ਨਾਲ।

ਮੈਂ ਰੱਬ ਨਹੀਂ ਹਾਂ
ਨਾ ਹੀ ਪਹੁੰਚ ਹੈ ਮੇਰੀ ਉਸ ਤਕ
ਹੋ ਜਾਣੀ ਸੀ ਪਹੁੰਚ ਤਾਂ-
ਜੇ ਕਿਧਰੇ ਟਿੱਲੇ 'ਤੇ ਜਾ ਧੂਣੀ ਲਾ ਬਹਿੰਦੀ
ਪਿੰਡੇ 'ਤੇ ਮਲ਼ ਕੇ ਸਵਾਹ
ਅਲਖ਼ ਜਗਾ ਲੈਂਦੀ।

ਪਰ ਅਹਿਮੀਅਤ ਦੀ ਗੱਲ ਹੈ ਸਾਰੀ
ਮੇਰੇ ਲਈ ਧੂਣੀ ਬਾਲਣ ਨਾਲੋਂ ਅਹਿਮ ਸੀ
ਘਰ ਦੇ ਚੁਲ੍ਹੇ ਵਿਚ ਬਾਲਣਾ ਅੱਗ
ਕੰਨਾਂ ਵਿਚ ਕਿਵੇਂ ਪਾ ਸਕਦੀ ਸਾਂ
ਕੱਚ ਦੀਆਂ ਮੁੰਦਰਾਂ
ਕੰਨ ਤਾਂ ਬਚਪਨ ਵਿਚ ਹੀ ਵਿੰਨ੍ਹ ਦਿੱਤੇ ਸਨ ਮੇਰੇ
ਸੂਲ਼ਾਂ ਨਾਲ
ਸੂਲ਼ਾਂ ਵਿੰਨ੍ਹੇ ਜਿਸਮ ਨੂੰ ਲੈ ਕੇ
ਦਰ-ਦਰ ਕਿਵੇਂ ਭਟਕਦੀ
'ਅਲੱਖ-ਨਿਰੰਜਨ' ਕਹਿੰਦੀ
ਸਿਰ 'ਤੇ ਵੀ ਤਾਂ ਬਹੁਤ ਭਾਰ ਸੀ
ਸਦਾਚਾਰ ਦਾ ਟਿਕਿਆ ਹੋਇਆ ਸੀ ਟੋਕਰਾ।

ਰੋਡ-ਭੋਡ ਹੋ ਕੇ
ਜਦੋਂ ਤੂੰ ਦਰਾਂ 'ਤੇ ਖੜ੍ਹਾ ਹੁੰਦੈਂ- ਖ਼ੈਰਾਤ ਲਈ
ਤਾਂ ਜੀਅ ਕਰਦੈ
ਸਿਰ 'ਤੇ ਲਈ ਓੜ੍ਹਨੀ ਨੂੰ
ਤੇਰੇ ਮੂੰਹ 'ਤੇ ਵਗਾਹ ਮਾਰਾਂ
ਹੱਥੀਂ ਪਕਾਇਆ ਮੰਨ ਦੇਣ ਤੋਂ
ਕੋਰੀ ਨਾਂਹ ਕਰ ਦੇਵਾਂ
ਮਹਾਤਮਾ ਬਣਿਐਂ ਜਦੋਂ ਦਾ
ਉਦੋਂ ਦਾ ਭੁੱਲ ਹੀ ਗਿਐਂ
ਕਿ ਮੇਰੇ ਅੰਦਰ ਵੀ ਇਕ ਗੌਤਮ ਸੀ
ਜਿਸਨੂੰ ਮੈਂ ਆਪਣੇ ਹੱਥੀਂ ਮਾਰਿਐ
ਤੇਰੇ ਅੰਸ਼ ਨੂੰ ਆਪਣੀ ਕੁੱਖ ਵਿਚ
ਜਿਉਂਦਾ ਰੱਖਣ ਲਈ।

ਤੂੰ ਸਿਰਫ਼ ਜਨਮ-ਮਰਨ ਤੋਂ ਮੁਕਤੀ ਚਾਹੁੰਦੈਂ
ਪਰ ਮੇਰਾ ਸਫ਼ਰ ਤੇਰੇ ਜਨਮ ਤੋਂ
ਨੌਂ ਮਹੀਨੇ ਪਹਿਲਾਂ ਸ਼ੁਰੂ ਹੁੰਦੈ
ਤੇਰੇ ਵਿਚ ਹੋਏਗੀ ਸਵਰਗ ਦੀ ਲਾਲਸਾ
ਤੇ ਮੁਕਤੀ ਲਈ ਭਟਕਣਾ
ਮੇਰੇ ਤਨ ਵਿਚ ਤਾਂ ਸਿਰਫ਼ ਕੁੱਖ ਹੈ
ਜੇ ਨਾ ਹੁੰਦੀ, ਤਾਂ ਮੈਂ ਵੀ
ਆਪਣਾ ਤੀਜਾ ਨੇਤਰ ਖੋਲ੍ਹ
ਤਾਂਡਵ ਕਰਨਾ ਸੀ
ਹਿਮਾਲਿਆ ਦੀ ਕਿਸੇ ਚੋਟੀ 'ਤੇ
ਤੇ ਤ੍ਰੀਦੇਵ ਬਣ ਜਾਣਾ ਸੀ।

ਕੁਝ ਵੀ ਕਰ - ਤੂੰ
ਮੇਰੇ ਤੋਂ ਮੁਕਤ ਨਹੀਂ ਹੋ ਸਕਦਾ
ਕਿਉਂਕਿ ਤੇਰੇ ਅੰਦਰ ਬੈਠੀ ਹਾਂ ਮੈਂ
ਛੁਪ ਕਿਧਰੇ ਅੰਡ-ਕੋਸ਼ ਵਿਚ।

ਸੱਚ ਦੱਸੀਂ
ਧੂਣੀ ਬਾਲ਼ ਕੇ ਤੂੰ ਲੋਕਾਂ ਨੂੰ
ਪੁੱਤਰਾਂ ਦੇ ਵਰ ਕਿਵੇਂ ਦੇ ਦਿੰਦੈਂ
ਕੀ ਤੈਨੂੰ ਨਹੀਂ ਪਤਾ
ਧੂਣੇ ਦੀ ਅੱਗ ਪੁੱਤਰਾਂ ਦੇ ਵਰ ਹੀ ਦੇ ਸਕਦੀ ਹੈ ਬੱਸ
ਪੁੱਤਰ ਤਾਂ ਹੀ ਮਿਲਦੇ ਨੇ
ਜੇ ਘਰਾਂ ਦੇ ਚੁਲ੍ਹਿਆਂ ਵਿਚ ਅੱਗ ਬਲ਼ਦੀ ਰਹੇ।

ਮੰਨਿਆਂ, ਪਿੰਡੇ 'ਤੇ ਰਾਖ਼ ਮਲ਼ਣ ਦਾ ਗੁਰ ਹੈ ਤੈਨੂੰ
ਪਰ ਭੁੱਬਲ਼ ਵਿਚ ਅੱਗ ਦੱਬਣ ਦਾ ਹੁਨਰ
ਤੈਨੂੰ ਕਦੇ ਨਹੀ ਆਉਣਾ
ਇਹ ਸਿਰਫ਼ ਮੇਰੇ ਕੋਲ਼ ਹੈ।

## ਦਹਿਲੀਜ਼ ਤੋਂ ਬਾਹਰ

ਕਿਉਂ ਸਦਾ
ਘਰਾਂ ਦੀਆਂ ਵਲਗਣਾਂ ਤਕ ਹੀ ਰਹਿੰਦੇ ਨੇ
ਮਾਂ, ਭੈਣ, ਧੀ ਦੇ ਅਰਥ
ਦਹਿਲੀਜ਼ ਤੋਂ ਬਾਹਰ ਪੈਰ ਧਰਦਿਆਂ
ਹਰ ਰਿਸ਼ਤਾ ਔਰਤ ਬਣ ਜਾਂਦੈ।



ਸਭਿਅਤਾ ਦਾ ਅਰਥ
ਸਿਰਫ਼ ਘਰ ਤਾਂ ਨਹੀਂ ਸੀ ਨਾ
ਸਮਾਜ ਵੀ ਤਾਂ ਸੀ।
ਸਮਾਜਵਾਦ ਵੀ ਤਾਂ ਸੀ।

ਪਰ ਮੇਰੇ ਲਈ
ਸਭਿਅਤਾ ਦੇ ਬੱਸ ਐਨੇ ਹੀ ਨੇ ਅਰਥ
ਘਰ ਜਾਂ ਬਜ਼ਾਰ, ਦੇਵੀ ਜਾਂ ਮਾਲ।

## ਯਾਦ ਦੇ ਮਹਿਲ

ਯਾਦ ਤੇਰੀ ਦੇ ਉੱਚੇ ਮਹਿਲੀਂ
ਇਕ ਪੀੜ ਪ੍ਰਾਹੁਣੀ ਆਉਂਦੀ ਏ ਹੁਣ
ਥੱਕੀ-ਟੁੱਟੀ, ਨੀਂਦ-ਵਿਗੁੱਤੀ
ਤਪਦੇ ਰਾਹੀਂ ਲੰਘ ਕੇ ਆਉਂਦੀ
ਮੇਰਾ ਉਸਦਾ ਗੂੜ੍ਹਾ ਨਾਤਾ
ਚੰਨ ਤੇ ਤਾਰੇ ਆਵਣ ਜੀਕਰ
ਤੇਰਾ ਉਸਦਾ ਵੈਰ ਪੁਰਾਣਾ
ਚੰਨ ਤੇ ਸੂਰਜ ਮਿਲਣ ਨਾ ਜੀਕਰ
ਮਨ ਦੇ ਰਿਸਦੇ ਜ਼ਖਮਾਂ ਉੱਤੇ
ਮੱਠੀ-ਮੱਠੀ, ਕੋਸੀ-ਕੋਸੀ
ਯਾਦ ਟਕੋਰਾਂ ਕਰਦੀ ਉਹਦੀ
ਜਦ ਥੱਕ ਜਾਵੇ, ਜਦ ਹੰਭ ਜਾਵੇ
ਮੇਰੇ ਮਨ ਵਿਚ ਹੀ ਸੌਂ ਜਾਵੇ।

ਯਾਦ ਤੇਰੀ ਦੇ ਉੱਚੇ ਮਹਿਲੀਂ
ਪੀੜ ਪ੍ਰਾਹੁਣੀ ਆਉਂਦੀ ਏ ਜਦ।

## ਸੁਮੰਦਰ ਤੋਂ ਪੁੱਛੇ ਨਦੀ

ਤੁਰੀ ਹੋਈ
ਤਾਂ ਹਾਂ ਮੈਂ ਤੇਰੇ ਵੱਲ
ਤੂੰ ਖੜ੍ਹਾ-ਖਲੋਤਾ ਹੀ ਬੇਚੈਨ ਕਿਉਂ ਰਹਿੰਦੈਂ
ਕਿਉਂ ਉਠ ਪੈਂਦੈਂ ਬਣ ਕੇ ਸਾਰੇ ਦਾ ਸਾਰਾ
ਜਵਾਰਭਾਟਾ
ਇੰਝ ਦਿਨ-ਰਾਤ ਕਿਉਂ ਭਟਕਦਾ ਰਹਿੰਦੈਂ
ਜਾਂ ਕੋਈ ਸਮਝਦਾ ਹੀ ਨਹੀਂ ਦਰਦ ਤੇਰਾ
ਤੇਰੀ ਵਿਸ਼ਾਲਤਾ ਨੂੰ ਵੇਖ
ਹਰ ਕੋਈ ਭਰਮ 'ਚ ਰਹਿੰਦੈ

ਸੀਨੇ ਆਪਣੇ ਵਿਚ ਸਾਂਭੇ ਜੁਗਾਂ ਦੇ ਰਾਜ਼
ਪਲ ਵਿਚ ਕਿਨਾਰਿਆਂ 'ਤੇ ਕਿਉਂ ਸੁੱਟ ਆਉਂਦੈਂ
ਸਾਜ਼ਿਸ਼ ਸਮਝ ਕਿਉਂ ਨਹੀਂ ਲੈਂਦਾ
ਚੰਨ, ਸੂਰਜ ਤੇ ਧਰਤੀ ਦੀ
ਇਹਨਾਂ ਤੋਂ ਮੇਰੀਆਂ ਸੂਹਾਂ ਕਿਉਂ ਪੁੱਛਦਾ ਰਹਿੰਦੈਂ
ਆਪਾਂ ਇਕ ਹਾਂ, ਇਕ ਹੈ ਨੀਰ ਆਪਣਾ
ਮੇਰਾ ਅਸਤਿਤਵ ਮਿਟਾਉਣ ਲਈ
ਤੂੰ ਕਿਉਂ ਤਤਪਰ ਰਹਿੰਦੈਂ।

## ਜਾਣੀਜਾਣ

ਜੇ ਤੂੰ ਪਰਮੇਸ਼ਵਰ ਏਂ
ਤਾਂ ਜਾਣ ਕਿਉਂ ਨਹੀਂ ਲੈਂਦਾ
ਕਿ ਹਰ- ਰੋਜ਼
ਮੇਰੀ ਸੋਚ ਦੀਆਂ ਸਰਦਲਾਂ 'ਤੇ
ਤੇਰਾ ਤਖ਼ਤ ਪਲਟਦਾ ਏ।

## ਵਕਫ਼ਾ

ਉਨ੍ਹਾਂ ਨੂੰ
ਤਾਜ ਥੱਲੇ ਵੀ ਹੋ ਜਾਂਦਾ ਏ
ਮੱਥੇ ਵਿਚਲੀ ਸੋਚ ਦਾ ਅਹਿਸਾਸ
ਪਰ ਚੁਟਕੀ ਸੰਧੂਰ ਦੀ ਕਿਵੇਂ
ਦਬਾ ਦੇਂਦੀ ਏ
ਮੇਰੀ ਸੋਚ ਦੇ ਸਾਰੇ ਇਨਕਲਾਬ।

## ਬਲੈਕ ਹੋਲ

ਨਿੱਤ ਅਸਤ ਹੁੰਦਾ ਏ ਜੋ ਦਿਸਹੱਦਿਆਂ ਤੋਂ ਪਾਰ
ਇਕ ਦਿਨ ਗਰਕ ਜਾਵੇਗਾ ਇਹ
ਨ੍ਹੇਰੀ ਗੁਫ਼ਾ ਅੰਦਰ।

ਮੁੱਕ ਜਾਵੇਗਾ ਓੜਕਾ ਫਿਰ
ਚੜ੍ਹਨ-ਛਿਪਣ ਦਾ
ਅਨੰਤ - ਕਾਲ ਤੋਂ ਬੱਝਾ ਹੈ ਜੋ ਇਹ
ਇਕ ਦਿਸ਼ਾ ਅੰਦਰ
ਧਰਤੀ ਵੀ ਮੁਕਤ ਹੋ ਜਾਏਗੀ
ਇਸ ਘੁੰਮਣਘੇਰੀ ਤੋਂ
ਕੌਣ ਚਲਦਾ ਰਹੇ ਜੁਗਾਂ-ਜੁਗਾਂ ਤਕ
ਇਕ ਦਾਇਰੇ ਅੰਦਰ



ਅਰਬਾਂ - ਖਰਬਾਂ ਤਾਰੇ
ਨਾਲ ਤੁਰ ਪੈਣਗੇ ਉਦੋਂ
ਜਿਹਨਾਂ ਕੱਟਿਆ ਹੈ ਅਣਗਿਣਤ ਸਮਾਂ
ਇਸ ਬ੍ਰਹਿਮੰਡ ਅੰਦਰ।

ਮੇਰੀ ਹੋਂਦ ਵੀ ਉਸ ਦਿਨ ਹੀ ਮਿਟੇਗੀ
ਨਹੀਂ ਮਿੱਟ ਸਕਦੀ ਪਹਿਲਾਂ
ਰਹੇ ਭਾਵੇਂ ਤੇਰੀ ਕੈਦ ਅੰਦਰ
ਹੈ ਕੋਈ ਰੱਬ
ਜਿਹੜਾ ਉਸ ਦਿਨ ਬਚਾਉਣ ਆਏਗਾ
ਜਾਂ ਉਹ ਵੀ ਤੁਰ ਪਏਗਾ ਛੁਪ ਕੇ
ਮੇਰੀ ਆਤਮਾ ਅੰਦਰ।

## ਅਸਭਿਅਕ

ਮੈਂ ਤਾਂ ਮਾਂ ਹੀ ਹਾਂ ਸ਼ੁਰੂ ਤੋਂ - ਜਣਨੀ
ਪਰ ਤੂੰ ਪਿਉ ਤਾਂ ਸੀ
ਬਾਪ ਨਹੀਂ ਸੀ - ਉਦੋਂ।

ਫਿਰ ਤੂੰ ਮੈਨੂੰ ਘਰ ਦਿੱਤਾ
ਮੇਰੇ ਬੱਚਿਆਂ ਦਾ ਬਾਪ ਬਣਨ ਲਈ
ਇਹ ਕੋਈ ਪਿਆਰ ਜਾਂ ਪਰਉਪਕਾਰ ਨਹੀਂ ਸੀ
ਤੇਰੀ ਹਉਮੈਂ ਦਾ ਬੋਧ ਸੀ ਇਹ
ਆਪਣੇ ਨਾਮ ਵੰਸ਼ ਤੇ ਗੋਤ ਦੀ ਸਲਾਮਤੀ ਲਈ।

ਤੇ ਵੇਖ ਵਕਤ ਨੇ ਕੀ ਕੀਤਾ
ਮੈਨੂੰ ਤੇਰੀ ਹਉਮੈਂ ਸੰਗ ਪਰਨਾ ਦਿੱਤਾ
ਮੇਰੇ ਬੱਚੇ ਤੇਰੇ ਵਾਰਸ ਬਣ ਗਏ
ਤੇ ਤੂੰ ਇਹਨਾਂ ਦਾ ਬਾਪ।

ਤੇ ਮੈਂ ਤੇਰੇ ਬੱਚਿਆਂ ਦੀ ਮਾਂ ਤਾਂ ਬਣੀ
ਪਰ ਕਦੇ ਮਾਂ ਕਹਾਈ ਨਹੀਂ।
ਤੂੰ ਕਈ ਥਾਵਾਂ 'ਤੇ ਪਿਉ ਨਾ ਹੁੰਦਾ ਹੋਇਆ ਵੀ
ਬਾਪ ਹੀ ਕਹਾਉਂਦੈਂ।

## ਅਗਨ-ਪਰੀਖਿਆ

ਹੇ ਸੀਤਾ ਮਾਤਾ!
ਜਦੋਂ ਤੂੰ ਤੁਰੀ ਸੈਂ ਰਾਮ ਪਿੱਛੇ ਬਨਵਾਸ ਨੂੰ

ਤੁਰ ਪਿਆ ਹੋਵੇਗਾ ਨਾਲ
ਅਥਾਹ ਪਿਆਰ ਤੇ ਵਿਸ਼ਵਾਸ ਵੀ
ਕੱਟਦੀ ਹੋਵੇਂਗੀ ਫਾਕੇ ਵਣਾਂ ਵਿਚ
ਕੱਢਦੀ ਹੋਵੇਂਗੀ ਕੰਡੇ ਪੈਰਾਂ 'ਚੋਂ
ਸਹਿਮ ਜਾਂਦੀ ਹੋਵੇਂਗੀ ਜੰਗਲ਼ੀ ਜੀਵਾਂ ਤੋਂ
ਤ੍ਰਭਕ ਜਾਂਦੀ ਹੋਏਂਗੀ ਟਿਕੀ ਰਾਤ ਵਿਚ।

ਜਾਂ ਫ਼ਿਰ ਵਿਸ਼ਵਾਸ ਹੀ ਸੀ ਐਨਾ
ਕਿ ਤੂੰ ਅਡੋਲ ਸੀ
ਨਿਡਰ ਸੀ, ਨਿਰਭੈ ਸੀ ਉਦੋਂ।

ਤਿੜਕੀ ਤਾਂ ਹੋਵੇਂਗੀ ਪਰ ਤੂੰ ਬਾਅਦ ਵਿਚ
ਅਗਨ-ਪਰੀਖਿਆਂ ਮੰਗੀ ਸੀ ਜਦੋਂ, ਤੇਰੇ ਰਾਮ ਨੇ
ਸੋਚਿਆਂ ਤਾਂ ਹੋਵੇਗਾ ਤੂੰ ਜ਼ਰੂਰ
ਕਿਸ ਲਈ ਛੱਡੀ ਸੀ ਅਯੋਧਿਆ
ਕਿਸ ਲਈ ਕੱਟੇ ਸਨ, ਫਾਕੇ-ਔਕੜਾਂ
ਕਿਸ ਲਈ ਲੰਕਾ 'ਚ ਕੈਦੀ ਬਣ ਗਈ ਸੈਂ
ਇਹ ਉਹ ਰਾਮ ਤਾਂ ਨਹੀਂ ਲੱਗਿਆ ਹੋਏਗਾ
ਜਿਸਨੂੰ ਰੱਬ ਮੰਨ ਤੁਰ ਪਈ ਸੈਂ ਤੂੰ ਕਦੇ।

ਕਹਿੰਦੇ ਸਹਿਮੀ ਨਹੀਂ ਸੀ ਤੂੰ ਅਗਨ ਤੋਂ
ਨਿਕਲ ਗਈ ਸੈਂ ਉਸਦਾ ਸੀਨਾ ਪਾੜ ਕੇ
ਸੇਕ ਤਕ ਲੱਗਿਆਂ ਨਹੀਂ- ਤੇਰੇ ਤਨ ਨੂੰ
ਹੋ ਗਈ ਸੈਂ ਪਾਰ- ਉਸ ਇਲਜ਼ਾਮ ਤੋਂ
ਕਿੰਝ ਮੇਲੀਆਂ ਸਨ ਅੱਖਾਂ, ਫ਼ਿਰ ਤੇਰੇ ਰਾਮ ਨੇ
ਕਿੰਝ ਤੱਕਿਆ ਸੀ ਤੇਰੇ ਸਨਮਾਨ ਵੱਲ।

ਤੂੰ ਤਾਂ ਰਿਸ਼ੀਆਂ ਦਾ ਲਹੂ ਸੀ
ਕਹਿੰਦੇ, ਜਨਮੀ ਸੀ ਬਿਨਾਂ ਕੁੱਖ ਤੋਂ
ਬਹੁਤ ਹੋਵੇਗਾ ਬਲ ਤੇਰੀ ਦੇਹ ਵਿਚ
ਅੱਗ ਨੇ ਵੀ ਜਿਸਨੂੰ ਨਹੀਂ ਸੀ ਸਾੜਿਆ।

ਪਰ ਮੈਂ ਕਿਵੇਂ ਬਚਾਵਾਂ ਖੁਦ ਨੂੰ
ਇਸ ਅਗਨ ਤੋਂ
ਕੁੱਖ ਦੇ ਰਸਤੇ ਆਈ
ਮੈਂ ਆਦਮ ਦੀ ਧੀ।



ਮੈਨੂੰ ਨਹੀਂ ਪਹਿਚਾਣੇਗੀ ਇਹ ਅਗਨ
ਮੈਂ ਜਾਣਦੀ ਹਾਂ
ਸੜ ਜਾਵੇਗਾ ਜੇ ਪੈਰ ਪਾਵਾਂਗੀ
ਸੜ ਜਾਵੇਗਾ ਨਾਲ ਮੇਰਾ ਸਨਮਾਨ ਵੀ
ਤੱਕਦੀ ਹਾਂ ਤੇਰੇ ਰਾਮ ਵੱਲ
ਜੋ ਹੁਣ ਵੀ ਖਾਮੋਸ਼ ਏ
ਮੇਰਾ ਰਾਮ ਉਡੀਕ ਰਿਹਾ ਏ, ਅਗਨੀ ਤੋਂ ਪਾਰ।

ਹੇ ਮਾਤਾ! ਕਿੰਝ ਮੇਟਾਂ ਮੱਥੇ ਲੱਗੇ ਇਲਜ਼ਾਮ ਨੂੰ
ਕਿੰਝ ਕਰਾਂ ਹੁਣ ਮੈਂ ਇਸ ਅਗਨੀ ਨੂੰ ਪਾਰ
ਕਿਸ ਨੂੰ ਧਿਆਵਾਂ ਮੈਂ, ਕਿ ਸੰਕਟ ਟਲ਼ ਜਾਵੇ
ਕਿਸ ਰਾਮ ਕੋਲੋਂ ਮੰਗਾਂ ਮੈਂ ਅਸ਼ੀਰਵਾਦ।

## ਅੱਖ ਦੀ ਸ਼ਰਮ

ਮੈਂ ਤੈਨੂੰ
ਚੁੱਪ ਦੇ ਅਰਥ ਲੱਭਣ ਦਾ ਸਮਾਂ ਦਿੱਤਾ
ਸਾਇੰਸ ਦਾ ਗਿਆਤਾ ਤੂੰ
ਚੁੱਪ ਨੂੰ ਸਾਜ਼ਿਸ਼ ਦੇ ਫਾਰਮੂਲੇ 'ਤੇ ਚੜ੍ਹਾ
ਸਿੱਧ ਕਰਨ ਲੱਗ ਪਿਆ।

ਤੈਨੂੰ ਕਿਸ ਜ਼ੁਬਾਨ ਨਾਲ ਸਮਝਾਵਾਂ
ਕਿ ਪਿਆਰ ਤੇ ਜ਼ਿੰਦਗੀ ਦਾ ਕੋਈ ਫ਼ਾਰਮੂਲਾ ਨਹੀਂ ਹੁੰਦਾ
ਚੁੱਪ ਨੂੰ ਬੱਸ 'ਸਾਜ਼ਿਸ਼' ਹੀ ਨਾ ਸਮਝਦਾ ਰਿਹਾ ਕਰ।

ਇਹ ਸਹਿਮਤੀ ਵੀ ਹੋ ਸਕਦੀ ਹੈ ਤੇ
ਅੱਖ ਦੀ ਸ਼ਰਮ ਵੀ।

## ਬੇਗਾਨਗੀ

ਤੇਰੇ ਘਰ ਵਿਚ
ਆਪਣੇ ਬੱਚੇ ਪਾਲਦੀ ਮੈਂ
ਉਦੋਂ ਬੇਗਾਨੀ ਹੋ ਜਾਂਦੀ ਹਾਂ
ਜਦੋਂ ਤੂੰ ਕਹਿੰਦੈਂ ਕਿ
'ਤੀਵੀਂ ਕਿਸੇ ਦੀ ਮਿੱਤ ਨਹੀਂ ਹੁੰਦੀ'

'ਦੋਂ ਪੈਰ ਘੱਟ ਤੁਰਨਾ
ਪਰ ਤੁਰਨਾ ਮੜਕ ਦੇ ਨਾਲ'
ਇਹ ਤੋਰ ਸਭ ਨੂੰ ਰਾਸ ਨਹੀਂ ਆਉਂਦੀ

ਇਹੋ ਬਿਆਨਦੇ ਨੇ
ਮੀਣੇ ਬਲਦ ਦੀ ਪਿੱਠ 'ਤੇ ਪਏ
ਆਰਾਂ ਦੇ ਨਿਸ਼ਾਨ।

## ਤਰੱਕੀ

ਬਾਬੇ ਦੇ ਹਾਣ ਦਾ ਬਿਰਖ ਸੀ
ਜੋ ਕਲ੍ਹ ਸੁਣਿਆਂ ਮਰ ਗਿਆ
ਸੜਕ ਚੌੜੀ ਹੋਣੀ ਸੀ
ਉਹ ਰਾਹਾਂ ਦੀ ਭੇਟਾ ਚੜ੍ਹ ਗਿਆ।

## ਹਵਾ

ਤੂੰ ਹੰਕਾਰੀ ਹੋ ਗਿਆ
ਮੇਰੇ ਰਾਹਾਂ ਨੂੰ ਕੰਡਿਆਂ ਨਾਲ ਭਰ ਕੇ
ਕਿਉਂ? ਮੈਂ ਮਾਣ ਵੀ ਨਾ ਕਰਾਂ
ਆਪਣੀ ਰਫ਼ਤਾਰ 'ਤੇ।

## ਖਾਮੋਸ਼ੀ

ਮੇਰੀ ਚੁੱਪ ਦੇ ਜੰਗਲ਼ ਵਿਚ
ਭਟਕ ਜਾਂਦੇ ਨੇ ਜਿਹੜੇ ਲਫ਼ਜ਼
ਉਹੀ ਮੇਰੀ ਸੋਚ ਲਈ ਸੂਲੀ
ਤੇ ਦਿਲ ਦਾ ਭਾਰ ਬਣਦੇ ਨੇ।

## ਸਮੇਂ ਦਾ ਸੱਚ

ਪਹਿਚਾਣ ਹੀ ਨਾ ਸਕੇ
ਜਦੋਂ ਚਿਰਾਂ ਬਾਅਦ ਮਿਲੇ
ਕੁਝ ਘਟ ਗਿਆ ਮੇਰੇ ਨੈਣਾਂ ਦਾ ਨੂਰ
ਕੁਝ ਉਸਦੇ ਮੁਖੜੇ ਦਾ ਤੇਜ਼ ਘਟਿਆ।

## ਤੂੰ ਤੇ ਮੈਂ

ਮੈਨੂੰ ਪਤੈ ਪਹਿਲਾਂ ਤਾਂ
ਮੈਂ ਤੇ ਤੂੰ ਹੀ ਸਾਂ ਬੱਸ
ਆਪਾਂ ਦੋਵੇਂ ਉਹੀ
ਜਿਹਨਾਂ ਵਰਜਿਤ ਫ਼ਲ ਖਾਧਾ ਸੀ
ਧੱਕੇ ਗਏ ਸਾਂ ਜੰਨਤ 'ਚੋਂ ਜਦੋਂ
ਉਦੋਂ ਰਸਤੇ ਵਿਚ
ਕੋਈ 'ਮਨੂੰ' ਮਿਲਿਆ ਸੀ
ਬੱਸ ਉਸਤੋਂ ਮਗਰੋਂ
ਮੈਂ ਤੇ ਤੂੰ ਇੱਕਠੇ ਕਦੇ ਨਹੀਂ ਮਿਲੇ



'ਮਨੂੰ' ਹੁੰਦਾ ਹੈ ਵਿਚਕਾਰ ਹਮੇਸ਼ਾ।
ਹੁਣ ਤਾਂ ਤਕਾਜ਼ਾ ਇਹ ਹੈ ਕਿ
ਤੇਰੀਆਂ ਗਾਲ੍ਹਾਂ ਦੇ ਕੇਂਦਰ 'ਚ ਮੈਂ
ਮੇਰੀਆਂ ਅਸੀਸਾਂ ਦੇ ਕੇਂਦਰ 'ਚ ਤੂੰ
ਬੜਾ ਅਜਬ ਸਾਕ ਬਣਦਾ ਜਾ ਰਿਹਾ
ਮੈਂ ਦਾ ਤੇ ਤੂੰ ਦਾ।

## ਮਹਿਫ਼ੂਜ਼

ਮੈਨੂੰ ਲਗਦਾ
ਆਪਣੇ ਮਿਲਣ ਲਈ
ਸੁਪਨਿਆਂ ਤੋਂ ਮਹਿਫ਼ੂਜ਼ ਕੋਈ ਥਾਂ ਨਹੀਂ ਹੈ
ਆਪਣੇ ਤੋਂ ਨਵੀਂ ਪੀੜ੍ਹੀ ਨਾਲ ਭੱਜ ਨੀ ਹੋਣਾ
ਡੇਟ 'ਤੇ ਜਾਣ ਦਾ ਆਪਣੇ ਤੋਂ ਕਰ ਪੱਜ ਨਹੀਂ ਹੋਣਾ।

ਸੁਪਨੇ ਹੀ ਠੀਕ ਨੇ ਆਪਣੇ ਮਿਲਣ ਲਈ
ਤੂੰ ਬਚ ਜਾਵੇਂਗਾ ਖਰਚੇ ਕੋਲੋਂ
ਮੈਂ ਬਚ ਜਾਵਾਂਗੀ ਚਰਚੇ ਕੋਲੋਂ।

## ਇਕਲੱਵਿਐ

ਅਸੀਂ ਤੇਰੇ ਨਾਲ ਹਾਂ - ਇਕਲੱਵਿਐ!
ਹੁਣ ਤੈਥੋਂ ਕੋਈ ਦਰੋਣਾਚਾਰੀਆ
ਗੁਰੂ - ਦਖਸ਼ਣਾ ਦੇ ਨਾਂ 'ਤੇ ਅੰਗੂਠਾ ਨਹੀਂ ਮੰਗੇਗਾ
ਚੋਰੀ ਗਿਆਨ ਹਾਸਲ ਕਰਨ ਦੀ
ਇਹ ਸਾਜ਼ਿਸ਼ੀ ਸਜ਼ਾ?
ਚੋਰੀ ਤਾਂ ਕਹਿੰਦੇ - ਉੱਥੇ ਕੋਈ ਹੋਰ ਵੀ ਕਰਦਾ ਸੀ
ਕਿਉਂ ਦੁਲਾਰਦੇ ਰਹੇ ਉਸਨੂੰ ਕਹਿ ਕੇ 'ਮਾਖਨ-ਚੋਰ'।

ਸ਼ਾਇਦ ਮਿਥਿਹਾਸ ਨੂੰ ਨਹੀਂ ਸੀ ਪਤਾ
ਕਿ ਉਹ ਉੱਗ ਆਏਗਾ
ਵਕਤ ਦੇ ਸੋਹਲ ਪਿੰਡੇ 'ਤੇ
ਕੰਡਿਆਲੀ- ਥੋਹਰ ਬਣ ਕੇ
ਤੇ ਇਕਲੱਵਿਐ ਦੇ ਹੱਥ 'ਚੋਂ ਲਹੂ
ਉਦੋਂ ਤਕ ਰਿਸਦਾ ਰਹੇਗਾ
ਜਦੋਂ ਤਕ
ਅਸੀਂ ਤੁਹਾਡੇ ਲਈ ਸਵਾਲਾਂ ਦਾ ਚਕਰਵਿਊ ਨਹੀਂ ਰਚ ਦਿੰਦੇ
ਜਿਸ ਵਿਚੋਂ ਤੁਸੀਂ ਬਾਹਰ ਨਹੀਂ ਆ ਪਾਓਗੇ
ਭਾਵੇਂ ਤੁਹਾਡੀ ਮਾਂ ਜਾਗਦੀ ਰਹੀ ਹੋਵੇ

ਤੁਹਾਨੂੰ ਗਰਭ ਵਿਚ ਲੈ ਕੇ ਕਹਾਣੀ ਖਤਮ ਹੋਣ ਤਕ।
ਹੁਣ ਕੋਈ ਇਕਲੱਵਿਐ
ਆਪਣਾ ਅੰਗੂਠਾ ਕੱਟ ਕੇ ਅਰਪਿਤ ਨਹੀਂ ਕਰੇਗਾ
ਪਰੰਪਰਾ ਦੀਆਂ ਕੋਝੀਆਂ ਚਾਲਾਂ ਅੱਗੇ
ਅਸੀਂ ਉਸਦੇ ਕੰਨਾਂ 'ਚ
ਹੱਕ ਦੀ ਅਵਾਜ਼ ਪਾ ਹੀ ਦੇਵਾਂਗੇ।

## ਬੁਲੰਦੀ

ਮੇਰੇ ਖਿਆਲ ਦੀ
ਤੂੰ ਬੁਲੰਦੀ ਸੀ
ਹੇ 'ਰੱਬਾ'!
ਮੈਨੂੰ ਹੀ ਪੈਰਾਂ ਦੀ
ਧੂੜ ਕਰ ਦਿੱਤਾ।

## ਸੋਚ

ਉਹ ਉਡੀਕਦਾ ਰਿਹਾ
ਬੂਹਾ ਖੁੱਲ੍ਹੇ ਤਾਂ ਫ਼ਿਰ ਆਵਾਂ
ਮੈਂ ਉਡੀਕਦੀ ਰਹੀ
ਦਸਤਕ ਦੇਵੇ ਤਾਂ ਦਰ ਖੋਲ੍ਹਾਂ।

## ਇਕੱਲਤਾ

ਸੋਚਾਂ ਦੀਆਂ
ਲੰਮੀਆਂ-ਲੰਮੀਆਂ ਪਗਡੰਡੀਆਂ 'ਤੇ
ਕਦੇ ਤਾਂ ਮੇਰੇ ਨਾਲ ਤੁਰ ਪਿਆ ਕਰ
ਜਦੋਂ ਦੂਰ ਲੰਘ ਜਾਂਦੀ ਹਾਂ
ਤਾਂ ਕੱਲਿਆਂ
ਬੜਾ ਭੈਅ ਆਉਂਦੈ।

## ਕੋਈ ਹੋਰ ਗੱਲ

ਕੁਝ ਲੋਕ
ਤੁਹਾਡੇ ਮਨ ਦੀ ਵਿਥਿਆ
ਬਿਨਾਂ ਕਹੇ ਬੁਝ ਲੈਂਦੇ ਨੇ
ਕੁਝ ਹੁੰਦੇ ਨੇ
ਜਿਹਨਾਂ ਅੱਗੇ ਭਾਵੇਂ ਸਾਰੀ ਉਮਰ ਬੋਲਦੇ ਰਹੋ
ਫ਼ਿਰ ਵੀ ਪੁਛਦੇ ਰਹਿੰਦੇ ਨੇ
'ਹੋਰ ਸੁਣਾ'।



## ਬੰਸਰੀ

ਬੜੀਆਂ ਤਰਜ਼ਾਂ ਸਨ ਮੇਰੇ ਅੰਦਰ ਵੀ
ਬਸ ਆਪਣੀ ਖੋਖਲੀ ਦੇਹ 'ਚ
ਮੋਰੀਆ ਨਾ ਕਰ ਹੋਈਆਂ
ਬਾਂਸ ਦੀ ਪੋਰੀ ਸਾਂ, ਪੋਰੀ ਰਹਿ ਗਈ
ਤੇਰੇ ਹੋਠਾਂ ਤਕ ਪਹੁੰਚ ਜਾਂਦੀ
ਪਰ ਚੋਟਾਂ ਨਾ ਜਰ ਹੋਈਆਂ।

## ਹਵਾਈ-ਉਡਾਣ

ਪੱਖੀਆਂ ਨੂੰ ਝਾਲਰਾਂ ਲਾਉਂਦੀ
ਕਰਦੀ ਰਹੀ ਉਹ ਕੁੜੀ ਦਾਜ ਤਿਆਰ
ਪਤਾ ਨਹੀਂ ਕਦੋਂ
ਸਰ੍ਹਾਣਿਆਂ 'ਤੇ ਕੱਢੇ ਤਿੱਤਰ-ਮੋਰ
ਉੱਡ ਗਏ
ਜਹਾਜ਼ ਦੀ ਉਡਾਣ ਨਾਲ।

## ਨੁਮਾਇਸ਼

ਕਲਾਕਾਰ ਏ ਉਹ
ਚਿਤਰਾਂ 'ਚ ਭਾਵਾਂ ਦੀ ਬਾਤ ਪਾਉਂਦਾ ਏ
ਤਸਵੀਰ ਦਿਲ ਦੀ ਬਣਾਉਂਦਾ ਏ
ਤੇ ਵਿਚ ਤੀਰ ਵੀ ਚਲਾਉਂਦਾ ਏ
ਤੁਪਕੇ ਤਿੰਨ-ਚਾਰ ਖ਼ੂਨ ਦੇ
ਡਿੱਗਦੇ ਵਿਖਾਉਂਦਾ ਏ।

ਨੁਮਾਇਸ਼ ਵਿਚ ਲਗਦਾ ਏ ਚਿਤਰ
ਦੁਨੀਆਂ ਵੇਂਹਦੀ ਏ
ਕੀਮਤ ਚਿਤਰ ਦੀ ਉਹ
ਦਾਨਸ਼ਵਰਾਂ ਨੂੰ ਦੱਸ ਆਉਂਦਾ ਏ।

ਵਿਕਦੇ ਹੋਣਗੇ ਦਿਲ ਸੱਜਰੇ
ਕੌਡੀਆਂ ਦੇ ਭਾਅ
ਪਰ ਆਪਣੇ ਹੁਨਰ ਦੀ ਕੀਮਤ
ਉਹ ਪੂਰੀ ਲੱਖ ਪਾਉਂਦਾ ਏ।

## ਸਲੀਬ

ਤੁਸੀਂ ਸਲੀਬ 'ਤੇ ਚੜ੍ਹੇ ਰੱਬ ਨੂੰ ਜਾਣਦੇ ਹੋ
ਪਰ ਮੈਂ ਉਸ ਬੰਦੇ ਨੂੰ ਜਾਣਦੀ ਹਾਂ

ਜਿਹੜਾ ਸਲੀਬ 'ਤੇ ਚੜ੍ਹ ਕੇ
ਰੱਬ ਹੋ ਗਿਆ ਸੀ
ਉਦੋਂ ਦਾ ਹੀ ਰੱਬ
ਤੁਹਾਡੀਆਂ ਗਰਦਨਾਂ ਨਾਲ ਸਲੀਬ ਬਣ
ਲਟਕ ਗਿਆ ਹੈ
ਸੱਚਮੁੱਚ ਰੱਬ ਬਣਨਾ ਬੜਾ ਕਠਿਨ ਏ
ਬੰਦੇ ਨੂੰ ਸੂਲ਼ਾਂ ਦਾ ਤਾਜ ਪਹਿਨਾ
ਸਲੀਬ 'ਤੇ ਵਿੰਨ੍ਹਿਆ ਜਾਂਦੈ
ਤਾਂ ਕਿਤੇ ਜਾ ਕੇ ਬੰਦਾ ਰੱਬ ਬਣਦੈ।

## ਦੁੱਖ

ਉਹ ਮੈਨੂੰ
ਹੰਝੂ ਬਣ ਕੇ ਮਿਲਿਆ
ਬੜਾ ਰੋਕਿਆ ਮੈਂ
ਪਰ - ਨਜ਼ਰਾਂ 'ਚ ਡਿੱਗ ਹੀ ਪਿਆ।

## ਅਪਵਿੱਤਰ

ਖ਼ਾਰੇ ਨੀਰ ਸੀ ਸਮੁੰਦਰ ਦੇ
ਮੈਂ ਬਾਹਰ ਆ ਗਈ ਤਰ ਕੇ
ਪਾਣੀ ਦੀ ਹਉਮੈਂ ਨੂੰ ਸੱਟ ਵੱਜੀ
ਹਵਾ ਨੂੰ ਕਿਹਾ ਉਸ ਸੱਦ ਕੇ
ਜਾਉ! ਬਿਰਖਾਂ ਨੂੰ ਕਹਿ ਆਓ
ਇਹਨੂੰ ਨਾ ਛਾਂ ਦੇਵਣ ਆਪਣੀ
ਮੇਰੇ ਨੀਰ 'ਚੋਂ ਗੁਜ਼ਰੀ।

## ਸਲਾਹ

ਹਰ ਮੁਲਾਕਾਤ 'ਤੇ
ਨਵੀਂ-ਤਾਜ਼ੀ ਨਹੀਂ ਪੁੱਛੀਦੀ
ਦੋਸਤ ਦੋਸਤ ਹੁੰਦੇ ਨੇ
ਕੋਈ ਅਖ਼ਬਾਰ ਨਹੀਂ।

## ਸੁਝਾਅ

ਕਿਉਂ ਬਾਹਰ ਜਾਣ ਦੀ ਰਟ ਲਗਾਈ ਰਖਦੈਂ
ਰੁਕ ਜਾ
ਜ਼ਰਾ ਕੁ
ਪਰਦੇਸੀਆਂ ਨੂੰ ਪਰਤ ਲੈਣ ਦੇ। 000

*(134, ਗਲੀ 7, ਮਨਜੀਤ ਨਗਰ, ਭਾਦਸੋਂ ਰੋਡ, ਪਟਿਆਲਾ-147 001, ਫੋਨ: 98728-77417)*



# ਇਕ ਹੋਰ ਸੁੱਚਾ ਸਿੰਘ: ਕਹਾਣੀ: ਹਰਪ੍ਰੀਤ ਸੇਖਾ

"ਜਵਾਕਾਂ ਨਾਲ ਕੀ ਵੈਰ ਸੀ! ਜੇ ਮਾਰਨਾ ਈ ਸੀ ਤਾਂ ਘਰਵਾਲੀ ਨੂੰ ਮਾਰ ਦਿੰਦਾ, ਨਾਲੇ ਵਿਚਾਰੀ ਦੀ ਜਾਨ ਛੁੱਟ ਜਾਂਦੀ।" ਪਤਨੀ, ਜਿੰਦਰ ਕੌਰ ਦੇ ਇਹ ਬੋਲ ਸੁੱਚਾ ਸਿੰਘ ਦੇ ਦਿਮਾਗ਼ ਵਿਚ ਰਾਤ ਤੋਂ ਹੀ ਘੁੰਮ ਰਹੇ ਸਨ। ਉਸ ਨੂੰ ਲੱਗ ਰਿਹਾ ਸੀ ਜਿਵੇਂ ਜਿੰਦਰ ਉਸ ਔਰਤ ਰਾਹੀਂ ਆਪਣੀ ਗੱਲ ਕਰ ਰਹੀ ਹੋਵੇ। ਜਿੰਦਰ ਦਾ ਚੁੰਨੀ ਨਾਲ ਘੁੱਟ ਕੇ ਬੰਨ੍ਹਿਆਂ ਮੱਥਾ ਅਤੇ ਡੁੱਲ੍ਹੂੰ-ਡੁੱਲ੍ਹੂੰ ਕਰਦੀਆਂ ਸੁਰਖ ਅੱਖਾਂ ਵਾਲਾ ਚਿਹਰਾ ਉਸ ਨੂੰ ਕੰਮ ਨਹੀਂ ਸੀ ਕਰਨ ਦੇ ਰਿਹਾ। ਉਹ ਲੱਕੜਾਂ ਦੇ ਟੋਟੇ ਟਰੱਕ ਵਿਚ ਸੁੱਟਣੇ ਛੱਡ ਕੇ ਥਾਏਂ ਬੈਠ ਗਿਆ।

"ਕੀ ਹੋ ਗਿਆ, ਅੰਕਲ? ਠੀਕ ਤਾਂ ਹੈਂ?" ਆਪਣੇ ਸਹਾਇਕ, ਰੂਪ ਸਿੰਘ ਦੀ ਆਵਾਜ਼ ਸੁਣ ਕੇ ਸੁੱਚਾ ਸਿੰਘ ਨੇ ਉਸ ਵੱਲ ਦੇਖਿਆ। ਉਹ ਆਪਣਾ ਕੰਮ ਰੋਕ ਕੇ ਉਸ ਵੱਲ ਦੇਖਣ ਲੱਗਾ ਸੀ। ਸੁੱਚਾ ਸਿੰਘ ਨੇ ਆਪਣੇ ਆਪ ਨੂੰ ਸੰਭਾਲਣ ਦੀ ਕੋਸ਼ਿਸ਼ ਕਰਦੇ ਹੋਏ ਕਿਹਾ, "ਕੁਸ਼ ਨੀ, ਹੋਣਾ ਕੀ ਐ, ਬੱਸ ਚਿੱਤ ਜਿਆ ਨੀ ਠੀਕ ਅੱਜ। ਤੂੰ ਹਿੰਮਤ ਕਰਕੇ ਟਰੱਕ ਲੋਡ ਕਰ, ਆਪਾਂ 'ਗਾਂਹੋਂ ਵੀ ਚੁੱਕਣੈ ਗਾਰਬੇਜ।" ਰੂਪ ਸਿੰਘ ਮੁੜ ਲੱਕੜਾਂ ਦੇ ਟੋਟਿਆਂ ਦੇ ਢੇਰ ਤੋਂ ਲੱਕੜਾਂ ਚੁੱਕ ਕੇ ਟਰੱਕ ਵਿਚ ਸੁੱਟਣ ਲੱਗਾ ਪਰ ਸੁੱਚਾ ਸਿੰਘ ਤੋਂ ਮੁੜ ਕੰਮ 'ਤੇ ਨਾ ਲੱਗਿਆ ਗਿਆ। ਉਸ ਨੂੰ ਆਪਣਾ ਸਰੀਰ ਝੂਠਾ ਜਿਹਾ ਪੈਂਦਾ ਮਹਿਸੂਸ ਹੋਇਆ।

ਰਾਤ ਵੀ ਸੁੱਚਾ ਸਿੰਘ ਨੇ ਉੱਸਲਵੱਟੇ ਲੈਂਦਿਆਂ ਕੱਟੀ ਸੀ। ਜਿੰਦਰ ਦੇ ਔਖੇ ਹੋਣ ਦੇ ਕਾਰਣ ਦੀ ਕੰਨੀ ਤਾਂ ਉਸ ਦੇ ਹੱਥ ਆ ਰਹੀ ਸੀ ਪਰ ਪੂਰੀ ਤਰ੍ਹਾਂ ਸਪੱਸ਼ਟ ਕੋਈ ਵਿਚਾਰ ਨਹੀਂ ਸੀ ਬਣ ਰਿਹਾ। ਉਹ ਉਲਝ ਗਿਆ ਸੀ। ਉਸ ਨੂੰ ਕੋਈ ਰਾਹ ਨਹੀਂ ਸੀ ਦਿਸ ਰਿਹਾ। "ਹੋਰ ਦੱਸ ਕੀ ਫਾਹਾ ਲੈ ਲਵਾਂ! ਜੇ ਏਨੀ ਔਖੀ ਆ ਤਾਂ ਜਾਵੇ ਜਿੱਥੇ ਜੀਅ ਕਰਦਾ", ਅੱਕ ਕੇ ਉਸ ਨੇ ਇਹ ਸੋਚ ਕੇ ਤੇਜ਼ੀ ਨਾਲ ਪਾਸਾ ਪਰਤ ਲਿਆ ਅਤੇ ਘੁੱਟ ਕੇ ਅੱਖਾਂ ਮੀਚ ਲਈਆਂ ਤਾਂ ਕਿ ਮੁੜ ਉਹ ਵਿਚਾਰ ਦਿਮਾਗ਼ ਵਿਚ ਨਾ ਆਉਣ। ਪਰ ਜਿੰਦਰ ਕੌਰ ਦਾ ਚਿਹਰਾ ਮੁੜ ਉਸ ਨੂੰ ਦਿਸਣ ਲੱਗਾ।

ਇਹ ਸਿਲਸਲਾ ਕੱਲ੍ਹ ਉਦੋਂ ਹੀ ਸ਼ੁਰੂ ਹੋ ਗਿਆ ਸੀ, ਜਦੋਂ ਸੁੱਚਾ ਸਿੰਘ ਨੇ ਰੇਡੀਓ 'ਤੇ ਉਹ ਖ਼ਬਰ ਸੁਣੀ ਸੀ। ਖ਼ਬਰ ਨੇ ਉਸ ਨੂੰ ਹਿਲਾ ਕੇ ਰੱਖ ਦਿੱਤਾ ਸੀ। ਉਸ ਨੂੰ ਹੀ ਕੀ, ਹਰ ਸੁਣਨ ਵਾਲਾ ਤ੍ਰਾਹ-ਤ੍ਰਾਹ ਕਰਨ ਲੱਗਿਆ ਸੀ। ਸਾਰੇ ਰੇਡੀਓ ਅਤੇ ਟੀ ਵੀ ਸਟੇਸ਼ਨਾਂ 'ਤੇ ਇਹ ਮੁੱਖ ਖਬਰ ਸੀ। ਇਕ ਪੰਜਾਬੀ ਮੂਲ਼ ਦੇ ਆਦਮੀ ਨੇ ਆਪਣੇ ਦੋ ਮਤਰੇਏ ਪੁੱਤਰਾਂ ਨੂੰ ਗੋਲ਼ੀ ਮਾਰ ਕੇ ਉਨ੍ਹਾਂ ਦੀ ਮਾਂ ਨੂੰ ਤਸੀਹੇ ਦੇ ਕੇ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਖ਼ਬਰ ਸੁਣਨ ਤੋਂ ਬਾਅਦ ਸੁੱਚਾ ਸਿੰਘ ਦੇ ਦਿਮਾਗ਼ ਵਿਚ ਤਰ੍ਹਾਂ-ਤਰ੍ਹਾਂ ਦੇ ਵਿਚਾਰ ਆਉਣ ਲੱਗੇ ਸਨ। ਜਿੰਦਰ ਤੇ ਮਿੰਟੂ ਦੇ ਚਿਹਰੇ ਉਸ ਦੀਆਂ ਅੱਖਾਂ ਮੂਹਰੇ ਘੁੰਮਦੇ ਰਹੇ ਸਨ। ਰਾਤ ਨੂੰ ਟੀ ਵੀ 'ਤੇ ਖ਼ਬਰ ਦੇਖ ਕੇ ਜਿੰਦਰ ਕੌਰ ਨੇ ਉਹ ਬੋਲ ਬੋਲੇ ਸਨ, ਜਿਹੜੇ ਸੁੱਚਾ ਸਿੰਘ ਦੇ ਦਿਮਾਗ਼ ਵਿਚ ਅਟਕ ਗਏ ਸਨ।

ਸਵੇਰੇ ਜਾਗਣ ਸਾਰ ਹੀ ਉਹ ਬੋਲ ਵੀ ਸੁੱਚਾ ਸਿੰਘ ਦੇ ਦਿਮਾਗ਼ ਵਿਚ ਜਾਗ ਪਏ। ਤੇ ਹੁਣ ਉਸ ਨੂੰ ਕੰਮ ਨਹੀਂ ਸੀ ਕਰਨ ਦੇ ਰਹੇ। "ਮੈਂ ਐਵੇਂ ਵਾਧੂ-ਘਾਟੂ ਸੋਚੀ ਜਾਨਾਂ, ਊਈਂ ਜਵਾਕਾਂ ਦੀ ਮੌਤ ਬਾਰੇ ਸੁਣ ਕੇ ਉਸ ਨੇ ਆਖ ਦਿੱਤਾ ਹੋਣਾ", ਉਸ ਨੇ ਆਪਣੇ ਮਨ ਨੂੰ ਟਿਕਾਉਣ ਲਈ ਸੋਚਿਆ। ਪਰ ਇਸ ਵਿਚਾਰ ਨੇ ਉਸ ਦਾ ਬਹੁਤਾ ਧੀਰਜ ਨਾ ਬੰਨ੍ਹਾਇਆ। ਪਿਛਲੇ ਪੰਜ-ਛੇ ਮਹੀਨਿਆਂ ਤੋਂ, ਜਦੋਂ ਦੀ ਜਿੰਦਰ ਨੂੰ ਆਮ ਹੀ ਮਾਈਗ੍ਰੇਨ ਹੋਣ ਲੱਗੀ ਸੀ, ਇਹੋ ਜਿਹੇ ਖਿਆਲ ਅਤੇ ਡਰ ਤਾਂ ਸੁੱਚਾ ਸਿੰਘ ਦੇ ਦਿਮਾਗ਼ ਵਿਚ ਆਉਂਦੇ ਰਹੇ ਸਨ ਪਰ ਉਹ ਥੋੜ੍ਹ ਚਿਰੇ ਹੀ ਹੁੰਦੇ। ਕੱਲ੍ਹ ਤੋਂ ਤਾਂ ਉਨ੍ਹਾਂ ਵਿਚਾਰਾਂ ਨੇ ਉਸ ਦੇ ਦਿਮਾਗ਼ ਵਿਚ ਡੇਰਾ ਹੀ ਲਾ ਲਿਆ ਸੀ। "ਜੇ ਕੋਈ ਤਕਲੀਫ

ਐ ਤਾਂ ਬੋਲ ਕੇ ਦੱਸੇ", ਉਸ ਨੇ ਸੋਚਿਆ।

"ਤਕਲੀਫ ਤਾਂ ਪਤਾ ਈ ਐ, ਕਿੰਨਾ ਕੁ ਚਿਰ ਅੱਖਾਂ ਮੀਚੀ ਰੱਖੂੰਗਾ", ਇਕ ਪਲ ਲਈ ਇਹ ਉਡਦਾ ਜਿਹਾ ਖਿਆਲ ਉਸ ਦੇ ਦਿਮਾਗ਼ ਵਿਚ ਆਇਆ, ਪਰ ਇਹ ਵਿਚਾਰ ਟਿਕਿਆ ਨਹੀਂ।

"ਕੋਈ ਹੋਵੇ ਨਾ ਕਿਤੇ ---", ਸੁੱਚਾ ਸਿੰਘ ਤੋਂ ਅੱਗੇ ਨਾ ਸੋਚਿਆ ਗਿਆ। ਕੋਲ਼ ਪਈ ਲੱਕੜ 'ਤੇ ਉਸਦਾ ਹੱਥ ਕਸਿਆ ਗਿਆ। ਸੋਚਾਂ ਵਿਚ ਪਏ ਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਉਸ ਦਾ ਹੱਥ ਲੱਕੜ 'ਤੇ ਟਿਕ ਗਿਆ ਸੀ। ਲੱਕੜ ਦੀ ਛਿੱਲਤਰ ਉਸ ਦੀ ਤਲੀ ਵਿਚ ਧਸ ਗਈ। ਉਸ ਨੇ ਦੂਜੇ ਹੱਥ ਦੀਆਂ ਉਂਗਲਾਂ ਨਾਲ ਛਿੱਲਤਰ ਬਾਹਰ ਖਿੱਚ ਦਿੱਤੀ। ਉਹ ਕੁਝ ਡੂੰਘੀ ਖੁਭ ਗਈ ਸੀ। ਬਾਹਰ ਖਿੱਚਣ ਨਾਲ ਕੁਝ ਖੂਨ ਸਿੰਮ ਆਇਆ। ਸੁੱਚਾ ਸਿੰਘ ਨੇ ਉਸ ਵੱਲ ਧਿਆਨ ਨਾ ਦਿੱਤਾ। ਉਸ ਦਾ ਧਿਆਨ ਤਾਂ ਜਿੰਦਰ ਵੱਲ ਸੀ। "ਕਿੰਨਾ ਕੁ ਚਿਰ ਇਉਂ ਘੁੱਟ-ਵੱਟ ਕੇ ਰਹੇਗੀ? ---ਕਨੇਡਾ ਪਹੁੰਚਣ ਸਾਰ ਹੀ ਕਿਤੇ ਉਡਾਰੀ ਮਾਰ ਜਾਂਦੀ। ਮੇਰੀਆਂ ਐਵੇਂ ਐਨੀਆਂ ਆਸਾਂ ਬੰਨ੍ਹਵਾਉਣੀਆਂ ਸੀ", ਸੁੱਚਾ ਸਿੰਘ ਦੇ ਚਿੱਤ 'ਚ ਆਈ।

"ਐਨਾ ਮੇਰਾ ਖਿਆਲ ਰੱਖਦੀ ਆ, ਕਿੱਥੇ ਜਾਣਾ ਓਹਨੇ", ਉਸ ਦੇ ਦੂਜੇ ਚਿੱਤ ਨੇ ਉਸ ਨੂੰ ਧਰਵਾਸਾ ਦਿੱਤਾ।

"ਮੈਂ ਆਪ ਵੀ ਤਾਂ ਖਿਆਲ ਰੱਖਦੈਂ। ਜਦੋਂ ਮਿੰਟੂ ਨੂੰ ਕੋਈ ਚੀਜ਼ ਲਿਆ ਕੇ ਦਿੰਨੈਂ ਤਾਂ ਆਖ ਦਿੰਦੀ ਐ ਕਿ ਐਨੇ ਪਿਆਰ ਨਾਲ ਵਿਗਾੜ ਨਾ ਲਿਓ।"

" ਏਸ ਖਿਆਲ ਰੱਖਣ ਥੱਲੇ ਹੀ ਤਾਂ ਨੀ ਦੱਬੀ ਪਈ ਕਿਤੇ ? ਓਹਦਾ ਜੀਅ ਵੀ ਤਾਂ ਕਰਦਾ ਹੋਊ ---।"

"ਕਿਉਂ ਕਿਵੇਂ ਐ ਅੰਕਲ, ਚੱਲੀਏ ਫੇਰ 'ਗਾਂਹ", ਰੂਪ ਸਿੰਘ ਦੀ ਆਵਾਜ਼ ਸੁਣ ਕੇ ਸੁੱਚਾ ਸਿੰਘ ਨੇ ਉਸ ਵੱਲ ਦੇਖਿਆ ਤੇ ਫੇਰ ਉਸ ਥਾਂ ਵੱਲ, ਜਿੱਥੇ ਪਹਿਲਾਂ ਵਾਧੂ-ਘਾਟੂ ਲੱਕੜਾਂ ਦਾ ਢੇਰ ਪਿਆ ਸੀ। ਉਹ ਅਣਮੰਨੇ ਜਿਹੇ ਮਨ ਨਾਲ ਉੱਠਿਆ ਅਤੇ ਟਰੱਕ ਵਿਚ ਜਾ ਬੈਠਾ। ਟਰੱਕ ਹਾਲੇ ਊਣਾ ਸੀ। ਇਹ ਉਨ੍ਹਾਂ ਨੇ ਅਗਾਂਹ ਵਾਲੀ ਥਾਂ ਤੋਂ ਭਰਨਾ ਸੀ ਅਤੇ ਉਸ ਤੋਂ ਬਾਅਦ 'ਡੰਪ ਯਾਰਡ' ਵਿਚ ਜਾ ਕੇ ਖਾਲੀ ਕਰਨਾ ਸੀ। ਪਰ ਸੁੱਚਾ ਸਿੰਘ ਨੇ ਅਗ਼ਾਂਹ ਜਾਣ ਦੀ ਥਾਂ ਟਰੱਕ ਘਰ ਵੱਲ ਮੋੜ ਲਿਆ।

ਨਵੇਂ ਬਣ ਰਹੇ ਮਕਾਨਾਂ ਵਾਲੀ ਥਾਂ ਤੋਂ ਗਾਰਬੇਜ ਚੁੱਕਣ ਦਾ ਕੰਮ ਉਸ ਨੇ ਇੰਡੀਆ ਤੋਂ ਵਾਪਸ ਆ ਕੇ ਸ਼ੁਰੂ ਕੀਤਾ ਸੀ। ਇੰਡੀਆ ਤਾਂ ਉਹ ਇਕ ਤਰ੍ਹਾਂ ਨਾਲ ਰਿਟਾਇਰ ਹੋ ਕੇ ਗਿਆ ਸੀ। ਸਰਕਾਰੀ ਤੌਰ 'ਤੇ ਉਸ ਨੂੰ ਹਾਲੇ ਹੋਰ ਪੰਜ ਸਾਲਾਂ ਨੂੰ ਬੁਢਾਪਾ ਪੈਨਸ਼ਨ ਲੱਗਣੀ ਸੀ। ਪਤਨੀ, ਮਹਿੰਦਰ ਕੌਰ ਦੀ ਮੌਤ ਤੋਂ ਬਾਅਦ ਇਹ ਗੱਲ ਉਸ ਦੇ ਦਿਮਾਗ਼ ਵਿਚ ਘਰ ਕਰ ਗਈ ਸੀ ਕਿ "ਹੁਣ ਕੀਹਦੇ ਪਿੱਛੇ ਟੁੱਟ-ਟੁੱਟ ਮਰਨਾ ਹੈ।" ਉਨ੍ਹਾਂ ਦਾ ਇਕੋ-ਇਕ ਪੁੱਤਰ ਕਨੇਡਾ ਤੋਂ ਅਮਰੀਕਾ ਚਲਾ ਗਿਆ ਸੀ ਤੇ ਕੈਲੇਫੋਰਨੀਆ ਵਿਚ ਸੈੱਟ ਹੋ ਗਿਆ ਸੀ। ਸੁੱਚਾ ਸਿੰਘ ਨੇ ਮਹਿੰਦਰ ਕੌਰ ਦੀ ਬਿਮਾਰੀ ਦੌਰਾਨ ਹੀ ਕੰਮ ਛੱਡ ਦਿੱਤਾ ਸੀ। ਸਾਲ ਭਰ ਉਹ ਮਹਿੰਦਰ ਕੌਰ ਦੀ ਦੇਖ-ਭਾਲ਼ ਕਰਦਾ ਰਿਹਾ। ਉਸ ਨੂੰ ਕੈਂਸਰ ਸੀ। ਉਹ ਨਾ ਬਚੀ। ਸੁੱਚਾ ਸਿੰਘ ਨੂੰ ਸੁੰਨਾ ਘਰ ਵੱਢ-ਵੱਢ ਖਾਂਦਾ। ਉਸ ਨੇ ਮਕਾਨ ਵੇਚ ਕੇ ਨਿੱਕਾ ਜਿਹਾ ਟਾਊਨ-ਹਾਊਸ ਖਰੀਦ ਕੇ ਸਮਾਨ ਉਸ ਵਿਚ ਟਿਕਾ ਦਿੱਤਾ ਅਤੇ ਗੁਜ਼ਾਰੇ ਜੋਗੀ ਰਕਮ ਬੈਂਕ ਵਿਚ ਜਮ੍ਹਾਂ ਕਰਵਾ ਕੇ ਬਾਕੀ ਆਪਣੇ ਪੁੱਤਰ ਦੇ ਹਵਾਲੇ ਕਰ ਦਿੱਤੀ। "ਅੱਗੇ ਜਿੱਥੇ ਦਾ ਰਸਤਾ ਕੁਦਰਤ ਨੇ ਦਿਖਾਉਣਾ ਹੋਇਆ, ਦਿਖਾ ਦੇਵੇਗੀ," ਸੋਚ ਕੇ ਉਹ ਇੰਡੀਆ ਚਲਾ ਗਿਆ।

ਕੁਦਰਤ ਦੇ ਦਿਖਾਏ ਰਸਤੇ ਅਨੁਸਾਰ ਉਸ ਨੇ ਵਾਪਸ ਆ ਕੇ ਟਰੱਕ ਲੈ ਲਿਆ ਅਤੇ ਇਹ ਕੰਮ ਸ਼ੁਰੂ ਕਰ ਲਿਆ। ਟਰੱਕ ਹੁਣ ਉਸ ਤੋਂ ਚੱਲ ਨਹੀਂ ਸੀ ਰਿਹਾ। ਉਸ ਦੀ ਸੁਰਤੀ ਹਿੱਲੀ ਹੋਈ



ਸੀ। ਉਸ ਦਾ ਜੀਅ ਕੀਤਾ ਕਿ ਟਰੱਕ ਦਾ ਸਟੇਰਿੰਗ ਰੂਪ ਸਿੰਘ ਨੂੰ ਫੜਾ ਦੇਵੇ ਪਰ ਉਸ ਦਾ ਡਰਾਈਵਰ ਲਾਈਸੰਸ ਜ਼ਬਤ ਹੋਇਆ ਹੋਇਆ ਸੀ। ਉਹ ਸ਼ਰਾਬ ਪੀ ਕੇ ਕਾਰ ਚਲਾਉਂਦਾ ਪੁਲਸ ਦੇ ਹੱਥ ਆ ਗਿਆ ਸੀ। ਟਰੱਕ ਵਿਚ ਰੇਡੀਓ 'ਤੇ ਹਾਲੇ ਵੀ ਕੱਲ੍ਹ ਵਾਪਰੀ ਦੁਰਘਟਨਾ ਬਾਰੇ ਚਰਚਾ ਚੱਲ ਰਹੀ ਸੀ। ਕੱਲ੍ਹ ਇਕ ਪੰਜਾਬੀ ਰੇਡੀਓ ਨੂੰ ਕਿਸੇ ਨੇ ਫੋਨ ਕਰਕੇ ਦੱਸ ਦਿੱਤਾ ਸੀ ਕਿ ਹਤਿਆਰੇ ਨੇ ਆਪਣੀ ਘਰਵਾਲੀ ਅਤੇ ਉਸ ਦੇ ਦੋਨਾਂ ਬੱਚਿਆਂ ਨੂੰ ਇੰਡੀਆ ਤੋਂ ਮੰਗਵਾਇਆ ਸੀ ਪਰ ਹੁਣ ਘਰਵਾਲੀ ਕਿਸੇ ਹੋਰ ਮਰਦ ਨਾਲ ਰਹਿਣਾ ਚਾਹੁੰਦੀ ਸੀ। ਉਦੋਂ ਤੋਂ ਹੀ ਉਸ ਰੇਡੀਓ ਸਟੇਸ਼ਨ 'ਤੇ ਇਸ ਬਾਰੇ ਚਰਚਾ ਚੱਲ ਰਹੀ ਸੀ ਅਤੇ ਮਗਰੇ ਹੀ ਹੋਰ ਪੰਜਾਬੀ ਰੇਡੀਓ ਸਟੇਸ਼ਨਾਂ ਨੇ ਵੀ ਇਸ ਦੁਖਾਂਤ'ਤੇ 'ਟਾਕ ਸ਼ੋਅ' ਰੱਖ ਲਏ ਸਨ। ਕੱਲ੍ਹ ਰੂਪ ਸਿੰਘ ਨੇ ਸੁਣਨ ਸਾਰ ਹੀ ਕਿਹਾ ਸੀ, "ਹੋਰ ਬੰਦਾ ਕੀ ਕਰੇ ਫੇਰ!"

ਸੁੱਚਾ ਸਿੰਘ ਬੋਲਿਆ, "ਇੰਡੀਆ ਤੋਂ ਮੰਗਵਾ ਦਿੱਤਾ ਸੀ ਤਾਂ ਮੁੱਲ ਤਾਂ ਨੀ ਲੈ ਲਿਆ ਸੀ।"

"ਇਕ ਮਿੰਟ ਅੰਕਲ---," ਰੂਪ ਸਿੰਘ ਨੇ ਸੁੱਚਾ ਸਿੰਘ ਨੂੰ ਵਿੱਚੋਂ ਹੀ ਚੁੱਪ ਕਰਾਉਣ ਲਈ ਹੱਥ ਦਾ ਇਸ਼ਾਰਾ ਕਰਕੇ ਰੇਡੀਓ ਦੀ ਆਵਾਜ਼ ਉੱਚੀ ਕਰ ਦਿੱਤੀ। ਰੇਡੀਓ 'ਤੇ ਕਿਸੇ ਔਰਤ ਦੀ ਬੜੀ ਤਿੱਖੀ ਸੁਰ ਵਾਲੀ ਆਵਾਜ਼ ਆਈ ਸੀ। ਚੱਲ ਰਹੀ ਚਰਚਾ ਵਿਚ ਭਾਗ ਲੈਂਦਿਆਂ ਉਹ ਆਖ ਰਹੀ ਸੀ, "ਏਹ ਸੋ ਕਾਲਡ ਨਿੱਤ ਹੁੰਦੀਆਂ 'ਆਨਰ ਕਿਲਿੰਗਜ਼' ਵਿਚ ਸਾਡਾ ਸਾਰਿਆਂ ਦਾ ਈ ਹੱਥ ਇਆ। ਅਸੀਂ ਔਰਤ ਨੂੰ ਆਪਣੀ ਇੱਜ਼ਤ ਨਾਲ ਜੋੜਿਆ ਇਐ। ਤੁਹਾਡਾ ਮੀਡੀਏ ਵਾਲਿਆ ਦਾ ਵੀ ਕਸੂਰ ਇਆ। ਤੁਹਾਡੇ ਸਟੇਸ਼ਨਾਂ 'ਤੇ ਹਾਲੇ ਤਕ ਸੁੱਚਾ ਸਿੰਘ ਸੂਰਮੇ ਦੀਆਂ ਵਾਰਾਂ ਗਾਈਆਂ ਜਾਂਦੀਆਂ ਇਐਂ। ਉਸ ਨੂੰ ਅਸੀਂ ਹੀਰੋ ਸਮਝੀ ਜਾਨੇ ਇਆਂ, ਜੀਹਨੇ ਆਪਣੀ ਭਰਜਾਈ ਨੂੰ ਏਸ ਕਰਕੇ ਮਾਰ ਦਿੱਤਾ ਕਿ ਉਹ ਕਿਸੇ ਹੋਰ ਨੂੰ ਪਿਆਰ ਕਰਦੀ ਸੀ। ਔਰਤ ਨੂੰ ਮਾਂ, ਧੀ ਜਾਂ ਘਰਵਾਲੀ ਤੋਂ ਬਿਨਾਂ ਇਕ ਇਨਸਾਨ ਦੇ ਤੌਰ 'ਤੇ ਵੇਖਣਾ ਕਦੋਂ ਸਿੱਖਾਂਗੇ ਅਸੀਂ? *ਕਮ ਔਨ , ਵੂਈ ਆਰ ਲਿਵਿੰਗ ਇਨ ਟਵੰਟੀ ਫਸਟ ਸੈਂਚੁਰੀ* । ਜੇ ਅਸੀਂ ਇੱਥੇ ਆ ਗਏ ਆਂ ਤਾਂ ਇਹਨਾਂ ਕਨੇਡੀਅਨ ਲੋਕਾਂ ਵਾਂਗ ਰਹਿਣਾ ਵੀ ਸਿੱਖੀਏ ---।"

"ਲੈ ਏਹਦੀ ਕਰ ਲੋ ਗੱਲ, ਅਖੇ ਆਪਣੇ ਸੂਰਮਿਆਂ ਨੂੰ ਹੀ ਭੁੱਲ ਜਾਓ। ਅਗਲੇ ਨੇ ਅਣਖ ਨਾਲ ਜਿਉਣ ਖਾਤਰ ਭਰਜਾਈ ਮਾਰੀ ਸੀ। ਦੁਨੀਆਂ ਓਹਦੀ ਅਣਖ ਦੀਆਂ ਵਾਰਾਂ ਗਾਉਂਦੀ ਐ। ਸਦਕੇ ਤੇਰੀ ਅਕਲ ਦੇ! ਖੰਭ ਲੱਗ ਜਾਂਦੇ ਆ ਖੰਭ, ਏਨ੍ਹਾਂ ਦੇ ਕਨੇਡਾ ਆ ਕੇ। ਗਰਾਂਟੀ ਆ ਇਹ ਛੁੱਟੜ ਹੋਊ। ਇਹੋ ਜੇਹੀਆਂ ਕਹਿੰਦੀਆਂ ਅਸੀਂ ਤਾਂ ਨਹੀਂ ਵਸੀਆਂ, ਹੋਰ ਵੀ ਨੀ ਵਸਣ ਦੇਣੀਆਂ," ਰੂਪ ਸਿੰਘ ਵਿਚੋਂ ਹੀ ਬੋਲਿਆ।

"ਰੂਪ ਸਿਆਂ ਗੱਲ ਤਾਂ ਵਿਚਾਰਨ ਵਾਲੀ ਐ।"

"ਵਿਚਾਰਨ ਵਾਲੀ ਸੁਆਹ ਐ ਅੰਕਲ, ਤੇਰਾ ਮਾੜੀ ਤੀਵੀਂ ਨਾਲ ਵਾਹ ਨੀ ਨਾ ਪਿਆ। ਕਮਾਉਣ ਕੀ ਲੱਗ ਜਾਂਦੀਆਂ, ਆਪਣੇ ਆਪ ਨੂੰ ਗੋਰੀਆਂ ਈ ਸਮਝਣ ਲੱਗ ਜਾਂਦੀਆਂ। ਫੇਰ ਨੀ ਬੰਦੇ ਨੂੰ ਬੰਦਾ ਸਮਝਦੀਆਂ। ਬੰਦਾ ਭੋਰਾ ਉੱਚਾ ਬੋਲ ਦੇਵੇ ਤਾਂ ਪੁਲਸ ਦਾ ਡਰਾਵਾ ਦੇ ਦਿੰਦੀਆਂ। ਇਕ ਏਥੋਂ ਦੀ ਪੁਲਸ ਪੂਰੀ ਫੇਰੇ ਦੇਣੀ ਆ। ਬੰਦੇ ਦੀ ਨੀ ਸੁਣਦੀ।"

"ਅੱਡ-ਵਿੱਢ ਹੋ ਜਾਣ ਫੇਰ। ਕਿਸੇ ਦੀ ਜਾਨ ਲੈਣੀ ਯਾਰ ਇਹ ਕੀ ਗੱਲ ਹੋਈ! ਇਹ ਤਾਂ ਹੁਣ ਆਮ ਹੀ ਗੱਲ ਹੋਗੀ। ਕੋਈ ਨਾ ਕੋਈ ਨਿੱਤ ਖਬਰ ਸੁਣ ਲਈਦੀ ਐ ਐਹੋ ਜੀ।"

"ਐਡਾ ਨੀ ਨਾ ਸੌਖਾ ਅੱਡ-ਵਿੱਢ ਹੋਣਾ। ਨਿਆਣੇ ਰੁਲ਼ ਜਾਣ। ਆਪਣੇ ਲੋਕੀਂ ਵੀ ਫੇਰੇ ਦੇਣੇ ਆ। ਆਖਣਗੇ ਫਲਾਣੇ ਦੀ ਨਿਕਲ ਗਈ। ਘਰੋਂ ਭੱਜ ਗਈ। ਬੰਦਾ ਕਿਸੇ ਨੂੰ ਮੂੰਹ ਦਿਖਾਉਣ ਜੋਗਾ ਨੀ ਰਹਿੰਦਾ। ਜਿਵੇਂ ਪਹਿਲਾਂ ਇਕ ਕਾਲਰ ਕਹਿ ਕੇ ਗਿਆ ਸੀ ਨਾ, ਓਵੇਂ ਕਰੇ ਬੰਦਾ। ਇੰਡੀਆ ਤੋਂ ਲਿਆਉਣ ਸਾਰ ਸਕੂਲ ਨਾ ਭੇਜੇ ਤੇ ਨਾ ਹੀ ਕੰਮ 'ਤੇ ਲਾਵੇ। ਉਪਰੋ-ਥਲੀ ਛੇ-ਸੱਤ ਨਿਆਣੇ

ਜੰਮਾ ਦੇਵੇ, ਫੇਰ ਸਾਰੀ ਉਮਰ ਉਲਝੀਆਂ ਰਹਿਣ। ਤੈਥੋਂ ਕੀ ਲੁਕੋਅ, ਮੇਰੇ ਆਲ਼ੀ ਕਹੂ ਬਰਾਬਰ ਕੰਮ ਕਰਾ ---।"

"ਓਹ ਨਹੀਂ ਰੂਪ ਸਿਆਂ, ਇਹ ਤਾਂ ਪਰਿਵਾਰ ਤੋਂ ਜਾਨ ਵਾਰ ਦਿੰਦੀਆਂ ਏਨ੍ਹਾਂ ਨੂੰ ਥੋੜ੍ਹਾ ਜਿਹਾ ਪਿਆਰ ਮਿਲਦਾ ਰਹੇ ਤਾਂ," ਸੁੱਚਾ ਸਿੰਘ ਬੋਲਿਆ।

ਪਰ ਇਹ ਤਾਂ ਕੱਲ੍ਹ ਦੀਆਂ ਗੱਲਾਂ ਸਨ। ਹੁਣ ਫਿਰ ਟਰੱਕ ਦੇ ਰੇਡੀਓ 'ਤੇ ਉਹੀ ਗੱਲ ਚੱਲ ਰਹੀ ਸੀ ਤੇ ਸੁੱਚਾ ਸਿੰਘ ਨੇ ਇਹ ਆਖ ਕੇ ਰੇਡੀਓ ਬੰਦ ਕਰ ਦਿੱਤਾ, "ਲੋਕ ਐਵੇਂ ਮਗਜਾਲ਼ੀਆਂ ਮਾਰੀ ਜਾਂਦੇ ਆ, ਕਿਸੇ ਨੂੰ ਕਿਸੇ ਦੇ ਘਰ ਦਾ ਕੀ ਪਤਾ ਹੁੰਦਾ। ਰੇਡੀਓ ਆਲ਼ਿਆਂ ਨੂੰ ਤਮਾਸ਼ਾ ਲੱਭ ਜਾਂਦਾ।"

"ਹੋਰ ਇਹੀ ਗੱਲ ਤਾਂ ਮੈਂ ਕਹਿੰਦਾ ਸੀ, ਬਈ ਕਿਸੇ ਨੂੰ ਕੀ ਪਤਾ ਹੁੰਦਾ..."

ਪਰ ਸੁੱਚਾ ਸਿੰਘ ਨੇ ਰੂਪ ਸਿੰਘ ਦੀ ਗੱਲ ਵੱਲ ਧਿਆਨ ਨਾ ਦਿੱਤਾ ਤੇ ਬੋਲਿਆ, "ਰੂਪ ਸਿਆਂ, ਆਪਾਂ ਛੁੱਟੀ ਕਰਦੇ ਆਂ. ਮੇਰਾ ਚਿੱਤ ਜਿਆ ਨੀ ਠੀਕ।"

"ਐਨੀ ਸਦੇਹਾਂ ਘਰ ਜਾ ਕੇ ਕੀ ਕਰਨਾ! ਘਰਵਾਲੀ ਤੋਂ ਸਲੋਕ ਈ ਸੁਣਨੇ ਆ। ਕੋਈ ਨੀ ਤੂੰ ਪਿਆ ਰਹੀਂ ਟਰੱਕ 'ਚ, ਮੈਂ ਲੋਡ ਕਰੀ ਜਾਊਂ।"

ਪਹਿਲਾਂ ਵੀ ਕਈ ਵਾਰ ਇਸ ਤਰ੍ਹਾਂ ਹੋਇਆ ਸੀ ਕਿ ਕੰਮ ਕਰਦੇ ਕਰਦੇ ਅਚਾਨਕ ਸੁੱਚਾ ਸਿੰਘ ਦੀਆਂ ਲੱਤਾਂ ਜਵਾਬ ਦੇਣ ਲੱਗਦੀਆਂ। ਉਹ ਸ਼ੱਕਰ ਰੋਗ ਦਾ ਮਰੀਜ਼ ਸੀ। ਉਹ ਟਰੱਕ ਵਿਚ ਪੈ ਜਾਂਦਾ। ਰੂਪ ਸਿੰਘ ਟਰੱਕ ਵਿਚ ਲੱਕੜ-ਤੁੰਬੜ ਸੁੱਟੀ ਜਾਂਦਾ। ਪਰ ਹੁਣ ਸੁੱਚਾ ਸਿੰਘ ਨੇ ਘਰ ਜਾਣ ਦਾ ਇਰਾਦਾ ਬਣਾ ਲਿਆ। ਉਸ ਨੂੰ ਪਤਾ ਸੀ ਕਿ ਸਰੀਰ ਦਾ ਝੂਠਾ ਪੈਣਾ ਸ਼ੂਗਰ ਘਟਣ ਕਰਕੇ ਨਹੀਂ ਸਗੋਂ ਅੰਦਰ ਮੱਚੀ ਖਲਬਲੀ ਕਰਕੇ ਸੀ।

00000

ਖਲਬਲੀ ਸੁੱਚਾ ਸਿੰਘ ਦੇ ਅੰਦਰ ਉਦੋਂ ਵੀ ਮੱਚੀ ਸੀ, ਜਦੋਂ ਉਹ ਆਪਣੀ ਪਤਨੀ, ਮਹਿੰਦਰ ਕੌਰ ਦੀ ਮੌਤ ਤੋਂ ਸਾਲ ਕੁ ਬਾਅਦ ਇੰਡੀਆ ਗਿਆ ਸੀ। ਉਸ ਦੀ ਭੂਆ ਦਾ ਪੁੱਤ ਭਰਾ ਉਸ ਨੂੰ ਹੋਰ ਵਿਆਹ ਕਰਵਾਉਣ ਲਈ ਵਾਰ-ਵਾਰ ਆਖਣ ਲੱਗਾ ਸੀ। ਖਹਿੜੇ ਪਿਆ ਉਹ ਆਖਣ ਲੱਗਾ, "ਬਾਈ, ਜਿੰਦਰ ਕੌਰ ਤਾਂ ਜਿਉਂ ਸਾਡੇ ਘਰ ਆਈ ਐ, ਦਸਾਂ-ਗਿਆਰਾਂ ਸਾਲਾਂ ਤੋਂ ਨਰਕ ਹੀ ਭੋਗ ਰਹੀ ਐ। ਭਰਾ ਸਾਡਾ ਸਿਰੇ ਦਾ ਨਸ਼ੇੜੀ ਸੀ। ਏਹਦੀ ਮਾਰ-ਕੁੱਟ ਕਰਦਾ ਸੀ। ਘਰ ਦੇ ਭਾਂਡੇ ਤਕ ਵੇਚ ਦਿੱਤੇ ਕੰਜਰ ਨੇ। ਚਲੋ ਮਰ ਗਿਆ। ਅਸੀਂ ਤਾਂ ਮਗਰੋਂ ਲੱਥਾ ਆਖਦੇ ਆਂ। ਨਿੱਤ ਦਾ ਕਲੇਸ਼ ਸੀ। ਜਿੰਦਰ ਕੌਰ ਦੇ ਭਰਾ ਵੀ ਏਹੋ-ਜਿਹੇ ਈ ਆ। ਕੋਈ ਬਾਂਹ ਫੜਨ ਵਾਲਾ ਨੀ। ਜੁਆਕ ਦਾ ਫਿਕਰ ਐ। ਕਿਵੇਂ ਪਾਲੇਗੀ। ਤੂੰ ਅੱਗੇ ਕਿੰਨੇ ਬੰਦਿਆਂ ਨੂੰ ਲੈ ਕੇ ਗਿਆਂ ਕਨੇਡਾ। ਏਨ੍ਹਾਂ ਦਾ ਵੀ ਕਰ ਪਾਰ ਉਤਾਰਾ।" ਇਹ ਸੁਣ ਕੇ ਇਕ ਵਾਰ ਤਾਂ ਸੁੱਚਾ ਸਿੰਘ ਚੁੱਪ ਹੀ ਕਰ ਗਿਆ। ਉਸ ਨੂੰ ਪਤਾ ਹੀ ਨਾ ਲੱਗਾ ਕਿ ਕੀ ਕਹੇ। ਜਿੰਦਰ ਕੌਰ ਉਸ ਦੇ ਪੁੱਤ ਦੇ ਹਾਣ ਦੀ ਸੀ। ਉਸ ਤੋਂ ਪੱਚੀ-ਤੀਹ ਸਾਲ ਛੋਟੀ। ਆਪ ਉਸ ਨੇ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਉਹ ਕੋਈ ਹੋਰ ਵਿਆਹ ਕਰਵਾਏਗਾ। ਸੁੰਨੇ ਘਰ ਵਿਚ ਉਸ ਦਾ ਜੀਅ ਨਹੀਂ ਸੀ ਲਗਦਾ ਤੇ ਉਹ ਤੁਰਨ-ਫਿਰਨ ਇੰਡੀਆ ਆ ਗਿਆ ਸੀ। ਪਰ ਭੂਆ ਦੇ ਪੁੱਤ ਵੱਲੋਂ ਉਸ ਦੇ ਖਹਿੜੇ ਪੈਣ ਕਰਕੇ ਉਹ ਬੇਆਰਾਮ ਹੋ ਗਿਆ ਸੀ। ਉਸ ਦੀ ਦਲੀਲ ਸੁੱਚਾ ਸਿੰਘ ਦੇ ਮਨ ਵਿਚ ਅਟਕ ਗਈ । ਉਹ ਸੋਚੀਂ ਪੈ ਗਿਆ। ਪਹਿਲਾਂ ਭੂਆ ਦੇ ਪੁੱਤ ਨੇ ਉਸਦੀ ਰੋਟੀ ਪਕਦੀ ਹੋਣ ਦੀ ਗੱਲ ਕੀਤੀ ਸੀ ਪਰ ਉਹ ਦਲੀਲ ਸੁੱਚਾ ਸਿੰਘ ਨੇ ਮੁੱਢੋਂ ਹੀ ਨਕਾਰ ਦਿੱਤੀ ਸੀ।

"ਆਵਦੀ ਰੋਟੀ ਦੀ ਖਾਤਰ ਮੈਂ ਕੱਲ੍ਹ ਦੀ ਜਵਾਕੜੀ ਦੀ ਜੂਨ ਖਰਾਬ ਕਰਾਂ! ਇਹ ਨੀ ਗੱਲ ਬਣਨੀ," ਸੁੱਚਾ ਸਿੰਘ ਨੇ ਜਵਾਬ ਦਿੱਤਾ।



"ਖਰਾਬ ਨੀਂ ਹੁੰਦੀ ਜੂਨ। ਬਣਜੂ ਸਗਮਾਂ ਦੀ।"

"ਮੇਰਾ ਕੀ ਪਤਾ ਕਦੋਂ ਪਟਾਕਾ ਪੈ ਜੇ। ਓਥੋਂ ਮਦਦ ਭੇਜ ਦਿਆ ਕਰੂੰ, ਜਿੰਨੀ ਹੋ ਸਕੇ।"

"ਕਿਤੇ ਨੀ ਚੱਲਿਆ ਬਾਈ ਤੂੰ, ਘੋੜੇ ਅਰਗਾ ਪਿਐਂ। ਜਵਾਕ ਦੀ ਜਿੰਦਗੀ ਬਣਜੂ, ਏਥੇ ਤਾਂ ਨਿਆਣੇ ਨਸ਼ਿਆਂ 'ਚ ਗਰਕੀ ਜਾਂਦੇ ਆ। ਜਿਉਂ ਜਿਉਂ ਜਵਾਕ ਵੱਡੇ ਹੁੰਦੇ ਜਾਂਦੇ ਆ, ਤਿਉਂ ਤਿਉਂ ਡਰ ਵਧੀ ਜਾਂਦੈ।"

ਸੁੱਚਾ ਸਿੰਘ ਨੇ ਉਸ ਦੀ ਗੱਲ ਨੂੰ ਨਕਾਰ ਤਾਂ ਦਿੱਤਾ ਪਰ ਫਿਰ ਸੋਚਣ ਲੱਗਾ, "ਘਰ ਮੁੜ ਵਸਦਾ ਹੋਜੂ। ਤੀਵੀਂ ਬਿਨਾਂ ਕਾਹਦਾ ਘਰ! ---'ਕੱਲਾ ਕਿਵੇਂ ਕੱਢੂੰ ਸਾਰੀ ਉਮਰ! ਡਬ-ਡਬ ਵੱਜਦਾਂ ਫਿਰੂੰ। 'ਕੱਲਾ ਬੰਦਾ ਨਾ ਕਿਸੇ ਦੇ ਜਾ ਸਕੇ, ਨਾ ਕਿਸੇ ਨੂੰ ਸੱਦ ਸਕੇ। ---ਕੱਲ੍ਹ ਨੂੰ ਕੁਝ ਢਿੱਲਾ ਮੱਠਾ ਹੋ ਗਿਆ ਤਾਂ ਕੌਣ ਸੰਭਾਲੂ?" ਉਸ ਦੇ ਦਿਮਾਗ਼ ਵਿਚ ਮਹਿੰਦਰ ਕੌਰ ਦੀ ਮੌਤ ਤੋਂ ਬਾਅਦ ਵਾਲੇ ਦਿਨ ਘੁੰਮਣ ਲੱਗੇ, ਜਦੋਂ ਉਹ ਆਪਣੇ ਅੰਦਰ ਪੱਸਰੀ ਇਕੱਲ ਕਾਰਣ ਐਵੇਂ ਹੀ ਇੱਧਰ-ਉੱਧਰ ਤੁਰਿਆ ਫਿਰਦਾ ਅਤੇ ਕੁਝ ਪਕਾਉਣ ਦੀ ਘਾਲ਼ੋਂ ਕਰ ਕੇ ਅਵਲਾ-ਸਵਲਾ ਖਾ ਕੇ ਢਿੱਡ ਭਰ ਲੈਂਦਾ ਸੀ। ਉਹ ਸਮਾਂ ਯਾਦ ਆਉਂਦਿਆਂ ਹੀ ਉਸ ਦਾ ਮਨ ਕਰਨ ਲੱਗਾ ਕਿ 'ਹਾਂ' ਕਰ ਦੇਵੇ। ਪਰ ਫੇਰ ਉਸ ਨੇ ਸੋਚਿਆ, "ਹਾਲੇ ਇਹ ਭਰ ਜਵਾਨ ਐ। ਮੈਂ ਕਿਵੇਂ ਨਿਭੂੰ ਏਹਦੇ ਨਾਲ- ---ਨਿੱਤ ਤਾਂ ਪੁੱਠੀਆਂ-ਸਿੱਧੀਆਂ ਖਬਰਾਂ ਸੁਣਦੇ ਹਾਂ। ਜੇ ਇਹ ਵੀ ਕਨੇਡਾ ਪਹੁੰਚਣ ਸਾਰ ਕਿਤੇ ਹੋਰ ਉਡਾਰੀ ਮਾਰ ਗਈ, ਐਵੇਂ ਏਸ ਉਮਰੇ ਲੋਕਾਂ ਤੋਂ ਝੇਡਾਂ ਕਰਾਊਂਗਾ," ਉਹ ਉਧੇੜ-ਬੁਣ ਵਿਚ ਉਲਝ ਗਿਆ। ਉਸ ਦੀ ਇਸੇ ਹਾਲਤ ਵਿਚ ਹੀ ਜਿੰਦਰ ਕੌਰ ਆਪ ਉਸ ਕੋਲ਼ ਆ ਬੈਠੀ।

ਜਿੰਦਰ ਤਾਂ ਬਿਲਕੁਲ ਵੀ ਉਧੇੜ-ਬੁਣ 'ਚ ਨਹੀਂ ਸੀ ਪਈ। ਇਕ ਵਾਰ ਉਸ ਦੇ ਦਿਮਾਗ਼ ਵਿਚ ਸੁੱਚਾ ਸਿੰਘ ਦੇ ਵੱਡੀ ਉਮਰ ਦਾ ਹੋਣ ਬਾਰੇ ਵਿਚਾਰ ਆਇਆ ਸੀ ਪਰ ਉਹ ਬਹੁਤੀ ਦੇਰ ਨਹੀਂ ਟਿਕਿਆ। "ਜੇ ਉਮਰ ਵੱਡੀ ਆ ਤਾਂ ਫੇਰ ਕੀ ਐ, ਇਸ ਨਰਕ ਵਿਚੋਂ ਤਾਂ ਨਿਕਲੂੰ," ਝੱਟ ਇਹ ਵਿਚਾਰ ਉਸ ਦੇ ਦਿਮਾਗ ਵਿਚ ਆ ਗਿਆ। ਉਹ ਕਈ ਵਾਰ ਤਸੱਵਰ ਕਰਦੀ ਸੀ ਕਿ ਉਸ ਦਾ ਰਿਸ਼ਤਾ ਮੁੜ ਕਿਤੇ ਹੋ ਜਾਵੇ। "ਪਰ ਇਹ ਕੰਮ ਕਰੂ ਕੌਣ? ਭਰਾ ਨਾ ਹੋਇਆਂ ਵਰਗੇ। ਉਨ੍ਹਾਂ ਨੇ ਤਾਂ ਉਦੋਂ ਨੀ ਸੀ ਕਦੇ ਬਾਤ ਪੁੱਛੀ , ਜਦੋਂ ਨਸ਼ੇੜੀ ਨਿੱਤ ਕਲੇਸ਼ ਕਰਦਾ ਸੀ। ਪਹਿਲਾ ਵਿਆਹ ਕਰ ਕੇ ਹੀ ਮਸਾਂ ਮਗਰੋਂ ਲਾਹੀ ਸੀ ਉਨ੍ਹਾਂ। ਜੇ ਬਾਪੂ ਜੀ ਨਾ ਜਿਉਂਦੇ ਹੁੰਦੇ ਤਾਂ ਉਨ੍ਹਾਂ ਤੋਂ ਇਹ ਵੀ ਨਹੀਂ ਸੀ ਹੋਣਾ," ਉਸ ਦੇ ਦਿਮਾਗ਼ ਵਿਚ ਆਉਂਦੀ। ਫਿਰ ਉਹ ਸੋਚਦੀ ਕਿ ਇਹ ਤਾਂ ਉਸ ਨੂੰ ਆਪ ਹੀ ਹਿੰਮਤ ਕਰਨੀ ਪਵੇਗੀ। ਪਰ ਉਸਦਾ ਹੌਂਸਲਾ ਨਾ ਪੈਂਦਾ। "ਜੇ ਉਹ ਵੀ ਪਹਿਲੇ ਵਰਗਾ ਹੀ ਨਿਕਲ ਗਿਆ ਫੇਰ?" ਉਹ ਨਵੇਂ ਰਿਸ਼ਤੇ ਵਾਲਾ ਖਿਆਲ ਤਿਆਗ ਦਿੰਦੀ। ਫਿਰ ਸੋਚਦੀ, "ਕਾਸ਼ ਕੋਈ ਐਹੋ-ਜਿਹਾ ਸਬੱਬ ਬਣੇ ਕਿ ਮੈਂ ਮਿੰਟੂ ਨੂੰ ਲੈ ਕੇ ਸ਼ਹਿਰ ਰਹਿਣ ਲੱਗ ਪਵਾਂ, ਜਿੱਥੇ ਕਿਸੇ ਨੂੰ ਪਤਾ ਨਾ ਹੋਵੇ ਕਿ ਮੈਂ ਵਿਧਵਾ ਹਾਂ।" ਪਿੰਡ ਵਿਚ ਉਸ ਨੂੰ ਲਗਦਾ ਜਿਵੇਂ ਪਿੰਡ ਦਾ ਇਕੱਲਾ ਇਕੱਲਾ ਜੀਅ ਉਸ 'ਤੇ ਪਹਿਰੇਦਾਰ ਹੋਵੇ। ਖਾਸ ਕਰਕੇ ਆਪਣੀ ਜਠਾਣੀ ਬਾਰੇ ਉਸ ਨੂੰ ਲਗਦਾ ਕਿ ਉਸ 'ਤੇ ਚੌਵੀ ਘੰਟੇ ਦੀ ਨਿਗਰਾਨ ਹੋਵੇ। ਜਦੋਂ ਕਦੇ ਵੀ ਉਸ ਦਾ ਜੇਠ ਹਾਲ ਪੁੱਛਣ ਲਈ ਕੰਧ ਦੇ ਦੂਜੇ ਪਾਸੇ ਪੈਰ ਮਲਦਾ, ਜਠਾਣੀ ਮਗਰੇ ਭੱਜੀ ਆਉਂਦੀ ਤੇ ਖਾ-ਜਾਣੀਆਂ ਨਿਗਾਹਾਂ ਨਾਲ ਦੇਖਦੀ। ਜਿੰਦਰ ਦਾ ਜੀਅ ਕਰਦਾ ਕਿ ਉਹ ਇੱਥੋਂ ਕਿਤੇ ਦੂਰ ਚਲੀ ਜਾਵੇ। ਪਰ ਉਸ ਨੂੰ ਕੋਈ ਰਾਹ ਨਾ ਦਿਸਦਾ। "ਦੋ ਹਜ਼ਾਰ ਮਹੀਨਾ ਦੀ ਪ੍ਰਾਈਵੇਟ ਸਕੂਲ ਦੀ ਨੌਕਰੀ ਨਾਲ ਕਿਵੇਂ ਗੁਜ਼ਾਰਾ ਕਰਾਂਗੀ? ਏਥੇ ਕਮਰਾ ਤਾਂ ਹੈ ਸਿਰ ਉੱਤੇ," ਸੋਚ ਕੇ ਸ਼ਹਿਰ ਉਸ ਨੂੰ ਆਪਣੀ ਪਹੁੰਚ ਤੋਂ ਪਰੇ ਲੱਗਣ ਲੱਗਦਾ । ਪਰ ਹੁਣ ਸ਼ਹਿਰ ਤਾਂ ਇਕ ਪਾਸੇ ਕਨੇਡਾ ਦਾ ਸਬੱਬ ਬਣ ਸਕਦਾ ਸੀ, ਜਿਸ ਬਾਰੇ ਉਸ ਨੇ ਸੁਣਿਆ ਸੀ ਕਿ ਨਿਰਾ ਸਵਰਗ ਹੈ ਅਤੇ ਜਿੱਥੇ ਹਰ ਕੋਈ ਆਪਣੀ ਮਰਜ਼ੀ ਮੁਤਾਬਕ ਜਿਉਂਦਾ ਹੈ। ਜਿੰਦਰ ਨੂੰ ਲੱਗਾ ਜਿਵੇਂ ਉਹ ਸੁਪਨਾ ਪੂਰਾ ਹੋਣ ਵਾਲਾ ਹੋਵੇ, ਜਿਸ ਦਾ ਉਹ ਤਸੱਵਰ

ਕਰਦੀ ਰਹੀ ਸੀ। ਜਦੋਂ ਉਸ ਦੇ ਜੇਠ ਨੇ ਕਿਹਾ, "ਲਗਦੈ ਮੰਨ ਤਾਂ ਜਾਊ। ਪਰ ਉਮਰ ਛੋਟੀ ਹੋਣ ਕਰਕੇ ਨਾਂਹ-ਨੁੱਕਰ ਜਿਹੀ ਕਰਦਾ। ਆਪ ਆਖ ਕੇ ਦੇਖ ਲਓ।"

" ਮੈਂ ਆਪ ਕਿਵੇਂ ਕਹਾਂ ਜਾ ਕੇ , ਬੇਸ਼ਰਮ ਲੱਗਾਂਗੀ," ਜਿੰਦਰ ਨੇ ਸੋਚਿਆ ਪਰ ਆਪਣੇ ਜੇਠ ਨੂੰ ਕੁਝ ਨਾ ਕਿਹਾ। ਚੁੱਪ ਕਰ ਗਈ। ਫਿਰ ਕੁਝ ਦੇਰ ਬਾਅਦ ਸੁੱਚਾ ਸਿੰਘ ਦੇ ਕੋਲ ਜਾ ਬੈਠੀ। ਕੁਝ ਦੇਰ ਦੀ ਚੁੱਪ ਤੋਂ ਬਾਅਦ ਉਹ ਬੋਲੀ, "ਜੇ ਥੋਨੂੰ ਸਾਰਾ ਕੁਛ ਠੀਕ ਲਗਦੈ ਤਾਂ---," ਤੇ ਉਸ ਦੇ ਫਰਕਦੇ ਬੋਲ ਰੋਣ ਵਿਚ ਵਟ ਗਏ। ਫਿਰ ਉਹ ਆਪਣੇ ਆਪ ਨੂੰ ਸੰਭਾਲਦੀ ਹੋਈ ਬੋਲੀ, "ਮੈਨੂੰ ਤਾਂ ਮਿੰਟੂ ਦਾ ਫਿਕਰ ਲੱਗਾ ਰਹਿੰਦਾ। ਫੜੋ ਬਾਂਹ---ਥੋਨੂੰ ਕੋਈ ਸ਼ਕਾਇਤ ਨੀ---," ਉਸ ਦੀ ਫਿਰ ਭੁੱਬ ਨਿਕਲ ਗਈ।

00000

ਸੁੱਚਾ ਸਿੰਘ ਦੇ ਚੇਤਿਆ ਵਿਚ ਜਿੰਦਰ ਦਾ ਉਹ ਰੋਣ, ਤੇ ਹਉਕੇ ਲੈ-ਲੈ ਕੇ ਕਹੀ 'ਬਾਂਹ ਫੜਨ' ਵਾਲੀ ਗੱਲ ਛਿੱਲਤਰ ਵਾਂਗ ਕਿਤੇ ਡੂੰਘੀ ਖੁਭੀ ਰਹਿ ਗਈ ਸੀ। ਜਦੋਂ ਕਦੇ ਰੜਕ ਪੈਂਦੀ, ਉਸ ਦਾ ਮਨ ਤਰਲ ਹੋ ਜਾਂਦਾ। ਉਹ ਜਿੰਦਰ ਨੂੰ ਇਹ ਕਹਿਣਾ ਨਾ ਭੁੱਲਦਾ, "ਮੇਰੇ ਹੁੰਦਿਆਂ ਕਿਸੇ ਗੱਲ ਦੀ ਪਰਵਾਹ ਨਾ ਕਰਿਓ। ਚਿੱਤ 'ਚ ਕੋਈ ਰੀਝ ਨਾ ਰੱਖਿਓ।" ਜਿੰਦਰ ਦੀ ਗਹਿਣਿਆਂ ਵਾਲੀ ਕੋਈ ਵੀ ਰੀਝ ਅਧੂਰੀ ਨਹੀਂ ਸੀ ਰਹੀ। ਉਸ ਨੇ ਦੋਹਾਂ ਹੱਥਾਂ ਦੀਆਂ ਚਾਰੇ ਚਾਰੇ ਉਂਗਲਾਂ ਭਰ ਲਈਆਂ ਸਨ ਤੇ ਕੰਨਾਂ ਵਿਚ ਵੀ ਦੋਹੀਂ ਪਾਸੀਂ ਦੋ ਦੋ ਹੋਰ ਮੋਰੀਆਂ ਕਰਵਾ ਲਈਆਂ ਸਨ। ਕਿੰਨੇ ਕਿੰਨੇ ਦਿਨ ਉਹ ਨਵੇਂ ਲਏ ਗਹਿਣੇ ਵਿਚ ਪਰਚੀ ਰਹਿੰਦੀ। ਸੁੱਚਾ ਸਿੰਘ ਵਾਹ ਲਗਦੀ ਨਵਾਂ ਗਹਿਣਾ ਪਾ ਕੇ ਤਿਆਰ ਹੋਈ ਜਿੰਦਰ ਵੱਲ ਤੱਕਦਾ ਹੀ ਨਾ। ਸਜੀ-ਫਬੀ ਜਿੰਦਰ ਉਸ ਨੂੰ ਹੋਰ ਵੀ ਛੋਟੀ ਉਮਰ ਦੀ ਲਗਦੀ। ਉਹ ਸੋਚਦਾ ਕਿ ਕੀ ਮੇਲ ਸੀ ਉਸ ਦਾ ਜਿੰਦਰ ਕੌਰ ਨਾਲ। ਜੇ ਵਿਚਾਲੇ ਕਨੇਡਾ ਆਉਣ ਦਾ ਲਾਲਚ ਨਾ ਹੁੰਦਾ ਤਾਂ ਕੀ ਫੇਰ ਵੀ ਉਹ ਉਸ ਨੂੰ ਬਾਂਹ ਫੜਨ ਲਈ ਆਖਦੀ। ਅਜਿਹੀਆਂ ਸੋਚਾਂ ਨਾਲ ਸੁੱਚਾ ਸਿੰਘ ਨੂੰ ਲਗਦਾ ਕਿ ਉਸ ਤੋਂ ਅਣਜਾਣੇ ਹੀ ਗ਼ਲਤੀ ਹੋ ਗਈ ਸੀ। ਉਹ ਆਪਣੇ-ਆਪ ਨੂੰ ਸੁਰਖ਼ਰੂ ਮਹਿਸੂਸ ਕਰਨ ਲਈ ਮਿੰਟੂ ਜਾਂ ਜਿੰਦਰ ਲਈ ਕੋਈ ਨਾ ਕੋਈ ਚੀਜ਼ ਖਰੀਦ ਦਿੰਦਾ। ਪਰ ਇਹ ਭਾਰ-ਮੁਕਤ ਹੋਣ ਦਾ ਅਹਿਸਾਸ ਬਹੁਤ ਥੋੜ-ਚਿਰਾ ਹੁੰਦਾ। ਹਾਂ, ਜਿੰਦਰ ਕੌਰ ਨੂੰ ਦੋ ਸਾਲ ਦਾ ਪ੍ਰੈਕਟੀਕਲ ਨਰਸਿੰਗ ਦਾ ਕੋਰਸ ਕਰਵਾਉਣ ਵੇਲੇ ਉਹ ਆਪਣੇ-ਆਪ ਨੂੰ ਬਹੁਤ ਦੇਰ ਗੁਨਾਹ-ਭਾਵ ਤੋਂ ਮੁਕਤ ਮਹਿਸੂਸ ਕਰਦਾ ਰਿਹਾ ਸੀ, ਸਗੋਂ ਉਸ ਨੂੰ ਲਗਦਾ ਸੀ ਕਿ ਉਹ ਕੁਝ ਚੰਗਾ ਕਰ ਰਿਹਾ ਸੀ। ਉਸ ਨੇ ਪ੍ਰਾਈਵੇਟ ਕਾਲਜ ਵਿਚ ਪੱਚੀ ਹਜ਼ਾਰ ਡਲਰ ਫੀਸ ਭਰਨ ਲੱਗੇ ਨੇ ਇਕ ਵਾਰ ਵੀ ਦੁਬਾਰਾ ਨਹੀਂ ਸੀ ਸੋਚਿਆ। ਜਿੰਦਰ ਨੇ ਕਿਹਾ ਵੀ ਸੀ, "ਐਨੀ ਫੀਸ? ਮੈਂ ਰਹਿਣ ਦਿੰਨੀ ਆਂ, ਫੇਰ ਜਦੋਂ ਸਰਕਾਰੀ ਕਾਲਜ ਵਿਚ ਦਾਖਲਾ ਮਿਲ ਗਿਆ, ਉਦੋਂ ਕਰ ਲਵਾਂਗੀ।" ਸੁੱਚਾ ਸਿੰਘ ਨੇ ਝੱਟ ਕਿਹਾ ਸੀ, "ਰਹਿਣ ਕਿਉਂ ਦਿੰਨੀ ਐਂ। ਉੱਥੇ ਪਤਾ ਨੀ ਕਦੋਂ ਮਿਲੇ। ਮਿਲੇਗੀ ਵੀ ਕਿ ਨਹੀਂ, ਇਹ ਵੀ ਪੱਕਾ ਨਹੀਂ ਪਤਾ। ਤੂੰ ਕੋਰਸ ਕਰਨ ਵਾਲੀ ਬਣ, ਫੀਸ ਦਾ ਕੋਈ ਨੀ।" ਜਿੰਦਰ ਦਾ ਚਿਹਰਾ ਟਹਿਕ ਪਿਆ ਸੀ। ਸੁੱਚਾ ਸਿੰਘ ਚਾਹੁੰਦਾ ਸੀ ਕਿ ਜਿੰਦਰ ਦੇ ਚਿਹਰੇ 'ਤੇ ਉਹੀ ਟਹਿਕ ਵਾਪਸ ਆ ਜਾਵੇ। ਸੁੱਚਾ ਸਿੰਘ ਨੂੰ ਪਿਛਲੇ ਛੇ ਕੁ ਮਹੀਨਿਆਂ ਤੋਂ ਜਿੰਦਰ ਦਾ ਚਿਹਰਾ ਉਤਰਿਆ ਹੋਇਆ ਲੱਗਣ ਲੱਗਾ ਸੀ। ਉਸ ਨੂੰ ਦੇਖ ਕੇ ਸੁੱਚਾ ਸਿੰਘ ਉਪਰ 'ਅਣਜਾਣੇ ਵਿਚ ਕੀਤੀ ਭੁੱਲ' ਵਾਲਾ ਅਹਿਸਾਸ ਹਾਵੀ ਹੋਣ ਲੱਗਦਾ। ਭਾਰ-ਮੁਕਤ ਹੋਣ ਲਈ ਉਹ ਜਿੰਦਰ ਨੂੰ ਕੋਈ ਚੀਜ਼ ਖਰੀਦ ਕੇ ਦੇਣ ਵਾਸਤੇ ਜਾਂ ਕਿਸੇ ਰੈਸਟੋਰੈਂਟ ਵਿਚ ਖਾਣਾ ਖਿਲਾਉਣ ਲਈ ਬਾਹਰ ਲਿਜਾਣ ਬਾਰੇ ਆਖਦਾ, ਜਿੰਦਰ ਦਾ ਆਮ ਤੌਰ 'ਤੇ ਜਵਾਬ ਹੁੰਦਾ, "ਮਿੰਟੂ ਨੂੰ ਲੈ ਜੋ, ਮੈਨੂੰ ਤਾਂ ਮਾਈਗਰੇਨ ਹੋਈ ਹੈ।"

ਉਹ ਸੁੱਚਾ ਸਿੰਘ ਨਾਲ ਬਾਹਰ ਜਾਣ ਤੋਂ ਟਲਣ ਲੱਗੀ ਸੀ। ਇਸ ਗੱਲ ਦਾ ਅਹਿਸਾਸ ਸੁੱਚਾ



ਸਿੰਘ ਨੂੰ ਵੀ ਸੀ ਪਰ ਉਸ ਨੂੰ ਕੋਈ ਰਾਹ ਨਹੀਂ ਸੀ ਦਿਸਦਾ।

00000

ਜਿੰਦਰ ਨੂੰ ਫਿਰ ਮਾਈਗਰੇਨ ਹੋਈ ਸੀ। ਸਿਰ ਪਾਟਣ-ਪਾਟਣ ਕਰ ਰਿਹਾ ਸੀ। ਮਿੰਟੂ ਨੂੰ ਸਕੂਲ ਅਤੇ ਸੁੱਚਾ ਸਿੰਘ ਨੂੰ ਕੰਮ 'ਤੇ ਤੋਰ ਕੇ ਉਸ ਨੇ ਆਪਣੇ ਸਿਰ ਨੂੰ ਚੁੰਨੀ ਨਾਲ ਬੰਨ੍ਹਿਆ ਅਤੇ ਐਡਵਿਲ ਦੀ ਗੋਲੀ ਲੈ ਕੇ ਮੁੜ ਬਿਸਤਰੇ ਵਿਚ ਪੈ ਗਈ। ਪਿਛਲੀ ਰਾਤ ਸੁੱਚਾ ਸਿੰਘ ਤੇ ਮਿੰਟੂ ਸੰਨਡੈੱਕ 'ਤੇ ਬਾਰਬੀਕੀਊ ਕਰ ਰਹੇ ਸਨ। ਜਿੰਦਰ ਪਲ ਕੁ ਲਈ ਬਾਹਰ ਆਈ ਅਤੇ ਬੋਲੀ, "ਤੁਹਾਨੂੰ ਇੱਥੇ ਕਿਸੇ ਚੀਜ਼ ਦੀ ਜਰੂਰਤ ਤਾਂ ਨਹੀਂ?"

"ਤੂੰ ਆਪ ਹੀ ਆ ਜਾ ਬਸ, ਚਿਕਨ ਤਿਆਰ ਹੋਣ ਵਾਲਾ ਹੀ ਹੈ," ਸੁੱਚਾ ਸਿੰਘ ਬੋਲਿਆ।

"ਮੇਰੇ ਕੋਲ਼ੋਂ ਤਾਂ ਨੀ ਖੜ੍ਹ ਹੁੰਦਾ। ਪੇਟ 'ਚ ਚੀਸ ਜੀ ਉਠਦੀ ਐ," ਜਿੰਦਰ ਨੇ ਆਪਣੇ ਪੇਟ ਦੇ ਥੱਲੇ ਵਾਲੇ ਹਿੱਸੇ ਦੇ ਇਕ ਪਾਸੇ ਹੱਥ ਰੱਖ ਕੇ ਕਿਹਾ। ਸੁੱਚਾ ਸਿੰਘ ਨੇ ਉਸ ਵੱਲ ਦੇਖਿਆ। "ਮਹਿੰਦਰ ਕੌਰ ਵੀ ਕਦੇ-ਕਦੇ ਇੱਥੇ ਜਿਹੇ ਹੀ ਹੱਥ ਰੱਖ ਕੇ ਮੱਠੀ-ਮੱਠੀ ਚੀਸ ਪੈਣ ਦੀ ਗੱਲ ਕਰਦੀ ਹੁੰਦੀ ਸੀ," ਸੁੱਚਾ ਸਿੰਘ ਦੇ ਦਿਮਾਗ਼ ਵਿਚ ਆਇਆ। ਜਿੰਦਰ ਅੰਦਰ ਮੁੜ ਕੇ ਟੀ ਵੀ ਮੂਹਰੇ ਬੈਠ ਗਈ। ਚਿਕਨ ਦੇ ਬਣ ਗਏ ਟੁਕੜਿਆਂ ਨੂੰ ਮੱਠੀ ਅੱਗ ਵੱਲ ਕਰਕੇ ਅੱਧ ਕੱਚੇ ਟੁਕੜਿਆਂ ਨੂੰ ਜ਼ਿਆਦਾ ਸੇਕ 'ਤੇ ਕਰਦਾ ਸੁੱਚਾ ਸਿੰਘ ਮੁਸਕਰਾ ਪਿਆ। ਉਸ ਨੂੰ ਯਾਦ ਆ ਗਿਆ ਕਿ ਅਜਿਹੇ ਦਰਦ ਵੇਲੇ ਮਹਿੰਦਰ ਕੌਰ ਉਸਦੇ ਨਾਲ ਲੱਗ ਲੱਗ ਕੇ ਬਹਿੰਦੀ ਹੁੰਦੀ ਸੀ। ਮੀਟ ਨੂੰ ਹੌਲ਼ੀ-ਹੌਲ਼ੀ ਪਕਦਾ ਰਹਿਣ ਲਈ ਬਾਰਬੀਕਿਊ ਦਾ ਢੱਕਣ ਬੰਦ ਕਰਕੇ ਉਹ ਅੰਦਰ ਗਿਆ ਅਤੇ ਵੋਦਕਾ ਦਾ ਗਿਲਾਸ ਭਰ ਲਿਆਇਆ। ਉਹ ਆਮ ਸ਼ਰਾਬ ਪੀਣ ਦਾ ਆਦੀ ਨਹੀਂ ਸੀ ਪਰ ਕਦੇ ਕਦਾਈਂ ਵੋਦਕਾ ਪੀ ਲੈਂਦਾ। ਉਸਦਾ ਯਕੀਨ ਬਣਿਆ ਹੋਇਆ ਸੀ ਕਿ ਵੋਦਕਾ ਉਸ ਅੰਦਰ ਸ਼ੂਗਰ ਨਹੀਂ ਵਧਾਉਂਦੀ। ਉਹ ਬਾਰਬੀਕਿਊ ਕਰਦਾ ਘੁੱਟ-ਘੁੱਟ ਕਰਕੇ ਪੀਂਦਾ ਰਿਹਾ।

ਰਾਤ ਨੂੰ ਜਦੋਂ ਜਿੰਦਰ ਮਾਸਟਰ ਬੈੱਡਰੂਮ ਦੇ ਵਾਸ਼ਰੂਮ ਵਿਚ ਕਪੜੇ ਬਦਲਣ ਆਈ, ਸੁੱਚਾ ਸਿੰਘ ਹਾਲੇ ਜਾਗਦਾ ਸੀ। ਆਮ ਤੌਰ 'ਤੇ ਜਿੰਦਰ ਦੇ ਟੀ ਵੀ ਮੂਹਰੋਂ ਉੱਠ ਕੇ ਆਉਣ ਤਕ ਸੁੱਚਾ ਸਿੰਘ ਘੂਕ ਸੌਂ ਰਿਹਾ ਹੁੰਦਾ ਤੇ ਜਿੰਦਰ ਰਾਤ ਵਾਲੇ ਢਿੱਲੇ ਕੱਪੜੇ ਬਦਲ ਕੇ ਨਾਲ ਵਾਲੇ ਬੈੱਡਰੂਮ ਵਿਚ ਜਾ ਪੈਂਦੀ। ਮਾਸਟਰ ਬੈੱਡਰੂਮ ਵਾਲੇ ਬੈੱਡ 'ਤੇ ਉਸ ਨੂੰ ਨੀਂਦ ਨਹੀਂ ਸੀ ਆਉਂਦੀ। ਉਹ ਉੱਸਲਵੱਟੇ ਲੈਂਦੀ ਰਹਿੰਦੀ ਸੀ। ਉਸ ਨੂੰ ਲਗਦਾ ਜਿਵੇਂ ਇਸ ਬੈੱਡ 'ਤੇ ਸੂਲਾਂ ਉੱਗੀਆਂ ਹੋਣ। ਇਕ ਦਿਨ, "ਤੁਹਾਡੇ ਘੁਰਾੜੇ ਨੀ ਏਥੇ ਸੌਣ ਦਿੰਦੇ," ਆਖ ਕੇ ਉਸ ਨੇ ਨਾਲ ਵਾਲੇ ਕਮਰੇ ਵਿਚ ਪੈਣਾ ਸ਼ੁਰੂ ਕਰ ਦਿੱਤਾ ਸੀ। ਤੇ ਰਾਤੀਂ ਜਦ ਉਹ ਕਪੜੇ ਬਦਲ ਕੇ ਵਾਸ਼ਰੂਮ ਵਿਚੋਂ ਨਿਕਲੀ, ਸੁੱਚਾ ਸਿੰਘ ਨੇ ਬਾਹਾਂ ਫੈਲਾ ਦਿੱਤੀਆਂ। ਜਿੰਦਰ ਉਸ ਵੱਲ ਆ ਗਈ। ਇਹ ਪੇਟ ਅੰਦਰ ਉੱਠ ਰਹੀ ਮੱਠੀ ਮੱਠੀ ਚੀਸ ਕਰਕੇ ਸੀ ਜਾਂ ਸੁੱਚਾ ਸਿੰਘ ਦੀ ਤੱਕਣੀ ਵਿਚ ਕੋਈ ਜਾਦੂ ਸੀ, ਇਸਦਾ ਜਿੰਦਰ ਨੂੰ ਕੋਈ ਪਤਾ ਨਾ ਲੱਗਾ। ਪਲ ਦੀ ਪਲ ਕੋਈ ਵੀ ਸੂਲ ਉਸ ਦੇ ਦਿਮਾਗ਼ ਵਿਚ ਨਾ ਰੜਕੀ ਤੇ ਉਹ ਸੁੱਚਾ ਸਿੰਘ ਦੀਆਂ ਬਾਹਾਂ ਵਿਚ ਸਮਾਅ ਗਈ। ਬਾਹਾਂ ਵਿਚ ਘੁੱਟ ਕੇ ਸੁੱਚਾ ਸਿੰਘ ਨੇ ਜਿਉਂ ਹੀ ਆਪਣਾ ਚਿਹਰਾ ਉਸ ਦੇ ਨੇੜੇ ਕੀਤਾ, ਉਸਦੀ ਉਪਰਲੀ ਦੰਦ ਬੀੜ ਢਿਲਕ ਕੇ ਬਾਹਰ ਡਿੱਗਣ ਹੀ ਲੱਗੀ ਸੀ ਕਿ ਸੁੱਚਾ ਸਿੰਘ ਉਸ ਨੂੰ ਬੋਚਣ ਵਿਚ ਲੱਗ ਗਿਆ ਅਤੇ ਜਿੰਦਰ ਸੁੱਚਾ ਸਿੰਘ ਦੀਆਂ ਬਾਹਾਂ ਵਿਚੋਂ ਨਿਕਲ ਕੇ ਆਪਣੇ ਕਮਰੇ ਵਿਚ ਜਾ ਪਈ। ਕਚਿਆਣ ਉਸ ਦੇ ਅੰਦਰ ਭਰ ਗਈ। ਫਿਰ ਅੱਖਾਂ ਰਾਹੀਂ ਵਹਿਣ ਲੱਗੀ। ਪੇਟ ਵਿਚਲਾ ਦਰਦ ਸਿਰ ਵਿਚੋਂ ਚੀਸ ਬਣਕੇ ਨਿਕਲਣ ਲੱਗਾ। ਸਵੇਰੇ ਉੱਠਣ ਵੇਲੇ ਉਸ ਦਾ ਸਿਰ ਪਾਟਣ ਪਾਟਣ ਕਰਨ ਲੱਗਾ।

ਸੁੱਚਾ ਸਿੰਘ ਦਾ ਸਿਰ ਤਾਂ ਪਾਟਣ-ਪਾਟਣ ਨਾ ਕਰਨ ਲੱਗਾ ਪਰ ਉੱਸਲਵੱਟੇ ਉਹ ਵੀ ਸਾਰੀ ਰਾਤ ਹੀ ਲੈਂਦਾ ਰਿਹਾ। ਜਿੰਦਰ ਦੇ ਦੁਆਲ਼ਿਉਂ ਉਸਦੀਆਂ ਬਾਹਾਂ ਆਪ ਹੀ ਢਿੱਲੀਆਂ ਹੋ ਗਈਆਂ

ਸਨ। ਉਹ 'ਕੱਚਾ ਜਿਹਾ' ਹੋ ਗਿਆ ਮਹਿਸੂਸ ਕਰਨ ਲੱਗਾ। ਨਿੰਮੋਝੂਣਾ ਹੋਇਆ ਉਹ ਕੁਝ ਦੇਰ ਉਸੇ ਤਰ੍ਹਾਂ ਹੀ ਲੱਤਾਂ ਲਮਕਾਈ ਬੈੱਡ ਦੇ ਸਿਰੇ 'ਤੇ ਬੈਠਾ ਰਿਹਾ। ਫੇਰ ਲੇਟ ਗਿਆ। ਨਮੋਸ਼ੀ ਉਸ'ਤੇ ਸਵਾਰ ਹੋ ਗਈ। ਬਿਸਤਰੇ ਵਿਚ ਉੱਸਲਵੱਟੇ ਲੈਂਦਾ ਰਿਹਾ। "ਵਧੀਕੀ ਕਰ ਰਿਹਾਂ ਮੈਂ---ਇਹ ਭਰ ਜਵਾਨ ਤੇ ਮੈਂ ਸਾਰੀ ਹੰਢਾਈ ਬੈਠਾਂ--- ਕੀ ਕਰਾਂ ਫਿਰ ਹੁਣ---ਕਿੱਥੇ ਬੈਠੇ ਬਿਠਾਏ ਵਾਧੂ ਦਾ ਪੰਗਾ ਲੈ ਲਿਆ---।" ਇਸ ਤਰ੍ਹਾਂ ਦੀਆਂ ਸੋਚਾਂ ਉਸ ਦੇ ਦਿਮਾਗ਼ ਵਿਚ ਚੱਕਰ ਕੱਟਣ ਲੱਗੀਆਂ। ਉਸ ਨੂੰ ਕੋਈ ਰਾਹ ਨਾ ਦਿੱਸਦਾ। ਅੱਧ ਸੁੱਤੇ ਜਿਹੇ ਉਸ ਨੂੰ ਇਕ ਉਡਦਾ ਜਿਹਾ ਖਿਆਲ ਇਹ ਵੀ ਆਇਆ ਕਿ ਜਿੰਦਰ ਕਿਤੇ ਚਲੀ ਹੀ ਜਾਵੇ ।

00000

ਜਿੰਦਰ ਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਕਨੇਡਾ ਵਿਚ ਉਸ ਦੇ ਚਾਰ ਸਾਲ ਲੰਘ ਗਏ ਸਨ। ਪਹਿਲਾਂ ਕਦੇ ਕਾਰ ਸਿੱਖਣ ਦਾ ਚਾਅ। ਕਦੇ ਅੰਗਰੇਜ਼ੀ ਪੜ੍ਹਨ ਦੀ ਕਲਾਸ, ਕਦੇ ਮਿੰਟੂ ਤੇ ਸੁੱਚਾ ਸਿੰਘ ਨਾਲ ਸਟੋਰਾਂ ਵਿਚ ਘੁੰਮਣਾ। ਉਸ ਤੋਂ ਬਾਅਦ ਦੋ ਸਾਲ ਕੋਰਸ ਕਰਨ ਵਿਚ ਲੰਘ ਗਏ। ਤੇ ਫੇਰ ਉਸ ਨੂੰ ਲੱਗਣ ਲੱਗਾ ਸਮਾਂ ਜਿਵੇਂ ਰੁਕ ਗਿਆ ਹੋਵੇ।

ਨਰਸਿੰਗ ਹੋਮ, ਜਿੱਥੇ ਉਹ ਕੰਮ ਕਰਦੀ ਸੀ, ਦੀ ਹੇਠਲੀ ਯੂਨਿਟ ਵਾਲੇ ਮਰਦ ਨਰਸ, ਦੀਪ ਨੂੰ ਦੇਖ ਕੇ ਜਿੰਦਰ ਦੇ ਅੰਦਰ ਬਾਘੀਆਂ ਪੈਣ ਲਗਦੀਆਂ। ਉਸ ਦੀ ਹਾਜ਼ਰੀ ਵਿਚ ਜਿੰਦਰ ਨੂੰ ਲੱਗਦਾ ਜਿਵੇਂ ਹਵਾ ਵਿਚ ਮਹਿਕ ਘੁਲ ਗਈ ਹੋਵੇ। ਰਾਹ-ਖਹਿੜੇ ਉਹ ਜਿੰਦਰ ਨੂੰ 'ਹਾਏ' ਆਖਦਾ। ਉਸ ਦੀ ਮੁਸਕਰਾਹਟ ਜਿੰਦਰ ਦੇ ਦਿਮਾਗ਼ ਵਿਚ ਕਿਤੇ ਅਟਕ ਗਈ ਸੀ। ਉਹ ਉਸ ਦੇ ਆਉਣ ਦਾ ਰਾਹ ਉਡੀਕਦੀ। ਉਸ ਨੂੰ ਲੱਗਣ ਲੱਗਾ ਜਿਵੇਂ ਉਹ ਮੁੜ ਉਸ ਉਮਰ ਵਿਚ ਪਹੁੰਚ ਗਈ ਹੋਵੇ ਜਦੋਂ ਵੀਹੀ ਵਿਚੋਂ ਲੰਘਦੇ ਦੀ ਇਕ ਝਲਕ ਦੇਖਣ ਲਈ ਦਰਵਾਜ਼ੇ ਦੀਆਂ ਝੀਥਾਂ ਰਾਹੀਂ ਵਾਰ ਵਾਰ ਬਾਹਰ ਵੱਲ ਧਿਆਨ ਜਾਂਦਾ ਹੈ। ਜਿੰਦਰ ਨੂੰ ਲਗਦਾ ਜਿਵੇਂ ਉਹ ਨਸ਼ਿਆ ਗਈ ਹੋਵੇ। ਉਸ ਅੰਦਰ ਘੰਟੀਆਂ ਖੜਕਣ ਲਗਦੀਆਂ। ਉਹ ਸੁੱਧ-ਬੁੱਧ ਖੋ ਬਹਿੰਦੀ। ਬਾਅਦ ਵਿਚ ਉਸੇ ਮੁਸਕਰਾਹਟ ਨੂੰ ਮੁੜ-ਮੁੜ ਦੇਖਣ ਲਈ ਅੱਖਾਂ ਮੀਚਦੀ । ਉਸ ਨੂੰ ਲਗਦਾ ਜਿਵੇਂ ਉਹ ਹਵਾ ਵਿਚ ਉੱਡ ਰਹੀ ਹੋਵੇ। ਪਰ ਉਸ ਅੰਦਰ ਚੱਲ ਰਹੀ ਇਸ ਇਕ ਪਾਸੜ ਖੇਡ ਦੀ ਹਵਾ ਕੁਝ ਦਿਨਾਂ ਵਿਚ ਹੀ ਨਿਕਲ ਗਈ। ਉਹ 'ਲੰਚ ਬਰੇਕ' ਵੇਲੇ ਆਪਣੇ ਇਨ੍ਹਾਂ ਸੁਪਨਿਆਂ ਵਿਚ ਗਵਾਚੀ ਹੋਈ ਸੀ, ਜਦੋਂ ਉਸ ਨੂੰ ਨਾਲ ਦੇ ਮੇਜ਼ ਦੁਆਲੇ ਬੈਠੀਆਂ ਆਪਣੀਆਂ ਸਹਿ ਕਰਮੀਆਂ ਵਿਚੋਂ ਇਕ ਦੀ ਅਵਾਜ਼ ਸੁਣੀ। ਉਹ ਆਖ ਰਹੀ ਸੀ,"ਜਿਸ ਨੂੰ ਤੁਸੀਂ ਪਿਆਰ ਹੀ ਨਹੀਂ ਕਰਦੇ, ਉਸ ਨਾਲ ਤੁਸੀਂ ਰਹਿ ਵੀ ਕਿਵੇਂ ਸਕਦੇ ਹੋ? ਜਦੋਂ ਰਿਸ਼ਤੇ ਵਿਚ ਪਿਆਰ ਨਾ ਰਹੇ, ਰਿਸ਼ਤੇ ਵਿਚੋਂ ਬਾਹਰ ਆ ਜਾਵੋ, ਪਰ ਲੁਕ-ਛਿਪ ਕੇ ਸਾਥੀ ਨਾਲ ਧੋਖਾ ਨਾ ਕਰੋ। ਇਹ ਬਹੁਤ ਦੁਖਦਾਈ ਹੁੰਦਾ।" ਇਹ ਸੁਣ ਕੇ ਜਿੰਦਰ ਨੂੰ ਲੱਗਾ ਜਿਵੇਂ ਉਹ ਉਸੇ ਨੂੰ ਹੀ ਲਾਹਣਤ ਪਾ ਰਹੀਆਂ ਹੋਣ। ਧਰਤੀ ਜਿਵੇਂ ਉਸ ਨੂੰ ਥਾਂ ਨਾ ਦੇ ਰਹੀ ਹੋਵੇ। ਉਸ ਨੂੰ ਆਪਣਾ ਸਾਰਾ ਸਰੀਰ ਝੂਠਾ ਪੈ ਗਿਆ ਲੱਗਣ ਲੱਗਾ। ਕੁਝ ਦੇਰ ਤਾਂ ਉਹ ਗੁੰਮ-ਸੁੰਮ ਹੀ ਹੋਈ ਰਹੀ। ਸ਼ਾਮ ਤਕ ਉਸ ਦਾ ਸਿਰ ਦਰਦ ਕਰਨ ਲੱਗਾ ਸੀ।

00000

ਜਿੰਦਰ ਅੱਧੀ ਰਾਤੋਂ ਸੁਪਨੇ ਵਿਚ ਡਰ ਕੇ ਉੱਠ ਖਲੋਤੀ । ਸੁਪਨੇ ਵਿਚ ਉਸ ਨੇ ਦੇਖਿਆ ਕਿ ਉਹ ਆਪਣੇ ਇਕ ਜਮਾਤੀ ਦੀ ਬਾਂਹ ਵਿਚ ਬਾਂਹ ਪਾ ਕੇ ਤੁਰ ਰਹੀ ਹੈ। ਫਿਰ ਉਸ ਨੂੰ ਦਿਸਿਆ ਕਿ ਉਹ ਇਕ ਥਾਂ ਖੜ੍ਹੇ ਹਨ। ਉਹ ਦੀਪ ਦੀਆਂ ਬਾਹਾਂ ਵਿਚ ਹੈ ਅਤੇ ਅੱਡੀਆਂ ਚੁੱਕ ਕੇ ਉਸ ਦੇ ਬੁੱਲ੍ਹਾਂ ਤਕ ਪਹੁੰਚਣ ਦੀ ਕੋਸ਼ਿਸ਼ ਕਰ ਰਹੀ ਹੈ। ਫਿਰ ਉਹ ਚਿਹਰਾ ਸੁੱਚਾ ਸਿੰਘ ਵਿਚ ਵਟ ਜਾਂਦਾ ਹੈ ਤੇ ਫਿਰ ਉਸ ਦੇ ਬਾਪੂ ਜੀ ਦੇ ਚਿਹਰੇ ਵਿਚ। ਉਸ ਨੂੰ ਆਪਣਾ ਆਪ ਨਪੀੜਿਆ ਜਾ ਰਿਹਾ ਮਹਿਸੂਸ ਹੁੰਦਾ ਹੈ। ਸਾਹ ਘੁੱਟਦਾ ਮਹਿਸੂਸ ਹੁੰਦਾ ਹੈ। ਦਬਾਅ ਹੋਰ ਵਧਦਾ ਜਾਂਦਾ ਹੈ। ਉਹ ਬਾਹਾਂ ਵਿਚੋਂ



ਨਿਕਲਣ ਲਈ ਤੜਫਦੀ ਹੈ। ਚੀਕ ਮਾਰਨ ਦੀ ਕੋਸ਼ਿਸ਼ ਕਰਦੀ ਹੈ ਪਰ ਚੀਕ ਨਿਕਲਦੀ ਨਹੀਂ। ਤੇ ਇਸੇ ਤੜਫਣ ਵਿਚ ਉਹ ਜਾਗ ਜਾਂਦੀ ਹੈ। ਉਹ ਪਿੱਠ ਭਾਰ ਲੇਟੀ ਹੋਈ ਸੀ ਅਤੇ ਮੁੜ੍ਹਕੋ-ਮੁੜ੍ਹਕੀ ਹੋਈ ਪਈ ਸੀ। ਉਸ ਦਾ ਹੱਥ ਛਾਤੀ ਉੱਤੇ ਸੀ। ਉਸ ਨੇ ਅੱਖਾਂ ਚੌਪਟ ਖੋਲ੍ਹ ਕੇ ਹਨੇਰੇ ਵਿਚ ਦੇਖਿਆ। ਫਿਰ ਉੱਠ ਕੇ ਬੈਠ ਗਈ ਅਤੇ ਲੰਬੇ ਲੰਬੇ ਸਾਹ ਲੈਣ ਲੱਗੀ। ਕੁਝ ਦੇਰ ਉਵੇਂ ਹੀ ਬੈਠੀ ਰਹੀ। ਫਿਰ ਲੇਟ ਗਈ। ਅੱਖਾਂ ਮੀਚ ਲਈਆਂ। ਕੁਝ ਦੇਰ ਇਸੇ ਤਰ੍ਹਾਂ ਪਈ ਰਹੀ। ਫਿਰ ਉਸ ਨੂੰ ਦਿਸਿਆ ਜਿਵੇਂ ਉਹ ਮਹਾਰਾਜ ਦੀ ਹਜ਼ੂਰੀ ਵਿਚ ਬੈਠੀ ਹੋਵੇ। ਲਾਲ ਸੂਟ ਹੋਵੇ। ਨਾਲ ਬੈਠੇ ਆਦਮੀ ਦਾ ਚਿਹਰਾ ਉਸ ਨੂੰ ਨਹੀਂ ਦਿਸਦਾ। ਲਾਲ ਪੱਗ ਹੀ ਦਿਸਦੀ ਹੈ। ਫਿਰ ਉਸ ਨੂੰ ਸੁੱਚਾ ਸਿੰਘ ਦਾ ਚਿਹਰਾ ਦਿਸਦਾ ਹੈ। ਉਹ ਲਾਲ ਪੱਗ ਦਾ ਪੱਲਾ ਉਸ ਨੂੰ ਫੜਾ ਰਿਹਾ ਹੈ। ਇਸ ਤੋਂ ਅੱਗੇ ਉਸ ਨੂੰ ਕੁਝ ਨਹੀਂ ਦਿਸਦਾ। ਸਵੇਰੇ ਜਾਗ ਆਉਣ 'ਤੇ ਉਹ ਉਸੇ ਤਰ੍ਹਾਂ ਹੀ ਬਿਸਤਰੇ ਵਿਚ ਪਈ ਰਹੀ। ਪੱਲਾ ਫੜਾਉਣ ਵਾਲੀ ਗੱਲ ਉਸ ਦੇ ਦਿਮਾਗ਼ ਵਿਚ ਆ ਗਈ। ਉਸ ਨੂੰ ਪਤਾ ਨਹੀਂ ਕਿ ਇਹ ਰਾਤ ਉਸ ਨੇ ਸੁਪਨੇ ਵਿਚ ਦੇਖਿਆ ਸੀ ਜਾਂ ਉਸ ਨੂੰ ਖਿਆਲ ਹੀ ਆਇਆ ਸੀ। ਉਸ ਦੇ ਚਿੱਤ ਵਿਚ ਆਇਆ, "ਕਿਤੇ ਇਸ ਤਰ੍ਹਾਂ ਹੋ ਜਾਵੇ!"

"ਏਦਾਂ ਵੀ ਕਿਤੇ ਹੋਇਆ? ਕੀ ਦੁੱਖ ਹੈ ਮੈਨੂੰ ਇੱਥੇ? ਹੱਥੀਂ ਤਾਂ ਛਾਵਾਂ ਕਰਦੇ ਆ," ਉਸ ਦੇ ਦੂਜੇ ਚਿੱਤ ਨੇ ਕਿਹਾ।

"ਹੱਥੀਂ ਛਾਵਾਂ ਕਰਨ ਵਾਲਾ ਬਾਪ ਨਹੀਂ, ਸਾਥੀ, ਰੂਹ ਦਾ ਹਾਣੀ ਚਾਹੀਦਾ ਹੈ।"

"ਤੇ ਲੱਭ ਲੈ।"

"ਇਸ ਤਰ੍ਹਾਂ ਸੋਚ ਵੀ ਕਿਵੇਂ ਸਕਦੀ ਹਾਂ? ਜਿਸ ਨੇ ਬਾਂਹ ਫੜ ਕੇ ਇੱਥੋਂ ਤਕ ਪਹੁੰਚਾਇਆ ਹੈ, ਉਸ ਨੂੰ ਕਿਵੇਂ ਛੱਡ ਦਿਆਂ।"

ਉਹ ਸਵਾਲਾਂ-ਜਵਾਬਾਂ ਵਿਚ ਉਲਝ ਗਈ। ਫਿਰ ਉਸ ਦੇ ਦਿਮਾਗ਼ ਵਿਚ ਕੰਮ ਦੇ ਲੰਚ ਰੂਮ ਵਿਚ ਸੁਣੀ ਗੱਲ ਘੁੰਮਣ ਲੱਗੀ, "ਜਿਸ ਨੂੰ ਤੁਸੀਂ ਪਿਆਰ ਹੀ ਨਹੀਂ ਕਰਦੇ, ਉਸ ਨਾਲ ਤੁਸੀਂ ਰਹਿ ਵੀ ਕਿਵੇਂ ਸਕਦੇ ਹੋ?" ਉਹ ਸੋਚਣ ਲੱਗੀ ਕਿ ਕੀ ਉਹ ਸੁੱਚਾ ਸਿੰਘ ਨੂੰ ਪਿਆਰ ਨਹੀਂ ਕਰਦੀ?

"ਕਰਦੀ ਕਿਉਂ ਨੀ। ਕਿੰਨਾ ਆਦਰ ਹੈ ਮਨ ਵਿਚ ਉਨ੍ਹਾਂ ਪ੍ਰਤੀ।"

"ਫੇਰ?"

"ਸਤਿਕਾਰ। ਜਿਵੇਂ ਉਹ ਬਾਪੂ ਜੀ ਹੋਣ---"

"ਜ਼ਿੰਦਗੀ ਤਾਂ ਇਕ ਵਾਰ ਮਿਲਦੀ ਹੈ। ਮੇਰੇ ਹਿੱਸੇ ਦਾ ਪਿਆਰ ਕਿੱਧਰ ਗਿਆ?"

"ਚੱਲ ਜੇ ਮੈਨੂੰ ਹਾਣੀ ਮਿਲ ਵੀ ਜਾਵੇ ਪਰ ਮਿੰਟੂ ਨੂੰ ਕੌਣ ਦੇਵੇਗਾ ਬਾਪ ਵਾਲਾ ਪਿਆਰ।"

"ਮੈਂ ਆਪਣੇ ਆਪ ਲਈ ਕਦੋਂ ਜੀਵਾਂਗੀ?"

ਉਹ ਸੋਚਾਂ ਵਿਚ ਘਿਰ ਗਈ। ਉਸ ਨੂੰ ਕੋਈ ਰਾਹ ਨਹੀਂ ਦਿਸਦਾ। ਸਿਰ ਦੀ ਪੀੜ ਤਿੱਖੀ ਹੋ ਗਈ।

00000

ਉਨ੍ਹਾਂ ਹੀ ਸੋਚਾਂ ਵਿਚ ਮੁੜ-ਮੁੜ ਉਲਝਣਾ ਤੇ ਫਿਰ ਸਿਰ ਵਿਚ ਤਿੱਖੀ ਪੀੜ ਦਾ ਹੋਣਾ ਜਿੰਦਰ ਲਈ ਜਿਵੇਂ ਨਿੱਤ ਦੀ ਗੱਲ ਬਣ ਗਈ। ਉਸ ਨੂੰ ਆਪਣੇ ਨਾਲ ਕੋਰਸ ਕਰਦੀ ਔਰਤ ਐਨਾ ਦੀ ਯਾਦ ਆਉਣ ਲੱਗੀ।

ਜਿੰਦਰ ਕਲਾਸ ਵਿਚ ਐਨਾ ਦੇ ਕੋਲ ਬੈਠਦੀ। ਉਹ ਦੋ ਬੱਚਿਆਂ ਦੀ ਮਾਂ ਸੀ। ਮੈਕਸੀਕੋ ਤੋਂ ਸੀ ਅਤੇ ਥੋੜ੍ਹਾ ਚਿਰ ਪਹਿਲਾਂ ਹੀ ਉਸ ਨੇ ਆਪਣੇ ਪਤੀ ਤੋਂ ਤਲਾਕ ਲਿਆ ਸੀ। ਉਹ ਆਪਣੇ ਪੈਰਾਂ ਸਿਰ ਖੜ੍ਹੀ ਹੋਣ ਲਈ ਸਰਕਾਰ ਤੋਂ ਸਟੂਡੈਂਟ ਲੋਨ ਲੈ ਕੇ ਪੜ੍ਹ ਰਹੀ ਸੀ। ਬੱਚਿਆਂ ਨੂੰ ਬੇਬੀ ਸਿਟਰ ਦੇ ਛੱਡ ਕੇ ਉਹ ਬੱਸਾਂ ਵਿਚ ਧੱਕੇ ਖਾਂਦੀ ਪੜ੍ਹਨ ਆਉਂਦੀ ਸੀ ਤੇ ਜਿੰਦਰ ਕੋਲ ਸੁੱਚਾ ਸਿੰਘ ਵੱਲੋਂ ਲੈ

ਕੇ ਦਿੱਤੀ ਕਾਰ ਸੀ। ਐਨਾ ਵੱਲ ਦੇਖ ਕੇ ਜਿੰਦਰ ਨੂੰ ਸੁੱਚਾ ਸਿੰਘ ਹੋਰ ਵੀ ਚੰਗਾ ਲਗਦਾ। ਪਰ ਹੁਣ ਉਹ ਪਛਤਾਉਂਦੀ ਕਿ ਉਸ ਨੇ ਕਿਉਂ ਨਹੀਂ ਇਸ ਤਰ੍ਹਾਂ ਸਟੂਡੈਂਟ ਲੋਨ ਲੈ ਕੇ ਪੜ੍ਹਾਈ ਕੀਤੀ। ਫਿਰ ਇਹ ਸੋਚ ਕੇ ਆਪਣੇ-ਆਪ ਨੂੰ ਮੁਕਤ ਕਰ ਲੈਂਦੀ ਕਿ ਉਸ ਨੂੰ ਉਦੋਂ ਏਨ੍ਹਾਂ ਗੱਲਾਂ ਦਾ ਪਤਾ ਹੀ ਨਹੀਂ ਸੀ। ਤੇ ਹੁਣ ਸੁੱਚਾ ਸਿੰਘ ਦੇ ਉਹ ਉਪਕਾਰ ਜਿੰਦਰ ਲਈ ਰੋੜਾ ਬਣੇ ਹੋਏ ਸਨ। ਉਹ ਕਦੇ-ਕਦੇ ਸੋਚਦੀ,

"ਇਹ ਮੈਨੂੰ ਮਾਰਦੇ ਕੁੱਟਦੇ ਕਿਉਂ ਨਹੀਂ? ਕਿਸੇ ਗੱਲੋਂ ਟੋਕਣ ਤਾਂ ਮਿੰਟੂ ਨੂੰ ਲੈ ਕੇ ਕਿਧਰੇ ਪਾਸੇ ਰਹਿਣ ਲੱਗ ਜਾਵਾਂ।" 'ਪਾਸੇ ਰਹਿਣ' ਵਾਲੀ ਗੱਲ ਤੋਂ ਵੀ ਉਸ ਦੇ ਮਨ ਵਿਚ ਵਾਢ ਪੈਂਦੀ। ਨਾਲ ਰਹਿਣ ਨਾਲ ਵੀ ਜਿਵੇਂ ਉਸਦਾ ਦਮ ਘੁੱਟਦਾ ਹੋਵੇ। ਇਕ ਹੋਰ ਨਵੀਂ ਸੋਚ ਨੇ ਉਸ ਦੀਆਂ ਸੋਚਾਂ ਵਿਚ ਅਛੋਪਲੇ ਜਿਹੇ ਘੁਸਪੈਠ ਕਰ ਲਈ। ਉਹ ਸੋਚਣ ਲੱਗੀ, "ਮਿੰਟੂ ਹੋਰ ਸੱਤ-ਅੱਠ ਸਾਲ ਹੈ ਮੇਰੇ ਕੋਲ਼। ਜਦੋਂ ਹੋਰ ਵੱਡਾ ਹੋ ਗਿਆ, ਇਸ ਨੇ ਕਿੱਥੇ ਬੈਠਣਾ ਮੇਰੇ ਕੋਲ਼। ਤੇ ਉਦੋਂ ਤਕ ਇਹ ਪਤਾ ਨਹੀਂ ਹੋਣਗੇ ਵੀ ਕਿ---। ਮੈਂ ਫਿਰ ਇਕੱਲੀ ਕਿੱਧਰ ਰੁਲਾਂਗੀ? ਉਦੋਂ ਤਕ ਤਾਂ ਮੇਰੀ ਜਵਾਨੀ ਵੀ ਨਹੀਂ ਰਹਿਣੀ---।" ਉਸ ਨੂੰ ਦੂਰ-ਦੂਰ ਤਕ ਹਨੇਰਾ ਹੀ ਨਜ਼ਰੀਂ ਆਉਣ ਲੱਗਦਾ। ਇਸ ਤਰ੍ਹਾਂ ਸੋਚਦੇ ਹੋਏ ਹੀ ਇਕ ਦਿਨ ਉਸ ਨੇ ਕੋਲ਼ ਬੈਠੇ ਮਿੰਟੂ ਨੂੰ ਕਿਹਾ, "ਮਿੰਟੂ, ਆਪਾਂ ਦੋਨੋਂ ਇੱਥੋਂ ਕਿਤੇ ਦੂਰ ਚਲੇ ਚੱਲੀਏ?" ਮਿੰਟੂ ਨੇ ਹੈਰਾਨੀ ਭਰੀਆਂ ਨਜ਼ਰਾਂ ਨਾਲ ਉਸ ਵੱਲ ਦੇਖਿਆ। ਜਿੰਦਰ ਫਿਰ ਬੋਲੀ, "ਕਿਸੇ ਨਵੇਂ ਥਾਂ ਜਾ ਕੇ ਲਾਈਫ ਸਟਾਰਟ ਕਰੀਏ?"

ਮਿੰਟੂ ਨੇ ਉਸੇ ਤਰ੍ਹਾਂ ਹੀ ਦੇਖਦੇ ਹੋਏ ਪੁੱਛਿਆ, "ਦੋਨੋਂ? ਡੈਡੀ ਨੂੰ ਛੱਡ ਕੇ?" ਜਿੰਦਰ ਨੇ ਕੋਈ ਜਵਾਬ ਨਾ ਦਿੱਤਾ। ਮਿੰਟੂ ਬੋਲਿਆ, "ਆਰ ਯੂ ਕਰੇਜ਼ੀ"?

ਉਸ ਦੇ ਪ੍ਰਤੀਕਰਮ ਨੂੰ ਦੇਖ ਕੇ ਜਿੰਦਰ ਕੱਚਾ ਜਿਹਾ ਹੱਸਦੀ ਬੋਲੀ, "ਮੈਂ ਤਾਂ ਦੇਖਦੀ ਸੀ ਕਿ ਤੂੰ ਡੈਡੀ ਨੂੰ ਕਿੰਨਾ ਕੁ ਪਿਆਰ ਕਰਦੈਂ।"

"ਹਾਓ ਕੈਨ ਯੂ ਇਵਨ ਥਿੰਕ ਲਾਈਕ ਦਿਸ?"

ਜਿੰਦਰ ਮੁੜ ਆਪਣੀਆਂ ਸੋਚਾਂ ਵਿਚ ਸਿਮਟ ਗਈ। "ਹਾਂ, ਮੈਂ ਇਹ ਕਿਵੇਂ ਸੋਚ ਲਿਆ? ਮੈਂ ਸੱਚੀਂ ਹੀ ਕਰੇਜ਼ੀ ਹੋ ਗਈ ਹਾਂ। ਖ਼ੁਦ-ਗ਼ਰਜ਼।.... ਉਹ ਗੁਨਾਹ-ਭਾਵ ਨਾਲ ਭਰ ਗਈ।

00000

ਰੂਪ ਸਿੰਘ ਨੂੰ ਪੱਬ ਅੱਗੇ ਉਤਾਰ ਕੇ ਸੁੱਚਾ ਸਿੰਘ ਨੇ ਟਰੱਕ ਤੋਰ ਲਿਆ। ਰੂਪ ਸਿੰਘ ਨੇ ਕਿਹਾ ਸੀ, "ਮੈਨੂੰ ਤਾਂ ਫੇਰ ਅੰਕਲ, ਕਿਸੇ ਪੱਬ ਮੂਹਰੇ ਲਾਹ ਦੇਈਂ। ਐਨੀ ਸਦੇਹਾਂ ਘਰ ਜਾ ਕੇ ਕੋਈ ਕਲੇਸ਼ ਹੀ ਪਊ।"। ਇਕ ਵਾਰ ਪਹਿਲਾਂ ਵੀ ਸੁੱਚਾ ਸਿੰਘ ਨੇ ਕਿਸੇ ਕੰਮ ਕਰਕੇ ਸਵੱਖਤੇ ਘਰ ਮੁੜਨਾ ਸੀ, ਉਸ ਦਿਨ ਉਸ ਨੇ ਰੂਪ ਨੂੰ ਕਿਸੇ ਪੱਬ ਮੂਹਰੇ ਨਹੀਂ ਸੀ ਲਾਹਿਆ ਸਗੋਂ ਉਸ ਦੇ ਘਰ ਛੱਡ ਕੇ ਆਇਆ ਸੀ ਤੇ ਕਿਹਾ ਸੀ, "ਘਰਵਾਲੀ ਨੂੰ ਬਣਦਾ ਮਾਣ-ਸਤਿਕਾਰ ਦਿਆ ਕਰ। ਓਹਦਾ ਦਿਮਾਗ਼ ਤਾਂ ਨੀ ਹਿੱਲਿਆ ਕਿ ਲੜਾਈ ਕਰੂ।" ਪਰ ਹੁਣ ਸੁੱਚਾ ਸਿੰਘ ਨੇ ਇਸ ਤਰ੍ਹਾਂ ਦਾ ਕੁਝ ਨਹੀਂ ਕਿਹਾ। ਉਹ ਆਪਣੀਆਂ ਹੀ ਸੋਚਾਂ ਵਿਚ ਡੁੱਬਿਆ ਹੋਇਆ ਸੀ।

"ਕਦੇ ਕੋਈ ਚੀਜ਼ ਨੀ ਮੰਗੀ ਵਿਚਾਰੀ ਨੇ।" ਉਸ ਦੇ ਚਿੱਤ 'ਚ ਆਈ।

"ਜੇ ਮੂੰਹੋਂ ਆਖ ਕੇ ਨੀ ਕੁਝ ਕਹਿੰਦੀ ਤਾਂ ਇਹਦਾ ਮਤਲਬ ਇਹ ਤਾਂ ਨਹੀਂ ਕਿ ਓਹਦਾ ਜੀਅ ਨੀ ਕਰਦਾ ਹੋਣਾ ਕਾਸੇ ਨੂੰ।"

"ਪਰ ਹੁਣ ਪਹਿਲਾਂ ਵਾਂਗੂ ਕੋਈ ਨਵੀਂ ਚੀਜ਼ ਲੈ ਕੇ ਦੇਣ ਵੇਲੇ ਖ਼ੁਸ਼ ਵੀ ਤਾਂ ਨਹੀਂ ਹੁੰਦੀ।"

"ਇਹਨੇ ਕਦੋਂ ਜਵਾਨੀ ਨੂੰ ਮਾਣਿਆ? ਪਹਿਲਾਂ ਨਸ਼ੇੜੀ ਪਤੀ ਤੇ ਹੁਣ---।" ਇਹ ਵਿਚਾਰ ਇਸ ਤੋਂ ਅੱਗੇ ਉਸਦੇ ਦਿਮਾਗ਼ ਵਿਚ ਚੱਲੇ, ਉਸ ਤੋਂ ਪਹਿਲਾਂ ਹੀ ਸੁੱਚਾ ਸਿੰਘ ਇਕ ਦਮ ਆਪਣੇ ਬਚਾਅ ਵਿਚ ਖੜ੍ਹ ਗਿਆ। ਉਸ ਦੇ ਦੂਜੇ ਚਿੱਤ ਨੇ ਤੁਰਤ ਬਚਾਅ ਦੀ ਦਲੀਲ ਦੇ ਦਿੱਤੀ,



"ਪੂਰਾ ਤਾਂ ਖਿਆਲ ਰੱਖਦਾਂ। ਕਦੇ ਪਹਿਨਣ-ਪੱਚਰਨ ਤੋਂ ਨੀ ਰੋਕਿਆ। ਆਪਣੀ ਮਰਜ਼ੀ ਦਾ ਖਾਂਦੀ-ਹੰਢਾਉਂਦੀ ਆ।"

ਪਰ ਦੂਜੇ ਚਿੱਤ ਨੇ ਫਿਰ ਪ੍ਰਸ਼ਨ ਕਰ ਦਿੱਤਾ, "ਖਾਣ-ਪਹਿਨਣ ਤੋਂ ਬਿਨਾਂ ਵੀ ਤਾਂ ਹੋਰ ਰੀਝਾਂ ਹੁੰਦੀਆਂ। ਮੇਰਾ ਕੀ ਮੇਲ ਆ ਇਹਦੇ ਨਾਲ? ---ਜੇ ਕਨੇਡਾ ਆਉਣ ਦਾ ਚੱਕਰ ਨਾ ਹੁੰਦਾ, ਫੇਰ ਵੀ ਮੇਰੇ ਨਾਲ ਕਰਵਾਉਂਦੀ ਵਿਆਹ?---ਕੀ ਸਾਂਝਾ ਹੈ ਪਤੀ-ਪਤਨੀ ਵਾਲਾ ਸਾਡੇ 'ਚ ? ਭਰ ਜਵਾਨ ਹੈ ਹਾਲੇ। ਹਾਣੀਆਂ ਵਾਲੀ ਖਿੱਚ ਤਾਂ ਉੱਠਦੀ ਹੋਵੇਗੀ--- ਇਹ ਨਿੱਤ ਨਿੱਤ ਦਾ ਸਿਰ ਦੁਖਣਾ---ਆਪਣੇ ਆਪ ਵਿਚ ਘੁਟ ਰਹੀ ਹੈ---ਕਿੰਨਾ ਕੁ ਚਿਰ ਅੱਖਾਂ ਮੀਚਾਂਗਾ---"

ਇਨ੍ਹਾਂ ਸੋਚਾਂ ਵਿਚ ਘਿਰੇ ਸੁੱਚਾ ਸਿੰਘ ਨੂੰ ਰਾਹ ਦਾ ਇਕ ਝਲਕਾਰਾ ਜਿਹਾ ਪਿਆ। ਉਸ ਨੇ ਝਲਕਾਰੇ ਦੀ ਕੰਨੀ ਫੜ ਲਈ। ਭਾਵੇਂ ਉਸ ਨੂੰ ਅੰਦਰੋਂ ਕੁਝ ਖੁੱਸਦਾ ਹੋਇਆ ਵੀ ਮਹਿਸੂਸ ਹੋਇਆ ਪਰ ਉਸ ਨੇ ਉਸਦਾ ਪੱਲਾ ਨਾ ਛੱਡਿਆ ਅਤੇ ਪੱਲਾ ਫੜੀ ਹੀ ਘਰ ਪਹੁੰਚ ਗਿਆ। ਘਰ ਦੇ ਡਰਾਈਵ ਵੇਅ ਵਿਚ ਟਰੱਕ ਖੜ੍ਹਾ ਕੀਤਾ ਤੇ ਹੌਲ਼ੀ ਹੌਲ਼ੀ ਘਰ ਵੱਲ ਵਧਣ ਲੱਗਾ। ਉਹ ਘਰ ਦਾ ਦਰਵਾਜ਼ਾ ਖੋਲ੍ਹ ਕੇ ਅੰਦਰ ਵੜਿਆ ਹੀ ਸੀ ਕਿ ਮਿੰਟੂ ਭੱਜਦਾ ਹੋਇਆ ਉਸ ਵੱਲ ਆਇਆ ਤੇ ਬੋਲਿਆ, "ਤੁਸੀਂ ਠੀਕ ਹੋ, ਡੈਡੀ? ਅੱਜ ਅਰਲੀ ਆ ਗੇ?"

"ਹਾਂ ਠੀਕ ਆਂ। ਤੇਰੀ ਮਾਂ ਕਿੱਥੇ ਆ?"

" ਆਪਣੇ ਰੂਮ 'ਚ ਪਏ ਆ। ਉਹਨਾਂ ਨੂੰ ਮਾਈਗਰੇਨ ਹੋਈ ਆ।"

ਸੁੱਚਾ ਸਿੰਘ ਨੇ ਮਿੰਟੂ ਨੂੰ ਆਪਣੇ ਨਾਲ ਘੁੱਟਿਆ ਅਤੇ ਫਿਰ ਉੱਥੇ ਪਏ ਸਟੂਲ ਉੱਪਰ ਬੈਠ ਗਿਆ। ਕੁਝ ਦੇਰ ਉਵੇਂ ਹੀ ਬੈਠਾ ਰਿਹਾ। ਉਸਦੀ ਨਿਗ੍ਹਾ ਸਾਹਮਣੀ ਕੰਧ 'ਤੇ ਲੱਗੀ ਤਸਵੀਰ 'ਤੇ ਅਟਕ ਗਈ। ਤਸਵੀਰ ਵਿਚ ਉਹ ਕੁਰਸੀ 'ਤੇ ਬੈਠਾ ਹੈ ਅਤੇ ਉਸ ਦੇ ਇਕ ਮੋਢੇ 'ਤੇ ਹੱਥ ਰੱਖੀ ਮਿੰਟੂ ਖੜ੍ਹਾ ਹੈ ਅਤੇ ਦੂਜੇ 'ਤੇ ਜਿੰਦਰ ਕੌਰ। ਤਸਵੀਰ ਵੱਲ ਦੇਖਦਿਆਂ ਉਸ ਦੇ ਅੰਦਰ ਵਾਢ ਪਈ। "ਜਿਵੇਂ ਚੱਲੀ ਜਾਂਦੈ, ਉਵੇਂ ਹੀ ਚੱਲੀ ਜਾਣ ਦਿਆਂ ਕਿ ---", ਉਸ ਦੇ ਚਿੱਤ 'ਚ ਆਈ। ਫਿਰ ਉਹ ਆਪਣੇ ਭਾਰੇ ਬੂਟ ਲਾਹ ਕੇ ਉਸ ਕਮਰੇ ਵੱਲ ਚਲ ਪਿਆ, ਜਿੱਥੇ ਜਿੰਦਰ ਲੇਟੀ ਹੋਈ ਸੀ। ਉਸ ਦੇ ਦਿਮਾਗ਼ ਵਿਚ ਪਈਆਂ ਸੋਚਾਂ ਦੀਆਂ ਗੁੰਝਲਾਂ ਵਿਚੋਂ ਇਕ-ਅੱਧੀ ਬਚੀ ਰਹਿ ਗਈ ਵੀ ਖੁੱਲ੍ਹ ਗਈ। "ਤਲਾਕਾਂ ਤੋਂ ਬਾਅਦ ਵੀ ਤਾਂ ਲੋਕ ਮਿਲਦੇ-ਵਰਤਦੇ ਰਹਿੰਦੇ ਈ ਆ। ---ਤਕਲੀਫ ਤਾਂ ਹੋਊਗੀ 'ਕੇਰਾਂ ਸਾਰਾ ਕੁਸ਼ ਖੁੱਸ ਜਾਣ ਨਾਲ ਪਰ ਸਭ ਦੇ ਭਲੇ ਲਈ ਸੁੱਚਾ ਸਿਆਂ ਹੋ ਤਕੜਾ," ਇਹ ਸਭ ਸੋਚਦਿਆਂ ਸੁੱਚਾ ਸਿੰਘ ਨੂੰ ਲੱਗਿਆ ਕਿ ਉਹ ਮਜ਼ਬੂਤ ਪੈਰੀਂ ਜਿੰਦਰ ਦੇ ਕਮਰੇ ਵੱਲ ਤੁਰਿਆ ਜਾ ਰਿਹਾ ਹੈ। ਉਸ ਨੂੰ ਦੇਖ ਕੇ ਜਿੰਦਰ ਨੇ ਅੱਖਾਂ ਪੂੰਝੀਆਂ ਅਤੇ ਬੈਠੀ ਹੋ ਗਈ। ਉਹ ਬੋਲੀ, "ਆ ਗਏ! ਮੈਂ ਬਣਾਉਨੀ ਆਂ ਚਾਹ।"

"ਚਾਹ ਨੂੰ ਰਹਿਣ ਦੇ। ਮੇਰੀ ਗੱਲ ਸੁਣ। ਇਓਂ ਰੋ-ਰੋ ਕੇ ਜਵਾਨੀ ਨਾ ਗਾਲ਼। ਜਾਹ, ਕੋਈ ਲੱਭ ਲੈ ਹਾਣ-ਪਰਵਾਣ ਤੇ ਮੁੜ ਤੋਂ ਕਰ ਸ਼ੁਰੂ ਜ਼ਿੰਦਗੀ---।"

ਜਿੰਦਰ ਅਵਾਕ ਉਸ ਵੱਲ ਦੇਖਦੀ ਰਹੀ।

"ਤੈਨੂੰ ਇਓਂ ਨਿੱਤ ਨਿੱਤ ਮਰਦੇ ਮੈਥੋਂ ਨੀ ਦੇਖ ਹੁੰਦਾ," ਆਖਦੇ ਹੋਏ ਸੁੱਚਾ ਸਿੰਘ ਨੂੰ ਲੱਗਾ ਜਿਵੇਂ ਉਹ ਹੌਲ਼ਾ ਫੁੱਲ ਹੋ ਗਿਆ ਹੋਵੇ।000

***(1491 - 83 Avenue, Surrey, BC, Canada V3S 7S2 ਫੋਨ:1-778-231-1189)***

# ਜੇ ਉਹ ਹੁੰਦੀ: ਕਹਾਣੀ: ਬਲਜਿੰਦਰ ਨਸਰਾਲੀ

'ਜੇ ਉਹ ਹੁੰਦੀ ਤਾਂ ਜ਼ਿੰਦਗੀ ਕੁਝ ਹੋਰ ਹੋਣੀ ਸੀ', ਮਾਸਟਰ ਜਗਤਾਰ ਸਿੰਘ ਨੂੰ ਵਿਆਹ ਤੋਂ ਕੁਝ ਸਾਲਾਂ ਬਾਅਦ ਹੀ ਰਸਮੀਤ ਬਾਰੇ ਇਹ ਖਿਆਲ ਵਾਰ-ਵਾਰ ਆਉਣ ਲੱਗਾ ਸੀ। ਤੇ ਅੱਜ ਏਨੇ ਸਾਲਾਂ ਬਾਅਦ ਰਸਮੀਤ ਦਾ ਫੋਨ ਆ ਗਿਆ ਸੀ। ਵੀਹ ਸਾਲਾਂ ਦੇ ਵਕਫੇ ਤੋਂ ਰਸਮੀਤ ਨਾਲ ਫੋਨ 'ਤੇ ਮੁਲਾਕਾਤ ਦਾ ਹੋਣਾ ਇੰਝ ਸੀ ਜਿਵੇਂ ਕੋਈ ਮਰ ਚੁੱਕਿਆ ਮਿੱਤਰ ਪਿਆਰਾ ਏਨੇ ਸਾਲਾਂ ਬਾਅਦ ਜਿਉਂਦਾ ਹੋ ਗਿਆ ਹੋਵੇ।

ਜਦੋਂ ਰਸਮੀਤ ਦਾ ਫੋਨ ਆਇਆ ਉਦੋਂ ਉਹ ਸੈਰ ਕਰ ਰਿਹਾ ਸੀ। ਸਿਹਤ ਨੂੰ ਸੰਭਾਲਣ ਦਾ ਸ਼ੁਕੀਨ ਮਾਸਟਰ ਜਗਤਾਰ ਉਂਝ ਤਾਂ ਰੋਜ਼ ਹੀ ਸੈਰ ਕਰਦਾ ਸੀ ਪਰ ਐਤਵਾਰ ਵਾਲੇ ਦਿਨ ਕੋਈ ਨਾ ਕੋਈ ਜਾਣੂੰ ਮਿਲ ਜਾਂਦਾ ਤਾਂ ਉਹ ਸੈਰ ਦੇ ਇਕ ਦੋ ਚੱਕਰ ਵੱਧ ਵੀ ਲਾ ਦਿੰਦਾ। ਘਰ ਤੋਂ ਥੋੜ੍ਹੀ ਦੂਰ ਪਾਰਕ ਵਿਚ ਉਸ ਨੇ ਪਹਿਲਾ ਚੱਕਰ ਹੀ ਸ਼ੁਰੂ ਕੀਤਾ ਸੀ ਕਿ ਮੋਬਾਈਲ 'ਤੇ ਰਿੰਗ ਵੱਜੀ ਸੀ। ਕੈਨੇਡਾ ਦਾ ਨੰਬਰ ਪਛਾਣਦਿਆਂ ਉਸ ਨੇ 'ਹੈਲੋ ਜੀ' ਕਿਹਾ ਸੀ।

"ਜਗਤਾਰ ਸਿੰਘ ਜੀ ਬੋਲ ਰਹੇ ਹੋ?" ਓਪਰੀ ਜ਼ਨਾਨਾ ਆਵਾਜ਼ ਸੀ।

"ਹਾਂ ਜੀ, ਮੈਂ ਹੀ ਬੋਲ ਰਿਹਾਂ।"

"ਪਛਾਣੋਂ, ਮੈਂ ਕੌਣ ਬੋਲ ਰਹੀ ਆਂ?"

"ਨਹੀਂ ਮੈਂ ਪਛਾਣਿਆਂ ਨਹੀਂ ਜੀ, ਦੱਸੋ ਕੌਣ ਬੋਲ ਰਹੇ ਹੋ?" ਮਾਸਟਰ ਜਗਤਾਰ ਸਿੰਘ ਨੇ ਕੋਮਲਤਾ ਨਾਲ ਕਿਹਾ ਸੀ। ਵੈਸੇ ਇਸ ਤਰ੍ਹਾਂ ਆਵਾਜ਼ ਪਛਾਣਨ ਦਾ ਸਵਾਲ ਪਾਉਣ ਵਾਲਿਆਂ 'ਤੇ ਉਹ ਖਿਝ ਜਾਂਦਾ ਸੀ।

"ਪਰ ਮੈਂ ਤਾਂ ਤੁਹਾਡੀ ਆਵਾਜ਼ ਪਛਾਣ ਲਈ ਐ। ਬਿਲਕੁਲ ਉਹੋ ਜਿਹੀ ਐ।"

"ਹੋ ਸਕਦੈ ਤੁਹਾਡੀ ਆਵਾਜ਼ ਬਦਲ ਗਈ ਹੋਵੇ। ਪੰਜਾਬ ਤੋਂ ਕੈਨੇਡਾ ਜਾਂਦਿਆਂ ਬੜਾ ਕੁਝ ਬਦਲ ਜਾਂਦੈ", ਜਗਤਾਰ ਸਿੰਘ ਨੇ ਠਰੰਮੇ ਨਾਲ ਕਿਹਾ। ਉਸਨੂੰ ਕੋਈ ਕਾਹਲੀ ਨਹੀਂ ਸੀ। ਐਤਵਾਰ ਦਾ ਦਿਨ ਹੋਣ ਕਰਕੇ ਰੁਪਿੰਦਰ ਕੰਮ ਵਾਲੀ ਨੂੰ ਨਾਲ਼ ਲਾ ਕੇ ਘਰ ਦੀਆਂ ਸਫਾਈਆਂ ਕਰਵਾ ਰਹੀ ਸੀ। ਫੋਨ ਪੰਜਾਬ ਤੋਂ ਹੀ ਹੁੰਦਾ ਤੇ ਕਿਸੇ ਮਰਦ ਦਾ ਹੁੰਦਾ ਤਾਂ ਮਾਸਟਰ ਜਗਤਾਰ ਸਿੰਘ ਨੇ ਬਹੁਤਾ ਖਿਝੇ ਬਿਨਾਂ ਫੋਨ ਬੰਦ ਕਰ ਦੇਣਾ ਸੀ। ਸਮੇਂ ਨੂੰ ਉਹ ਬੜੀ ਕੀਮਤੀ ਸ਼ੈਅ ਸਮਝਦਾ ਸੀ ਤੇ ਇਸਨੂੰ ਫਜ਼ੂਲ ਗਵਾਉਣ ਨੂੰ ਉਹ ਮੂਰਖਤਾ ਮੰਨਦਾ ਸੀ।

"ਚਲੋ ਵੀਹ ਸਾਲ ਪਹਿਲਾਂ ਦੇ ਸਮੇਂ ਨੂੰ ਯਾਦ ਕਰੋ", ਸੱਤ ਸਮੁੰਦਰੋਂ ਪਾਰ ਤੋਂ ਆ ਰਹੀ ਆਵਾਜ਼ ਨੇ ਨਵੀਂ ਪਹੇਲੀ ਪਾਈ ਸੀ।

ਇਕ ਦਮ ਛੋਟੇ ਜਿਹੇ ਕੱਦ ਦੀ ਮਲੂਕ ਜਿਹੀ ਰਸਮੀਤ ਉਸਦੀਆਂ ਅੱਖਾਂ ਸਾਹਮਣੇ ਆ ਗਈ। ਉਹ ਤਾਂ ਕਦੀ ਭੁੱਲੀ ਹੀ ਨਹੀਂ ਸੀ। ਉਹ ਅਕਸਰ ਹੀ ਸੋਚਦਾ ਸੀ ਕਿ ਜੇਕਰ ਉਹ ਹੁੰਦੀ ਤਾਂ ਜ਼ਿੰਦਗੀ ਕੁਝ ਹੋਰ ਹੋਣੀ ਸੀ।

"ਰਸਮੀਤ", ਉਸਨੇ ਕੰਬਦੀ ਆਵਾਜ਼ ਵਿਚ ਕਿਹਾ ਸੀ।

"ਹਾਂ, ਥੈਂਕ ਗੌਡ ਤੁਸੀਂ ਪਛਾਣ ਲਿਆ", ਆਉਣ ਵਾਲੀ ਆਵਾਜ਼ ਨੇ ਠੰਢਾ ਹਉਕਾ ਭਰਿਆ। ਸਾਹਾਂ ਨੇ ਇਕ ਦੂਜੇ ਕੋਲ ਜਾਣ ਲਈ ਹਜ਼ਾਰਾਂ ਮੀਲ ਲੰਮਾ ਸਫਰ ਤੈਅ ਕਰਿਆ ਸੀ।



"ਜਗਤਾਰ ਮੈਂ ਤੇਰੇ ਕੋਲੋਂ ਮਾਫੀ ਮੰਗਣ ਲਈ ਫੋਨ ਕੀਤਾ।"

"ਕਿਸ ਗੱਲ ਦੀ ਮਾਫੀ", ਧੜਕ ਰਿਹਾ ਦਿਲ ਹੈਰਾਨ ਸੀ। ਕੋਈ ਪਿਛਲੇ ਜਨਮ ਦੇ ਵਿਛੜੇ ਦੇ, ਮੁੜ ਮਿਲਣ ਸਮੇਂ, ਗੁਨਾਹ ਥੋੜ੍ਹੀ ਯਾਦ ਰੱਖਦਾ।

"ਜਿਹੜੀ ਮੈਂ ਤੈਨੂੰ ਭੈੜੀ ਜਿਹੀ ਚਿੱਠੀ ਲਿਖੀ ਸੀ", ਜਗਤਾਰ ਸਿੰਘ ਨੂੰ ਆਪਣੇ ਵਿਆਹ ਤੋਂ ਬਾਅਦ ਰਸਮੀਤ ਦੁਆਰਾ ਅੰਗਰੇਜ਼ੀ ਵਿਚ ਲਿਖੀ ਗੁੱਸੇ ਭਰਪੂਰ ਚਿੱਠੀ ਯਾਦ ਆ ਗਈ। ਉਦੋਂ ਉਹ ਆਪਣੀ ਪਤਨੀ ਰੁਪਿੰਦਰ ਨੂੰ ਨਾਲ ਲੈ ਕੇ ਰਸਮੀਤ ਨੂੰ ਮਿਲਣ ਵੀ ਗਿਆ ਸੀ, ਪਰ ਰਸਮੀਤ ਨੇ ਆਪਣੀ ਗ਼ਲਤੀ ਨਹੀਂ ਮੰਨੀ ਸੀ। --- ਤੇ ਹੁਣ ਵੀਹ ਸਾਲਾਂ ਬਾਅਦ ਉਹ ਮਾਫੀ ਮੰਗ ਰਹੀ ਸੀ।

"ਮੁੰਡੇ ਤਾਂ ਕੁੜੀਆਂ ਨਾਲ ਵਾਅਦੇ ਕਰ ਕੇ ਮੁੱਕਰ ਜਾਂਦੇ ਨੇ, ਕਈ ਤਾਂ ਸਰੀਰਕ ਸੰਬੰਧ ਬਣਾ ਕੇ ਵੀ ਵਿਆਹ ਨਹੀਂ ਕਰਵਾਉਂਦੇ। ਤੂੰ ਮੇਰੇ ਨਾਲ ਏਹੋ ਜਿਹਾ ਕੁਝ ਨਹੀਂ ਕੀਤਾ ਸੀ। ਫਿਰ ਵੀ ਮੈਂ ਏਨੀ ਸਖਤ ਚਿੱਠੀ ਲਿਖੀ ਸੀ, ਜਗਤਾਰ ਮੈਨੂੰ ਮਾਫ ਕਰ ਦੇਵੀਂ। ਮੈਂ ਕਈ ਸਾਲਾਂ ਦੀ ਤੇਰੇ ਤੋਂ ਮਾਫੀ ਮੰਗਣੀ ਚਾਹ ਰਹੀ ਸੀ, ਪਰ ਮੈਨੂੰ ਤੇਰਾ ਨੰਬਰ ਨਹੀਂ ਮਿਲ ਰਿਹਾ ਸੀ।" ਰਸਮੀਤ ਦੀ ਆਵਾਜ਼ ਸੱਚਮੁੱਚ ਪਛਤਾਵੇ ਨਾਲ ਗੜੁੱਚ ਸੀ।

ਜਗਤਾਰ ਸਿੰਘ ਲਈ ਰਸਮੀਤ ਦਾ ਫੋਨ ਹੀ ਕਾਫੀ ਸੀ। ਉਸਦੀ ਆਵਾਜ਼ ਸੁਣ ਕੇ ਦਿਲ ਕਿਵੇਂ ਧੜਕਿਆ ਸੀ। ਅਚਾਨਕ ਜਿਵੇਂ ਕੋਈ ਖਜ਼ਾਨਾ ਮਿਲ ਗਿਆ ਹੋਵੇ, ਯਾਦਾਂ, ਮੁਹੱਬਤਾਂ ਤੇ ਸੁਪਨਿਆਂ ਦਾ ਖਜ਼ਾਨਾ। ਅਚਾਨਕ ਹੀ ਜਿਵੇਂ ਉਹ ਬਹੁਤ ਅਮੀਰ ਹੋ ਗਿਆ ਸੀ।

ਰਸਮੀਤ ਨੇ ਉਸਨੂੰ ਦੱਸਿਆ ਸੀ ਕਿ ਉਹ ਵਿਆਹ ਤੋਂ ਬਾਅਦ ਕੈਨੇਡਾ ਆ ਗਈ ਸੀ। ਉਹ ਆਪਣੇ ਪਤੀ ਤੇ ਦੋਵਾਂ ਬੱਚਿਆਂ ਨਾਲ ਖੁਸ਼ ਸੀ। ਉਹ ਭਾਰਤੀ ਬੱਚਿਆਂ ਦੀ ਕੌਂਸਲਰ ਵਜੋਂ ਨੌਕਰੀ ਕਰਦੀ ਸੀ।

"ਸਭ ਕੁਝ ਠੀਕ ਠਾਕ ਐ। ਮੇਰੇ ਪਤੀ ਦਾ ਸੁਭਾਅ ਬੜਾ ਵਧੀਆ। ਫਿਰ ਵੀ ਕਦੇ ਕਦੇ ਲੱਗਦਾ ਕਿ ਜੇ ਜਗਤਾਰ ਹੁੰਦਾ ਤਾਂ ਜ਼ਿੰਦਗੀ ਕੁਝ ਹੋਰ ਹੁੰਦੀ।"

ਰਸਮੀਤ ਦੀ ਗੱਲ ਸੁਣਕੇ ਜਗਤਾਰ ਸਿੰਘ ਚੁੱਪ ਕਰ ਗਿਆ। ਉਸਨੇ ਉਸਨੂੰ ਨਹੀਂ ਦੱਸਿਆ ਕਿ ਉਹ ਵੀ ਇਸ ਤਰ੍ਹਾਂ ਹੀ ਸੋਚਦਾ ਸੀ। 'ਤਾਂ ਇਸਦਾ ਮਤਲਬ ਅਸੀਂ ਦੋਵੇਂ ਇਕ ਦੂਸਰੇ ਨੂੰ ਆਪਣੇ ਮਨਾਂ ਵਿਚੋਂ ਕੱਢ ਨਹੀਂ ਸਕੇ।' ਉਸਨੂੰ ਪਤਾ ਸੀ ਕਿ ਜੇਕਰ ਉਸਨੇ ਇਹ ਗੱਲ ਰਸਮੀਤ ਨੂੰ ਦੱਸ ਦਿੱਤੀ ਤਾਂ ਕਾਹਲੇ ਸੁਭਾਅ ਦੀ ਰਸਮੀਤ ਨੇ ਰੱਸੇ ਤੁੜਾਉਣ ਲੱਗ ਜਾਣਾ ਸੀ। ਉਸਨੇ ਫਿਰ ਇਕੱਠੇ ਹੋਣ ਦੇ ਸੁਪਨੇ ਦੇਖਣੇ ਸ਼ੁਰੂ ਕਰ ਦੇਣੇ ਸਨ। ਇਸ ਦਾ ਨਤੀਜਾ ਦੋ ਘਰਾਂ ਦੇ ਛੇ ਹੋਰਨਾਂ ਜੀਆਂ ਦੀ ਜ਼ਿੰਦਗੀ ਖਰਾਬ ਕਰਨ ਵਿਚ ਨਿਕਲਣਾ ਸੀ। ਮਾਸਟਰ ਜਗਤਾਰ ਹੁਣ ਇਹ ਨਹੀਂ ਕਰ ਸਕਦਾ ਸੀ। ਰਸਮੀਤ ਉਸਦੀ ਦੋਸਤ ਬਣੀ ਰਹੇ, ਕਦੇ ਕਦੇ ਫੋਨ ਕਰ ਲਿਆ ਕਰੇ ਤੇ ਜੇ ਸੰਭਵ ਹੋਵੇ ਤਾਂ ਇੰਡੀਆ ਆਈ ਕਦੇ ਉਸਨੂੰ ਮਿਲ ਜਾਵੇ। ਬੱਸ ਏਨਾ ਹੀ ਕਾਫੀ ਸੀ। ਇਸ ਨਾਲ ਜ਼ਿੰਦਗੀ ਵਿਚ ਇਕ ਰੁਮਾਂਸ ਜਿਹਾ ਬਣਿਆ ਰਹਿ ਸਕਦਾ ਸੀ। 'ਆਪਣੀ ਵੀ ਇਕ ਹੀਰ ਸਲੇਟੀ ਹੋਵੇਗੀ', ਮਾਸਟਰ ਜਗਤਾਰ ਸੋਚ ਗਿਆ ਸੀ।

ਕਾਲਿਜ ਵਿਚ ਪੜ੍ਹਦੇ ਸਮੇਂ ਵੀ ਰਸਮੀਤ ਦੇ ਸੁਭਾਅ ਵਿਚ ਕਾਹਲਾਪਨ ਸੀ। ਉਹ ਚਿੱਠੀ ਵੀ ਉਸਨੇ ਕਾਹਲੀ ਵਿਚ ਲਿਖੀ ਸੀ, ਜਿਸਦੀ ਮਾਫੀ ਮੰਗਣ ਲਈ ਉਹ ਏਨੇ ਸਾਲ ਤਰਲੋਮੱਛੀ ਹੁੰਦੀ ਰਹੀ ਸੀ।

ਉਹ ਦੋਵੇਂ ਬੀ.ਐੱਡ ਕਰਨ ਦੌਰਾਨ ਜਮਾਤੀ ਬਣੇ ਸਨ। ਬੀ.ਐੱਡ ਕਰਨ ਤੋਂ ਕੁਝ ਮਹੀਨੇ ਬਾਅਦ ਹੀ ਮਾਸਟਰ ਜਗਤਾਰ ਸਿੰਘ ਦਾ ਵਿਆਹ ਹੋ ਗਿਆ ਸੀ। ਬੀ.ਐੱਡ ਦੀ ਕਾਨਵੋਕੇਸ਼ਨ 'ਤੇ

ਉਸਦੀ ਪਤਨੀ ਰੁਪਿੰਦਰ ਉਸਦੇ ਨਾਲ ਗਈ ਸੀ। ਉਦੋਂ ਹੀ ਰਸਮੀਤ ਨੂੰ ਉਸਦੇ ਵਿਆਹ ਸੰਬੰਧੀ ਪਤਾ ਲੱਗਾ ਸੀ। ਕੁਝ ਦਿਨਾਂ ਬਾਅਦ ਹੀ ਰਸਮੀਤ ਦੀ ਚਿੱਠੀ ਜਗਤਾਰ ਸਿੰਘ ਨੂੰ ਮਿਲੀ ਸੀ। ਉਸਨੇ ਰੁਪਿੰਦਰ ਨੂੰ ਵੀ ਚਿੱਠੀ ਪੜ੍ਹਾਈ ਸੀ। ਚਿੱਠੀ ਪੜ੍ਹਕੇ ਰੁਪਿੰਦਰ ਤਾਂ ਹੱਸੀ ਜਾ ਰਹੀ ਸੀ ਪਰ ਮਾਸਟਰ ਜਗਤਾਰ ਸਿੰਘ ਗੰਭੀਰ ਹੋ ਗਿਆ ਸੀ। ਉਹ ਏਨੀਆਂ ਗਾਲ੍ਹਾਂ ਦਾ ਹੱਕਦਾਰ ਕਿਵੇਂ ਵੀ ਨਹੀਂ ਸੀ। ਉਹ ਰਸਮੀਤ ਨੂੰ ਅਚਾਨਕ ਆਉਂਦੇ ਗੁੱਸੇ ਨੂੰ ਦੇਖਕੇ ਹੀ ਪਿੱਛੇ ਹਟਿਆ ਸੀ। ਉਸਨੇ ਉਸ ਨਾਲ ਆਪਣੇ ਸੰਬੰਧ ਵਧਣੋਂ ਰੋਕ ਲਏ ਸਨ। ਚਿੱਠੀ ਪੜ੍ਹਕੇ ਉਸਨੂੰ ਆਪਣੇ ਫੈਸਲੇ 'ਤੇ ਤਸੱਲੀ ਹੋਈ ਸੀ। ਫਿਰ ਵੀ ਚਿੱਠੀ ਦਾ ਗੁੱਸਾ ਬਰਕਰਾਰ ਰਿਹਾ ਸੀ। ਕੁਝ ਦਿਨ ਬਾਅਦ ਹੀ ਉਹ ਆਪਣੇ ਸਕੂਲ ਤੋਂ ਛੁੱਟੀ ਲੈ ਕੇ ਰੁਪਿੰਦਰ ਨੂੰ ਨਾਲ ਲੈ ਕੇ ਰਸਮੀਤ ਨੂੰ ਮਿਲਣ ਚੱਲ ਪਿਆ ਸੀ।

ਉਨ੍ਹਾਂ ਦਿਨਾਂ ਵਿਚ ਰਸਮੀਤ ਵੀ ਉਸ ਵਾਂਗ ਹੀ ਇਕ ਪ੍ਰਾਈਵੇਟ ਸਕੂਲ ਵਿਚ ਪੜ੍ਹਾ ਰਹੀ ਸੀ। ਉਸ ਦਿਨ ਉਸਦੇ ਸਕੂਲ ਵਿਚ ਕੋਈ ਫੰਕਸ਼ਨ ਚੱਲ ਰਿਹਾ ਸੀ। ਰਸਮੀਤ ਸਟੇਸ ਸੰਭਾਲ ਰਹੀ ਸੀ। ਉਹ ਫਰਨ ਫਰਨ ਅੰਗਰੇਜ਼ੀ ਬੋਲ ਰਹੀ ਸੀ। ਉਹ ਕਲਾਸ ਵਿਚ ਪ੍ਰੋਫੈਸਰ ਨਾਲ ਬਹਿਸ ਕਰਦੀ ਹੋਈ ਵੀ ਇਵੇਂ ਬੋਲਦੀ ਹੁੰਦੀ ਸੀ। ਉਸਦੇ ਬੋਲਣ ਦੇ ਅੰਦਾਜ਼ ਅਤੇ ਉਸਦੀ ਫਰਨ ਫਰਨ ਅੰਗਰੇਜ਼ੀ ਨੇ ਹੀ  ਜਗਤਾਰ ਸਿੰਘ ਨੂੰ ਪੱਟਿਆ ਸੀ। ਦੋਵਾਂ ਦੀ ਕਿਤਾਬਾਂ ਪੜ੍ਹਨ ਦੀ ਆਦਤ ਫਿਰ ਦੋਵਾਂ ਨੂੰ ਆਪਣੇ ਕਿਤਾਬੀ ਸੰਸਾਰ ਵਿਚ ਲੈ ਗਈ ਸੀ।

ਰਸਮੀਤ ਨੇ ਉਨ੍ਹਾਂ ਨੂੰ ਪਿਛਲੀ ਕਤਾਰ ਵਿਚ ਬੈਠਿਆਂ ਨੂੰ ਦੇਖ ਲਿਆ ਸੀ। ਬੱਚਿਆਂ ਦਾ ਗਰੁੱਪ ਸੌਂਗ ਸ਼ੁਰੂ ਕਰਵਾ ਕੇ ਉਹ ਉਨ੍ਹਾਂ ਕੋਲ਼ ਆ ਗਈ ਸੀ। ਹਾਲ ਚਾਲ ਪੁੱਛਕੇ ਕੁਝ ਸਮੇਂ ਬਾਅਦ ਪ੍ਰੋਗਰਾਮ ਖਤਮ ਹੋਣ 'ਤੇ ਮਿਲਣ ਬਾਰੇ ਆਖ ਕੇ ਉਹ ਫਿਰ ਸਟੇਜ 'ਤੇ ਚਲੀ ਗਈ ਸੀ।

ਪ੍ਰੋਗਰਾਮ ਖਤਮ ਹੋਣ ਤੋਂ ਬਾਅਦ ਉਹ ਤਿੰਨੋਂ ਸਕੂਲ ਦੀ ਕੰਟੀਨ ਵਿਚ ਬੈਠੇ ਸਨ। ਸੰਜਮ ਭਰਪੂਰ ਵਰਤ ਵਿਹਾਰ ਦੇ ਬਾਵਜੂਦ ਜਗਤਾਰ ਸਿੰਘ ਅਤੇ ਰਸਮੀਤ ਦੋਵੇਂ ਤਣਾਅ ਵਿਚ ਸਨ। ਰੁਪਿੰਦਰ ਮੁਸਕਰਾਈ ਜਾ ਰਹੀ ਸੀ। ਉਹ ਦੋ ਸਾਬਕਾ ਪ੍ਰੇਮੀਆਂ ਦੀ ਇਸ ਮਿਲਣੀ ਨੂੰ ਤਣਾਅ ਮੁਕਤ ਹੋ ਕੇ ਦੇਖ ਰਹੀ ਸੀ। ਤਣਾਅ ਵਿਚ ਹੋਣ ਦੇ ਬਾਵਜੂਦ ਜਗਤਾਰ ਸਿੰਘ ਨੇ ਦੋਵਾਂ ਦੇ ਚਿਹਰਿਆਂ ਵੱਲ ਦੇਖਦਿਆਂ ਦੋਵਾਂ ਦੀ ਤੁਲਨਾ ਜ਼ਰੂਰ ਕੀਤੀ - ਇਕ ਸਿਰੇ ਦੀ ਸੋਹਣੀ ਦੂਜੀ ਸਿਰੇ ਦੀ ਪੜ੍ਹਾਕੂ।

"ਰਸਮੀਤ ਮੈਂ ਤੈਨੂੰ ਕਦੀ ਕੋਈ ਭਾਵੁਕ ਗੱਲ ਨਹੀਂ ਆਖੀ. ਫਿਰ ਵੀ ਤੂੰ ਮੈਨੂੰ ਏਨੀ ਭੈੜੀ ਚਿੱਠੀ ਲਿਖ ਮਾਰੀ?" ਰਸਮੀ ਗੱਲਾਂ ਤੋਂ ਬਾਅਦ ਉਸਨੇ ਪੁੱਛਿਆ ਸੀ। ਰਸਮੀਤ ਜਗਤਾਰ ਸਿੰਘ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕੀ ਸੀ ਤੇ ਫਿਰ ਰੁਪਿੰਦਰ ਨੂੰ ਮੁਖਾਤਬ ਹੋਈ ਸੀ, "ਕੀ ਕਰਦੇ ਹੁੰਦੇ ਹੋ? ਮੇਰਾ ਮਤਲਬ ਪੜ੍ਹਾਈ ਚੱਲ ਰਹੀ ਐ ਜਾਂ ਪੂਰੀ ਹੋ ਗਈ?"

"ਮੈਂ ਵੀ ਬੀ.ਐੱਡ ਕਰ ਕੇ ਹਟੀ ਆਂ", ਰੁਪਿੰਦਰ ਦਾ ਜਵਾਬ ਸੀ।

ਕੁਝ ਦੇਰ ਚੁੱਪ ਪਸਰੀ ਰਹੀ। ਵੇਟਰ ਚਾਹ ਵਾਲੇ ਕੱਪ ਰੱਖਕੇ ਚਲਾ ਗਿਆ। ਇਕ ਪਲੇਟ ਵਿਚ ਬਿਸਕੁਟ ਸਨ।

"ਆਪਣੇ ਦਰਮਿਆਨ ਤਾਂ ਵਿਆਹ ਕਰਵਾਉਣ ਸੰਬੰਧੀ ਵੀ ਕੋਈ ਗੱਲ ਨਹੀਂ ਤੀ ਹੋਈ", ਜਗਤਾਰ ਸਿੰਘ ਨੇ ਫਿਰ ਗੱਲ ਚਲਾਈ।

'ਬੇਵਕੂਫ ਨੂੰ ਕਿੰਨੀ ਵਾਰ ਕਿਹਾ ਕਿ 'ਤੀ' ਨਹੀਂ 'ਸੀ' ਬੋਲਿਆ ਕਰ', ਰਸਮੀਤ ਨੇ ਸੋਚਿਆ। ਉਹ ਜਗਤਾਰ ਸਿੰਘ ਦਾ ਜਵਾਬ ਦੇਣ ਦੀ ਥਾਂ ਫਿਰ ਉਸਦੀ ਪਤਨੀ ਨੂੰ ਸੰਬੋਧਤ ਹੋਈ, "ਘਰੇ ਹੁੰਦੇ ਹੋ ਜਾਂ ਕੋਈ ਸਕੂਲ ਜੋਐਨ ਕੀਤਾ?"



ਆਪਣੇ ਲਾਲ ਚੂੜੇ ਵੱਲ ਦੇਖਦੀ ਹੋਈ ਰੁਪਿੰਦਰ ਬੋਲੀ, "ਨਹੀਂ, ਅਜੇ ਘਰੇ ਹੁੰਦੀ ਹਾਂ।"

'ਅਜੇ ਛੇ ਮਹੀਨੇ ਪਹਿਲਾਂ ਤਾਂ ਮੇਰਾ ਵਿਆਹ ਹੋਇਆ! ਵੱਡੀ ਇੰਟੈਲੀਜੈਂਟ! ਜਗਤਾਰ ਇਸਨੂੰ ਪਤਾ ਨੀਂ ਕੀ ਸਮਝਦਾ', ਰੁਪਿੰਦਰ ਨੇ ਸੋਚਿਆ।

ਰਸਮੀਤ ਦਾ ਜਵਾਬ ਉਡੀਕਦਾ ਜਗਤਾਰ ਰੁਪਿੰਦਰ ਦੀਆਂ ਸਰਕਾਰੀ ਨੌਕਰੀ ਲੈ ਸਕਣ ਦੀਆਂ ਸੰਭਾਵਨਾਵਾਂ ਬਾਰੇ ਸੋਚਣ ਲੱਗਾ। ਖੁਦ ਉਸਦੇ ਨੰਬਰ ਚੰਗੇ ਸਨ ਤੇ ਆਉਣ ਵਾਲੀਆਂ ਪੋਸਟਾਂ ਵਿਚ ਉਸਨੂੰ ਪੱਕੀ ਨੌਕਰੀ ਮਿਲਣ ਦੀ ਪੂਰੀ ਸੰਭਾਵਨਾ ਸੀ। ਪਰ ਰੁਪਿੰਦਰ ਦੀ ਤਾਂ ਮਸਾਂ ਮਸਾਂ ਸੈਕਿੰਡ ਡਵੀਜਨ ਹੀ ਬਣਦੀ ਸੀ। ਉਸਨੂੰ ਦੇਖਣ ਗਿਆ ਉਹ ਉਸਦੀ ਖੂਬਸੂਰਤੀ ਵਿਚ ਅਜਿਹਾ ਡੁੱਬਿਆ ਸੀ ਕਿ ਉਸਦੇ ਨੰਬਰ ਪੁੱਛਣ ਦਾ ਹੌਸਲਾ ਹੀ ਨਹੀਂ ਕਰ ਸਕਿਆ ਸੀ। ਉਦੋ ਉਸਨੂੰ ਇਹ ਪੁੱਛਣਾ ਬੇਲੋੜਾ ਵੀ ਲੱਗਿਆ ਸੀ। 'ਸਭ ਕੁਝ ਨਹੀਂ ਮਿਲਦਾ ਹੁੰਦਾ' ਵਰਗੀ ਦਲੀਲ ਵੀ ਰੁਪਿੰਦਰ ਦੇ ਪੱਖ ਵਿਚ ਜਾ ਖੜ੍ਹੀ ਸੀ। ਰਸਮੀਤ ਤਾਂ ਏਨੇ ਨੰਬਰ ਲੈਂਦੀ ਸੀ ਕਿ ਕੁਝ ਵੀ ਬਣ ਸਕਦੀ ਸੀ। ਉਸੇ ਵੇਲ਼ੇ ਉਸ ਅੰਦਰਲੇ ਮਰਦ ਨੇ ਸਿਰ ਚੁੱਕਿਆ। ਉਹ ਰੁਪਿੰਦਰ ਦੀ ਸੁੰਦਰਤਾ ਨੂੰ ਰਸਮੀਤ ਨਾਲ ਤੁਲਨਾਉਣ ਲੱਗ ਪਿਆ। ਰਸਮੀਤ ਆਪਣੇ ਸੋਹਣੇ ਨਵੀਂ ਤਰ੍ਹਾਂ ਦੇ ਨਾਮ ਦੇ ਬਾਵਜੂਦ ਮੁਕਾਬਲੇ ਵਿਚ ਕੁਝ ਵੀ ਨਹੀਂ ਸੀ। ਇਸ ਨਾਪਸੰਦਗੀ ਵਿਚ ਰਸਮੀਤ ਦੀ ਚਿੱਠੀ ਕਾਰਨ ਪੈਦਾ ਹੋਏ ਗੁੱਸੇ ਦਾ ਰਲ਼ਾਅ ਤਾਂ ਹੈ ਹੀ ਸੀ।

"ਰਸਮੀਤ ਮੇਰੀ ਗੱਲ ਦਾ ਜਵਾਬ ਦੇ", ਜਗਤਾਰ ਸਿੰਘ ਠਰੰਮੇ ਨਾਲ ਕਹਿੰਦਾ ਹੋਇਆ ਪੁੱਛਣ ਲੱਗਾ, "ਤੂੰ ਮੇਰੇ ਵਿਆਹ 'ਤੇ ਏਨੀ ਖਿਝ ਕਿਉਂ ਗਈ? ਆਪਣੇ ਵਿਚ ਕਿਹੜਾ ਵਾਅਦਾ ਹੋਇਆ ਤੀ"?

"ਜਗਤਾਰ!" ਰਸਮੀਤ ਕੁਝ ਕਹਿਣ ਲੱਗੀ ਪਲ ਭਰ ਲਈ ਰੁਕ ਗਈ। ਫਿਰ ਹੌਲ਼ੀ ਦੇਣੀ ਬੋਲੀ, "ਤੁਸੀਂ ਇਹ ਵੀ ਨਹੀਂ ਕਹਿ ਸਕਦੇ ਕਿ ਸਾਡੇ ਦਰਮਿਆਨ ਕੁਝ ਵੀ ਨਹੀਂ ਵਾਪਰਿਆ ਸੀ। ਸਾਰਾ ਕੁਝ ਬੋਲ ਕੇ ਹੀ ਨਹੀਂ ਹੁੰਦਾ, ਕਾਫੀ ਕੁਝ ਚੁੱਪ ਚਾਪ ਵੀ ਵਾਪਰ ਜਾਂਦਾ ਹੈ।"

ਹੁਣ ਚੁੱਪ ਹੋ ਜਾਣ ਦੀ ਵਾਰੀ ਜਗਤਾਰ ਸਿੰਘ ਦੀ ਸੀ। ਇਸਦਾ ਮਤਲਬ ਰਸਮੀਤ ਵੀ ਉਸਦੇ ਬਾਰੇ ਬਹੁਤ ਕੁਝ ਸੋਚਦੀ ਰਹੀ ਸੀ। ਜੇ ਉਹ ਕੁਝ ਕਹਿੰਦੀ ਨਹੀਂ ਸੀ ਤਾਂ ਇਸਦਾ ਮਤਲਬ ਇਹ ਨਹੀਂ ਸੀ ਕਿ ਉਹ ਕੁਝ ਸੋਚਦੀ ਨਹੀਂ ਸੀ। ਜੇ ਇਹ ਸੱਚ ਸੀ ਕਿ ਜਗਤਾਰ ਸਿੰਘ ਨੇ ਕਦੇ ਕੁਝ ਮੂੰਹੋਂ ਨਹੀਂ ਕਿਹਾ ਸੀ ਤਾਂ ਸੱਚ ਇਹ ਵੀ ਸੀ ਕਿ ਦੋਵੇਂ ਬਿਨਾਂ ਕੁਝ ਕਿਹਾਂ ਇਕ ਦੂਜੇ ਦੇ ਬਹੁਤ ਨੇੜੇ ਪਹੁੰਚ ਚੁੱਕੇ ਸਨ।

ਇਸ ਤੋਂ ਬਾਅਦ ਦੋਵਾਂ ਨੇ ਇਸ ਬਾਰੇ ਕੋਈ ਗੱਲ ਨਾ ਕੀਤੀ। ਰਸਮੀਤ ਆਪਣੇ ਤੇ ਉਸਦੇ ਸਾਂਝੇ ਦੋਸਤਾਂ ਬਾਰੇ ਦੱਸਦੀ ਰਹੀ ਕਿ ਕਿਸ ਨੇ ਕਿੱਥੇ ਨੌਕਰੀ ਕਰ ਲਈ ਸੀ। ਕਿਹੜਾ ਅੱਗੇ ਪੜ੍ਹਨ ਲੱਗ ਪਿਆ ਸੀ। ਉਹ ਇਹ ਵੀ ਸਲਾਹ ਦਿੰਦੀ ਰਹੀ ਸੀ ਕਿ ਜਗਤਾਰ ਅਤੇ ਰੁਪਿੰਦਰ ਨੂੰ ਆਪਣੀ ਮੈਰਿਟ ਮਜ਼ਬੂਤ ਕਰਨ ਲਈ ਹੋਰ ਕੀ ਕੀ ਕਰ ਲੈਣਾ ਚਾਹੀਦਾ ਹੈ। ਜਦੋਂ ਉਹ ਸਕੂਲ ਦੇ ਗੇਟ 'ਤੇ ਆ ਕੇ ਆਪਣੇ ਮੋਟਰ ਸਾਈਕਲ 'ਤੇ ਸਵਾਰ ਹੋਣ ਲੱਗੇ ਸਨ ਤਾਂ ਰਸਮੀਤ ਨੇ ਕਿਹਾ ਸੀ, "ਤੁਹਾਡੀ ਜੋੜੀ ਸੋਹਣੀ ਲੱਗੀ ਐ। ਜਗਤਾਰ ਤੇਰੇ ਇਹ ਕਾਲ਼ਾ ਕਮੀਜ਼ ਬੜਾ ਫਬਦਾ ਐ। ਰੁਪਿੰਦਰ ਤੂੰ ਜਗਤਾਰ ਨੂੰ ਸਾਰੀ ਉਮਰ ਕਾਲ਼ਾ ਕਮੀਜ਼ ਜ਼ਰੂਰ ਪਹਿਨਾਉਂਦੀ ਰਹੀਂ।"

ਰਸਮੀਤ ਸੱਚਮੁੱਚ, ਦਿਲੋਂ ਬੋਲੀ ਸੀ। ਜਿਸ ਦਿਨ ਵੀ ਉਹ ਕਾਲ਼ੇ ਰੰਗ ਦਾ ਕਮੀਜ਼ ਪਹਿਨਦਾ, ਲੋਕੀਂ ਉਸ ਵੱਲ ਪ੍ਰਸ਼ੰਸਾਤਾਮਕ ਨਜ਼ਰਾਂ ਨਾਲ ਦੇਖਦੇ। ਖਾਸ ਮੌਕਿਆਂ 'ਤੇ ਰੁਪਿੰਦਰ

ਉਸ ਦਾ ਕਾਲ਼ਾ ਕਮੀਜ਼ ਕੱਢਕੇ ਪ੍ਰੈੱਸ ਕਰ ਦਿੰਦੀ ਤੇ ਉਸਨੂੰ ਉਹੀ ਪਹਿਨਣ ਲਈ ਜ਼ੋਰ ਪਾਉਂਦੀ। ਜਦੋਂ ਕਾਲ਼ਾ ਕਮੀਜ਼ ਪੁਰਾਣਾ ਹੋ ਜਾਂਦਾ ਤਾਂ ਉਹ ਇਕ ਹੋਰ ਨਵਾਂ ਕਾਲ਼ਾ ਕਮੀਜ਼ ਖਰੀਦ ਲੈਂਦੇ। ਇਸ ਦਿਨ ਉਹ ਰਸਮੀਤ ਨੂੰ ਜ਼ਰੂਰ ਯਾਦ ਕਰਦੇ। ਜਗਤਾਰ ਸਿੰਘ ਸੋਚਦਾ, 'ਚੀਜ਼ਾਂ ਨਾਲ ਵੀ ਬੰਦੇ ਦੀ ਯਾਦ ਕਿਵੇਂ ਜੁੜ ਜਾਂਦੀ ਐ, ਕਿ ਭੁਲਾਇਆਂ ਵੀ ਨਹੀਂ ਭੁੱਲਦੇ।'

ਜਦੋਂ ਉਹ ਇਕੱਠੇ ਪੜ੍ਹਦੇ ਸਨ ਤਾਂ ਉਦੋਂ ਵੀ ਰਸਮੀਤ ਉਸਦੇ ਪਹਿਨੇ ਹੋਏ ਕੱਪੜਿਆਂ ਦੀ ਪ੍ਰਸ਼ੰਸਾ ਕਰ ਦਿੰਦੀ ਹੁੰਦੀ ਸੀ। ਉਹ ਖੁਦ ਏਨੇ ਸਾਦੇ ਕੱਪੜੇ ਪਹਿਨਦੀ ਸੀ ਕਿ ਜਗਤਾਰ ਸਿੰਘ ਉਡੀਕਦਾ ਰਹਿੰਦਾ ਕਿ ਕਦੋਂ ਉਹ ਕੋਈ ਇਹੋ ਜਿਹਾ ਸੂਟ ਪਹਿਨੇ ਜਿਸਦੀ ਉਹ ਪ੍ਰਸ਼ੰਸਾ ਕਰ ਸਕੇ। ਕਦੀ ਕਦਾਈਂ ਜਗਤਾਰ ਸਿੰਘ ਵੈਸੇ ਹੀ ਉਸਦੀ ਪ੍ਰਸ਼ੰਸਾ ਕਰ ਦਿੰਦਾ। ਉਹ ਸਮਝ ਜਾਂਦੀ ਸੀ ਕਿ ਉਹ ਝੂਠ ਬੋਲ ਰਿਹਾ ਸੀ। ਉਹ ਭੜਕ ਪੈਂਦੀ, "ਸ਼ੱਟ ਅੱਪ। ਝੂਠੀ ਪ੍ਰਸ਼ੰਸਾ ਨਹੀਂ ਕਰਦੇ ਹੁੰਦੇ।"

ਰਸਮੀਤ ਚੰਡੀਗੜ੍ਹ ਦੀ ਜੰਮਪਲ ਸੀ ਪਰ ਚੰਡੀਗੜ੍ਹ ਉਸਦੇ ਪਹਿਰਾਵੇ ਨੂੰ ਨਹੀਂ ਲੱਗਿਆ ਸੀ। ਕੱਪੜਿਆਂ ਸੰਬੰਧੀ ਸ਼ਾਇਦ ਮਨ ਵਿਚ ਕੋਈ ਗੰਢ ਸੀ। ਜਗਤਾਰ ਸਿੰਘ ਜਦੋਂ ਵੀ ਇਸ ਗੰਢ ਨੂੰ ਖੋਲ੍ਹਣ ਦਾ ਯਤਨ ਕਰਦਾ ਤਾਂ ਉਹ 'ਸ਼ੱਟ ਅੱਪ' ਆਖ ਕੇ ਗੱਲ ਬਦਲ ਲੈਂਦੀ।

ਬੀ.ਐੱਡ ਦੀ ਕਲਾਸ ਦੇ ਅਲੱਗ ਅਲੱਗ ਸੈਕਸ਼ਨਾਂ ਵਿਚ ਰਸਮੀਤ ਦੇ ਕਈ ਦੋਸਤ ਮੁੰਡੇ ਕੁੜੀਆਂ ਪੜ੍ਹਦੇ ਸਨ। ਉਹ ਸਾਰੇ ਅੱਧੀ ਛੁੱਟੀ ਵੇਲੇ ਕਾਲਿਜ ਦੀ ਕੰਟੀਨ ਕੋਲ ਇਕੱਠੇ ਹੋ ਕੇ ਬੈਠਦੇ ਸਨ। ਜਗਤਾਰ ਸਿੰਘ ਸਾਹਿਤ ਪੜ੍ਹਨ ਦਾ ਸ਼ੌਕੀਨ ਸੀ। ਉਸਨੂੰ ਪਤਾ ਸੀ ਰਸਮੀਤ ਅਤੇ ਉਸਦੇ ਸਾਥੀ ਮੁੰਡੇ ਕੁੜੀਆਂ ਅੰਗਰੇਜ਼ੀ ਸਾਹਿਤ ਦੀਆਂ ਗੱਲਾਂ ਕਰਦੇ ਰਹਿੰਦੇ ਸਨ। ਉਹ ਸਾਰੇ ਉਸ ਵਰਗੇ ਹੀ ਸਨ। ਫਰਕ ਸੀ ਕਿ ਉਹ ਪਿੰਡ ਦਾ ਰਹਿਣ ਵਾਲਾ ਸੀ ਤੇ ਉਹ ਸ਼ਹਿਰ ਦੇ ਰਹਿਣ ਵਾਲੇ ਸਨ। ਉਹ ਪੰਜਾਬੀ ਬੋਲਦਾ ਸੀ ਤੇ ਉਹ ਅੰਗਰੇਜ਼ੀ ਵਧੇਰੇ ਬੋਲਦੇ ਸਨ। ਜਗਤਾਰ ਸਿੰਘ ਦਾ ਕਈ ਵਾਰ ਮਨ ਕਰਦਾ ਸੀ ਕਿ ਉਹ ਰਸਮੀਤ ਅਤੇ ਉਸਦੇ ਦੋਸਤਾਂ ਵਿਚ ਸ਼ਾਮਲ ਹੋਵੇ। ਕਲਾਸ ਵਿਚ ਅਧਿਆਪਕ ਨਾਲ ਵਿਚਾਰ ਚਰਚਾ ਵਿਚ ਰਸਮੀਤ ਵਧੇਰੇ ਸ਼ਾਮਲ ਹੁੰਦੀ ਸੀ। ਹੌਲ਼ੀ ਹੌਲ਼ੀ ਜਗਤਾਰ ਸਿੰਘ ਨੇ ਵੀ ਭਾਗ ਲੈਣਾ ਸ਼ੁਰੂ ਕਰ ਦਿੱਤਾ। ਉਹ ਪੜ੍ਹਾਇਆ ਜਾਣ ਵਾਲਾ ਪਾਠ ਪਹਿਲਾਂ ਪੜ੍ਹਕੇ ਜਾਂਦਾ। ਇਸ ਤਰ੍ਹਾਂ ਉਹ ਪਾਠ ਸੰਬੰਧੀ ਚਰਚਾ ਵਿਚ ਵਧੇਰੇ ਸਪਸ਼ਟਤਾ ਨਾਲ ਭਾਗ ਲੈ ਸਕਦਾ ਸੀ।

ਇਕ ਦਿਨ ਉਹ ਲਾਇਬਰੇਰੀ ਦੇ ਅੰਗਰੇਜ਼ੀ ਸੈਕਸ਼ਨ ਵਿਚੋਂ ਕੋਈ ਰੂਸੀ ਨਾਵਲ ਕੱਢ ਰਿਹਾ ਸੀ। ਉਸਦੇ ਨੇੜੇ ਖੜ੍ਹੀ ਕਿਤਾਬਾਂ ਦੇਖ ਰਹੀ ਰਸਮੀਤ ਨੇ ਅਚਾਨਕ ਪੁੱਛਿਆ ਸੀ, "ਤੁਸੀਂ ਵੀ ਲਿਟਰੇਚਰ ਪੜ੍ਹ ਲੈਂਦੇ ਹੋ?"

"ਹਾਂ ਜੀ, ਮੈਂ ਇਹ ਸਾਰੇ ਰੂਸੀ ਨਾਵਲ ਪੰਜਾਬੀ ਵਿਚ ਪੜ੍ਹੇ ਹੋਏ ਨੇ। ਹੁਣ ਅੰਗਰੇਜ਼ੀ ਵਿਚ ਇਸ ਲਈ ਪੜ੍ਹ ਰਿਹਾਂ ਤਾ ਕਿ ਮੇਰੀ ਅੰਗਰੇਜ਼ੀ ਤੁਹਾਡੇ ਵਰਗੀ ਹੋ ਜਾਵੇ। ਜਾਣ ਬੁੱਝ ਕੇ ਉਹ ਉਸਦੀ ਅੰਗਰੇਜ਼ੀ ਦੀ ਪ੍ਰਸ਼ੰਸਾ ਕਰ ਗਿਆ ਸੀ।

"ਤੁਹਾਡੀ ਪੰਜਾਬੀ ਬਹੁਤ ਸੋਹਣੀ ਐ, ਕਈ ਬੰਦੇ ਪੰਜਾਬੀ ਇਸ ਤਰ੍ਹਾਂ ਬੋਲਦੇ ਨੇ ਜਿਵੇਂ ਲੜ ਰਹੇ ਹੋਣ। ਤੁਹਾਡੀ ਪੰਜਾਬੀ ਬੜੀ ਮਿੱਠੀ ਐ", ਰਸਮੀਤ ਦਾ ਜਵਾਬ ਸੀ।

ਉਸ ਦਿਨ ਤੋਂ ਬਾਅਦ ਉਨ੍ਹਾਂ ਵਿਚ ਅਕਸਰ ਹੀ ਗੱਲਬਾਤ ਹੋਣ ਲੱਗੀ ਸੀ। ਉਹ ਕੰਟੀਨ 'ਤੇ ਚਾਹ ਪੀਣ ਜਾਣ ਲੱਗੇ ਸਨ। ਰਸਮੀਤ ਅਕਸਰ ਹੀ ਉਸਨੂੰ ਆਪਣੇ ਦੋਸਤਾਂ ਦੀ ਟੋਲੀ ਵਿਚ ਲਿਜਾਣ ਲੱਗੀ ਸੀ।



ਰਸਮੀਤ ਨਾਲ ਦੁਨੀਆਂ ਭਰ ਦੀਆਂ ਗੱਲਾਂ ਕਰ ਕੇ ਉਸਨੂੰ ਬੜਾ ਚੰਗਾ ਲੱਗਦਾ ਸੀ। ਜਿਉਂ ਹੀ ਉਹ ਉਸਦੇ ਸਾਦਾ ਜਿਹੇ ਸੁਹੱਪਣ ਦੀ ਪ੍ਰਸ਼ੰਸਾ ਕਰ ਦਿੰਦਾ ਤਾਂ ਉਹ ਖਿਝ ਜਾਂਦੀ। ਉਹ ਆਪਣੇ ਔਰਤਪਣ ਨੂੰ ਹੱਥ ਨਹੀਂ ਸੀ ਲਾਉਣ ਦਿੰਦੀ। ਰਸਮੀਤ ਵਾਸਤੇ ਇਹ ਬਹੁਤ ਬਾਅਦ ਦੀ ਗੱਲ ਸੀ। ਦੋਸਤੀ ਦੇ ਆਰੰਭ ਵਿਚ ਹੀ ਕੋਈ ਉਸਦੀ ਦੇਹ ਦੇ ਕਿਸੇ ਵੀ ਪੱਖ ਦੀ ਗੱਲ ਕਰੇ, ਉਸਨੂੰ ਅੱਗ ਬਬੂਲਾ ਕਰ ਦਿੰਦੀ ਸੀ।

ਕੁੜੀਆਂ ਤੋਂ ਹਮੇਸ਼ਾ ਦੂਰ ਦੂਰ ਰਹੇ ਜਗਤਾਰ ਸਿੰਘ ਨੂੰ ਇਹ ਗੱਲ ਸਮਝ ਨਹੀਂ ਆਉਂਦੀ ਸੀ। ਕਿਤਾਬਾਂ ਪੜ੍ਹਨ ਦਾ ਸ਼ੌਕ ਉਸਦੇ ਬੜਾ ਕੰਮ ਆਉਂਦਾ ਸੀ ਪਰ ਰਸਮੀਤ ਨੂੰ ਸਮਝਣ ਦੇ ਮਾਮਲੇ ਵਿਚ ਇਹ ਵੀ ਕੰਮ ਨਹੀਂ ਆਇਆ ਸੀ। ਹੌਲ਼ੀ ਹੌਲ਼ੀ ਜਗਤਾਰ ਸਿੰਘ ਨੂੰ ਮਹਿਸੂਸ ਹੋਇਆ ਕਿ ਰਸਮੀਤ ਦੀਆਂ ਸਾਰੀਆਂ ਸਿਆਣਪਾਂ ਦੇ ਬਾਵਜੂਦ ਉਹ ਉਸ ਨਾਲ ਸਾਰੀ ਉਮਰ ਇਕੱਠੇ ਰਹਿਣ ਦਾ ਫੈਸਲਾ ਨਹੀਂ ਕਰ ਸਕਦਾ ਸੀ। ਉਸਨੂੰ ਤਾਂ ਇਸ ਗੱਲ ਦੀ ਵੀ ਸਮਝ ਨਹੀਂ ਆਉਂਦੀ ਸੀ ਕਿ ਉਹ ਗ਼ਲਤ ਕੀ ਆਖ ਬੈਠਾ ਸੀ। ਉਸਨੇ ਰਸਮੀਤ ਨਾਲੋਂ ਦੂਰੀ ਬਣਾਉਣ ਦਾ ਫੈਸਲਾ ਕਰ ਲਿਆ। ਉਸਨੂੰ ਆਪਣੇ ਬਾਪੂ ਦੀ ਆਖੀ ਗੱਲ ਯਾਦ ਆ ਗਈ -- ਜਦੋਂ ਕਿਸੇ ਨਾਲੋਂ ਟੁੱਟਣਾ ਹੋਵੇ ਤਾਂ ਇਸ ਤਰ੍ਹਾਂ ਹੌਲ਼ੀ ਹੌਲ਼ੀ ਟੁੱਟੋ, ਜਿਸ ਤਰ੍ਹਾਂ ਛੱਪੜ ਦਾ ਪਾਣੀ ਹੌਲ਼ੀ ਹੌਲ਼ੀ ਸੁੱਕ ਜਾਂਦਾ ਹੈ। ਹੱਸਦੇ ਹੱਸਦੇ ਵਿਛੜੀਏ ਫਿਰ ਮਿਲਣ ਦੀ ਆਸ। ਇਸ ਤਰ੍ਹਾਂ ਦੋਸਤੀ ਦੁਸ਼ਮਣੀ ਵਿਚ ਨਹੀਂ ਬਦਲਦੀ। ਜਗਤਾਰ ਸਿੰਘ ਰਸਮੀਤ ਨੂੰ ਮਿਲਣਾ ਘਟਾਉਂਦਾ ਘਟਾਉਂਦਾ ਪੇਪਰਾਂ ਦੇ ਨੇੜੇ ਜਾ ਕੇ ਬਿਲਕੁਲ ਬੰਦ ਕਰ ਗਿਆ ਸੀ।

ਫਿਰ ਪੇਪਰਾਂ ਬਾਅਦ ਉਹ ਆਪੋ ਆਪਣੇ ਘਰੀਂ ਚਲੇ ਗਏ ਸਨ।

ਫਿਰ ਜਗਤਾਰ ਸਿੰਘ ਦਾ ਵਿਆਹ ਹੋਇਆ ਸੀ।

ਫਿਰ ਜਗਤਾਰ ਸਿੰਘ ਤੇ ਰੁਪਿੰਦਰ ਕਾਨਵੋਕੇਸ਼ਨ'ਤੇ ਗਏ ਸਨ।

ਫਿਰ ਰਸਮੀਤ ਦੀ ਚਿੱਠੀ ਆਈ ਸੀ।

ਉਹ ਫਿਰ ਮਿਲੇ ਸਨ ਤੇ ਫਿਰ ਹਮੇਸ਼ਾ ਲਈ ਵਿਛੜ ਗਏ ਸਨ।

ਹੁਣ ਵੀਹ ਸਾਲਾਂ ਦੇ ਵਕਫੇ ਬਾਅਦ ਰਸਮੀਤ ਦਾ ਫਿਰ ਫੋਨ ਆਉਣ ਲੱਗਾ ਸੀ।

ਰੁਪਿੰਦਰ ਭਾਵੇਂ ਰਸਮੀਤ ਨਾਲੋਂ ਸੋਹਣੀ ਕੁੜੀ ਸੀ ਪਰ ਫਿਰ ਵੀ ਉਹ ਇਕ ਸਾਧਾਰਨ ਕੁੜੀ ਸੀ। ਕਿਤਾਬਾਂ ਨਾਲ ਉਸਦਾ ਦੂਰ ਦਾ ਵੀ ਵਾਸਤਾ ਨਹੀਂ ਸੀ। ਜਗਤਾਰ ਸਿੰਘ ਇਕ ਸਰਕਾਰੀ ਸਕੂਲ ਵਿਚ ਤੇ ਰੁਪਿੰਦਰ ਸ਼ਹਿਰ ਦੇ ਇਕ ਨਾਮੀ ਪ੍ਰਾਈਵੇਟ ਸਕੂਲ ਵਿਚ ਅਧਿਆਪਕ ਸਨ। ਜਗਤਾਰ ਸਿੰਘ ਜਿੰਨਾ ਮਿਹਨਤੀ ਤੇ ਇਮਾਨਦਾਰ ਅਧਿਆਪਕ ਸੀ, ਰੁਪਿੰਦਰ ਉਨੀ ਹੀ ਸੁਸਤ ਤੇ ਕੰਮ-ਚਲਾਊ ਅਧਿਆਪਕਾ ਸੀ। ਜਗਤਾਰ ਸਿੰਘ ਨੂੰ ਅਕਸਰ ਹੀ ਇਹ ਖਿਆਲ ਆਉਂਦਾ:

'ਜੇ ਉਹ ਹੁੰਦੀ ਤਾਂ ਜ਼ਿੰਦਗੀ ਕੁਝ ਹੋਰ ਹੋਣੀ ਸੀ।'

ਉਸਨੂੰ ਖਿਆਲ ਆਉਂਦਾ ਕਿ ਆਪਣੀਆਂ ਬਦਤਮੀਜ਼ੀਆਂ ਦੇ ਬਾਵਜੂਦ ਰਸਮੀਤ ਇਕ ਲਾਜਵਾਬ ਕੁੜੀ ਸੀ।

"ਮੈਂ ਕਿਸ ਸਮੇਂ ਤੇ ਕਿਸ ਦਿਨ ਫੋਨ ਕਰਿਆ ਕਰਾਂ?" ਲਾਜਵਾਬ ਔਰਤ ਨੇ ਪੁੱਛਿਆ ਸੀ।

"ਐਤਵਾਰ ਸਵੇਰੇ, ਮੇਰੇ ਸੈਰ ਦੇ ਸਮੇਂ", ਜਗਤਾਰ ਸਿੰਘ ਨੇ ਕਿਹਾ ਸੀ।

ਹਰ ਐਤਵਾਰ ਸਵੇਰੇ ਉਸਦਾ ਫੋਨ ਆਉਣ ਲੱਗਾ ਸੀ। ਜਗਤਾਰ ਸਿੰਘ ਸਾਰਾ ਸਾਰਾ ਹਫਤਾ ਉਸਦਾ ਫੋਨ ਆਉਣ ਦੀ ਉਡੀਕ ਕਰਦਾ ਰਹਿੰਦਾ। ਜ਼ਿੰਦਗੀ ਵਿਚ ਪਹਿਲੀ ਵਾਰ ਮਹਿਸੂਸ

ਹੋਇਆ ਸੀ ਕਿ ਇਕ ਐਤਵਾਰ ਤੋਂ ਦੂਜੇ ਐਤਵਾਰ ਦਾ ਫਾਸਲਾ ਕਿੰਨਾ ਜ਼ਿਆਦਾ ਸੀ। ਸਮਾਂ ਕਿੰਨਾ ਹੌਲ਼ੀ ਹੌਲ਼ੀ ਤੁਰਦਾ ਸੀ। ਉਸਦਾ ਫੋਨ ਘੰਟਾ ਡੇਢ ਘੰਟਾ ਚੱਲਦਾ ਸੀ। ਉਨ੍ਹਾਂ ਦੋਵਾਂ ਕੋਲ ਕਿੰਨੀਆਂ ਗੱਲਾਂ ਸਨ। ਵੀਹ ਸਾਲ ਜਿਹੜੇ ਉਨ੍ਹਾਂ ਇਕੱਠਿਆਂ ਬਿਤਾਉਣੇ ਸਨ, ਅਲੱਗ ਅਲੱਗ ਬਿਤਾਏ ਸਨ। ਇਕ ਦੂਜੇ ਦੀਆਂ ਗੱਲਾਂ ਸੁਣ ਸੁਣ ਉਹ ਵੀਹ ਸਾਲਾਂ ਦੇ ਖਾਲੀ ਪਏ ਖਾਨੇ ਭਰਨ ਲੱਗੇ ਹੋਏ ਸਨ।

ਰੁਪਿੰਦਰ ਬੱਚਿਆਂ ਨੂੰ ਪੜ੍ਹਾਉਂਦੀ ਕੰਮ ਵਾਲੀ ਦੀ ਨਿਗਰਾਨੀ ਕਰਦੀ ਹੋਈ ਕੰਮ ਕਰਵਾਉਂਦੀ ਜਗਤਾਰ ਸਿੰਘ ਦੀ ਸੈਰ ਦੇ ਲੰਮੇ ਸਮੇਂ ਨੂੰ ਕੋਸਦੀ ਰਹਿੰਦੀ। ਪਰ ਘਰ ਦੇ ਕੰਮਾਂ ਵਿਚ ਮਾਸਟਰ ਜਗਤਾਰ ਸਿੰਘ ਏਨਾ ਸਹਿਯੋਗ ਕਰਦਾ ਸੀ ਕਿ ਰੁਪਿੰਦਰ ਉਸਨੂੰ ਸੈਰ ਦਾ ਸਮਾਂ ਘਟਾਉਣ ਲਈ ਨਹੀਂ ਆਖ ਸਕਦੀ ਸੀ।

ਇਕ ਐਤਵਾਰ ਸੈਰ ਸਮੇਂ ਗੱਲਾਂ ਕਰਦਿਆਂ ਅਚਾਨਕ ਰਸਮੀਤ ਨੇ ਗੁੱਸੇ ਨਾਲ ਪੁੱਛਿਆ ਸੀ, "ਵੈਸੇ ਜਗਤਾਰ ਤੂੰ ਮੇਰੇ ਨਾਲ ਧੋਖਾ ਤਾਂ ਕੀਤਾ ਸੀ ਨਾ? ਤੂੰ ਮੈਨੂੰ ਛੱਡ ਗਿਆ ਸੀ ਨਾ?"

"ਰਸਮੀਤ ਮੈਨੂੰ ਵਿਆਹ ਕਰਵਾ ਕੇ ਤਲਾਕ ਲੈਣ ਦਾ ਅਧਿਕਾਰ ਦੁਨੀਆ ਭਰ ਦੇ ਕਾਨੂੰਨ ਦਿੰਦੇ ਨੇ। ਤੇਰੇ ਨਾਲ ਨਾ ਮੇਰਾ ਕੋਈ ਵਿਆਹ ਹੋਇਆ ਸੀ, ਨਾ ਹੀ ਕੋਈ ਵਾਅਦਾ", ਉਹ ਵੀ ਤੈਸ਼ ਵਿਚ ਆ ਗਿਆ ਸੀ।

"ਸ਼ੱਟ ਅੱਪ ਜਗਤਾਰ, ਮੇਰੀ ਗੱਲ ਦਾ ਜਵਾਬ ਦੇ, ਤੂੰ ਮੈਨੂੰ ਛੱਡਿਆ ਸੀ ਕਿ ਨਹੀਂ?"

"ਉਸ ਗੱਲ ਦੀ ਸਜ਼ਾ ਵਜੋਂ ਤੂੰ ਮੈਨੂੰ ਬਹੁਤ ਭੈੜੀ ਚਿੱਠੀ ਲਿਖ ਚੁੱਕੀ ਏਂ। ਕੁਝ ਮਹੀਨੇ ਪਹਿਲਾਂ ਉਸ ਚਿੱਠੀ ਦੀ ਮਾਫੀ ਵੀ ਮੰਗ ਚੁੱਕੀ ਏਂ। ਜੇ ਅਜੇ ਵੀ ਤੇਰੇ ਦਿਮਾਗ਼ ਵਿਚ ਬਦਲੇ ਦੀ ਭਾਵਨਾ ਮੌਜੂਦ ਏ ਤਾਂ ਮੈਨੂੰ ਅੱਜ ਤੋਂ ਬਾਅਦ ਫੋਨ ਨਾ ਕਰੀਂ। ਕੋਈ ਲੋੜ ਨਹੀਂ ਏ ਮੈਨੂੰ ਤੇਰੇ ਫੋਨ ਦੀ। ਕੱਟ ਲੈ ਫੋਨ, ਮੈਂ ਨਹੀਂ ਗੱਲ ਕਰਨੀ ਤੇਰੇ ਨਾਲ", ਇਹ ਆਖਰੀ ਗੱਲਾਂ ਰਸਮੀਤ ਸਿਰਫ ਸੁਣਦੀ ਰਹੀ ਸੀ। ਵਿਚ ਨਹੀਂ ਸੀ ਬੋਲੀ। ਜਗਤਾਰ ਸਿੰਘ ਨੇ ਫੋਨ ਕੱਟ ਦਿੱਤਾ ਸੀ। ਉਸਨੇ ਸੋਚਿਆ, 'ਸਮੇਂ ਦੇ ਬੀਤਣ ਨਾਲ ਬੰਦਾ ਖਾਸਾ ਬਦਲ ਜਾਂਦਾ ਹੈ, ਪਰ ਕਾਫੀ ਕੁਝ ਨਹੀਂ ਵੀ ਬਦਲਦਾ!"

ਮਾਸਟਰ ਜਗਤਾਰ ਸਿੰਘ ਤੇਜ਼ ਕਦਮਾਂ ਨਾਲ ਘਰ ਵੱਲ ਤੁਰ ਪਿਆ। ਰੁਪਿੰਦਰ ਪਹਿਲਾਂ ਹੀ ਸ਼ਿਕਾਇਤ ਕਰਦੀ ਰਹਿੰਦੀ ਸੀ ਕਿ ਉਹ ਨਾਸ਼ਤੇ ਨੂੰ ਦੇਰ ਕਰ ਦਿੰਦਾ ਹੈ। 000

***(ਪੰਜਾਬੀ ਵਿਭਾਗ, ਆਰਟਸ ਫੇਕਲਟੀ, ਦਿੱਲੀ ਯੂਨੀਵਰਸਿਟੀ, ਦਿੱਲੀ-7, ਫੋਨ:95924-1577)***



## ਘਰ: ਕਹਾਣੀ: ਸਿਮਰਨ ਧਾਲੀਵਾਲ

ਮੈਨੂੰ ਤੀਜਾ ਦਿਨ ਹੈ, ਘਰ ਪਹੁੰਚੇ ਨੂੰ। ਤਿੰਨਾਂ ਦਿਨਾਂ 'ਚ ਬਾਪੂ ਕਈ ਵਾਰ ਫਿਸ ਚੁੱਕਿਆ। ਜ਼ਰਾ ਜਿੰਨੀ ਕੋਈ ਗੱਲ ਛਿੜਦੀ। ਉਹ ਗਲ਼ਾ ਭਰ ਆਉਂਦਾ। ਬਾਪੂ ਦੀਆਂ ਅੱਖਾਂ ਵਿਚ ਆਏ ਹੰਝੂ, ਮੈਨੂੰ ਬਹੁਤ ਅਜੀਬ ਲੱਗਦੇ ਨੇ। ਮੇਰਾ ਦਿਲ ਕਰਦਾ, ਬਾਪੂ ਨੂੰ ਕਹਾਂ, ਹੁਣ ਬੱਸ ਵੀ ਕਰ। ਐਵੇਂ...।

ਪਰ 'ਪਾਖੰਡ' ਸ਼ਬਦ ਵਰਤਣਾ ਮੈਨੂੰ ਔਖਾ ਲੱਗਦਾ।

ਹਰ ਵਾਰ ਮੇਰੀਆਂ ਅੱਖਾਂ ਅੱਗੇ ਚਾਰ ਸਾਲ ਪਹਿਲਾਂ ਵਾਲਾ ਬਾਪੂ ਆਣ ਖੜ੍ਹਦਾ। ...ਤੇ ਮੇਰੇ ਜ਼ਿਹਨ ਵਿਚ ਵੀਹ ਸਾਲ ਤੋਂ ਵਸੀ ਤਸਵੀਰ ਸਾਹਮਣੇ ਹੰਝੂ ਕੇਰਦਾ ਬਾਪੂ, ਮੈਨੂੰ ਕੋਈ ਹੋਰ ਜਾਪਣ ਲੱਗਦਾ। ਮੈਂ ਸੋਚਦਾ ਉਹ ਇੰਝ ਕਿਵੇਂ ਬਦਲ ਸਕਦਾ? ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਉਹ ਮੈਨੂੰ, ਮੇਰੇ ਘਰੋਂ ਤੁਰਨ ਵੇਲ਼ੇ ਲੱਗਿਆ ਸੀ।

ਬੇਬੇ ਕੋਲੋਂ ਅਪਣੇ ਹੰਝੂ ਨਹੀਂ ਸੀ ਰੁਕ ਰਹੇ।

"ਰੋਟੀ ਜੋਗਾ ਕੀ ਨਹੀਂ ਹੈਗਾ ਆਪਣੇ ਕੋਲ਼?"

ਉਹ ਕਈ ਦਿਨ ਕਲਪਦੀ ਰਹੀ ਸੀ। ਪਰ ਬਾਪੂ ਇੰਨੀ ਗੱਲ ਸੁਣਦਿਆਂ ਭੜਕ ਪੈਂਦਾ।

"ਤੇਰੇ ਵੱਸ ਹੋਵੇ ਨਾ...। ਸੋਹੀਆਂ ਦੀ ਝੰਡੀ ਕਰਨੀ ਏ ਪਿੰਡ 'ਚ। ਲੰਡੀ ਬੁੱਚੀ ਨਹੀਂ ਮੈਂ ਕੋਈ। ਇਹਨੂੰ ਬੱਸ ਰੋਟੀ ਦਿਸਦੀ।"

ਸੇਠੀ ਏਜੰਟ ਨਾਲ ਕਿਸੇ ਵੀ ਤਰ੍ਹਾਂ 'ਵਾਧਾ-ਘਾਟਾ' ਕਰਕੇ ਬਾਪੂ ਨੇ ਮੈਨੂੰ ਆਸਟ੍ਰੇਲੀਆ ਤੋਰ ਦਿੱਤਾ ਸੀ। ਘਰੋਂ ਤੁਰਨ ਵੇਲੇ ਮੈਂ ਬੇਬੇ ਨੂੰ ਚਿੰਬੜ ਕੇ ਕਿੰਨੀ ਹੀ ਦੇਰ ਤੀਕ ਰੋਂਦਾ ਰਿਹਾ ਸੀ। ਗੱਡੀ 'ਚ ਬੈਠਣ ਵੇਲੇ ਝੁਕ ਕੇ ਬਾਪੂ ਦੇ ਪੈਰੀਂ ਹੱਥ ਲਗਾਉਣ ਲੱਗਿਆ ਤਾਂ ਉਹਨੇ ਮੇਰਾ ਹੱਥ ਫੜ ਕੇ ਅੱਖਾਂ ਵਿਚ ਝਾਕਦੇ ਹੋਏ ਕਿਹਾ ਸੀ, "ਬੁੜ੍ਹੀਆਂ ਵਾਂਗੂੰ ਡੁਸਕੇ ਨਾ ਲਗਾਈ ਜਾਈਂ ਹੁਣ ਉੱਥੇ ਜਾ ਕੇ। ਰੁੱਗ ਰੁਪਈਆਂ ਦਾ ਲੱਗਿਆ। ਚੇਤਾ ਰੱਖੀਂ।"

ਏਅਰਪੋਰਟ ਤੀਕ ਜਾਂਦਿਆਂ, ਮੈਂ ਬਾਪੂ ਦੀ ਏਸੇ ਗੱਲ ਬਾਰੇ ਸੋਚਦਾ ਰਿਹਾ ਸੀ।

ਕਾਸ਼! ਬਾਪੂ ਨੇ ਕਿਹਾ ਹੁੰਦਾ, "ਭੋਲਿਆ ਆਪਣਾ ਖਿਆਲ ਰੱਖੀਂ। ਖਾਣ-ਪੀਣ ਤੋਂ ਘੌਲ਼ ਨਾ ਕਰੀਂ। ਕਮਾਈਆਂ ਨਾਲ ਵੀ ਰੱਜਿਆ ਕਦੀ ਬੰਦਾ।"

ਪਰ ਮੈਂ ਜਾਣਦਾ ਸੀ, ਬਾਪੂ ਤਾਂ ਇੰਝ ਦਾ ਕਦੀ ਵੀ ਨਹੀਂ ਸੀ। ਫਿਰ ਉਹ ਜਿਸ ਨੂੰ ਮੈਂ ਤਿੰਨ ਦਿਨਾਂ ਤੋਂ ਦੇਖ ਰਿਹਾ...।

ਬਾਪੂ ਦਾ ਇਹ ਰੂਪ ਮੇਰੀ ਸਮਝੋਂ ਬਾਹਰ ਸੀ।

ਇਹਨਾਂ ਤਿੰਨਾਂ ਦਿਨਾਂ 'ਚ ਬਾਪੂ ਦੇ ਕਈ ਰੂਪ ਮੇਰੇ ਸਾਹਮਣੇ ਉਭਰੇ ਨੇ। ਹਰ ਰੂਪ ਵਿਚ ਉਹ ਮੈਨੂੰ ਪਹਿਲਾਂ ਨਾਲੋਂ ਵੀ ਵੱਧ ਅਜੀਬ ਲੱਗਿਆ। ਮੈਂ ਇੰਨੇ ਸਾਲਾਂ ਤੋਂ ਉਸਦੇ ਇਹਨਾਂ ਰੂਪਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਰਿਹਾ ਸੀ। ਪਰ ਉਸਦਾ ਕੋਈ ਵੀ ਰੂਪ ਮੇਰੇ ਕਦੀ ਸਮਝ ਨਹੀਂ ਸੀ ਆਇਆ।

....ਤੇ ਉਸ ਨੂੰ ਇੰਝ ਹੰਝੂ ਕੇਰਦਿਆਂ ਦੇਖ ਕੇ...।

ਇਕ ਪਲ ਲਈ ਮੇਰਾ ਮਨ ਬਾਪੂ ਲਈ ਤਰਸ ਨਾਲ ਭਰ ਜਾਂਦਾ। ਪਰ ਉਸੇ ਪਲ ਬਾਪੂ ਕਿਸੇ ਹੋਰ ਰੂਪ ਵਿਚ ਮੇਰੀਆਂ ਅੱਖਾਂ ਅੱਗੇ ਆਣ ਖੜ੍ਹਦਾ।

"ਤੂੰ ਤਾਂ ਮੇਰੇ ਜੋਗੀ ਹੀ ਰੱਖੀ ਸੀ। ਘਾਟੇ ਦਾ ਘਰ। ਕਦੀ ਕਿਹਾ ਵੀ ਏ ਤੂੰ ਕਿ ਠੀਕ ਆਂ ਮੈਂ। ਚੱਤੇ-ਪਹਿਰ ਕੁਝ ਨਾ ਕੁਝ ਦੁਖਦਾ ਹੀ ਰਹਿੰਦਾ ਤੇਰਾ। ਮੱਲ੍ਹੇ ਕੋਲੋਂ ਦਾਰੂ ਲਿਆ ਕੇ ਪਾ ਲੈ।"

ਮੈਂ ਪਹਿਲੀ ਤਨਖਾਹ 'ਚੋਂ ਖਰਚੇ ਜੋਗੇ ਪੈਸੇ ਰੱਖ ਕੇ ਬਾਕੀ ਸਾਰੇ ਬਾਪੂ ਨੂੰ ਭੇਜ ਦਿੱਤੇ ਸੀ।

ਪਰ ਬਾਪੂ ਬੇਬੇ ਦੀਆਂ ਅੱਖਾਂ ਦਾ ਆਪ੍ਰੇਸ਼ਨ ਕਰਾਉਣ ਲਈ ਨਹੀਂ ਸੀ ਮੰਨਿਆ।

"ਜੀਆਂ ਨਾਲੋਂ ਪੈਸਾ ਤਾਂ ਨਹੀਂ ਚੰਗਾ। ਚੜ੍ਹੇ ਮਹੀਨੇ ਮੈਂ ਇੰਨੇ ਹੀ ਹੋਰ ਪਾ ਦਊਂ।"

ਪਰ ਮੇਰੀ ਗੱਲ ਪੂਰੀ ਨਹੀਂ ਸੀ ਹੋਈ। ਮੈਨੂੰ ਲੱਗਿਆ ਜੇ ਕਿਤੇ ਮੈਂ ਫੋਨ ਦੀ ਥਾਂ ਸਾਹਮਣੇ ਹੁੰਦਾ, ਬਾਪੂ ਮੇਰੇ ਮੂੰਹ 'ਤੇ ਤਾੜ ਕਰਦਾ ਥੱਪੜ ਮਾਰਦਾ।

"ਸਾਲ਼ਿਆ ਜੰਮ ਮੁਕਿਆ ਨਹੀਂ, ਪਿਉ ਨੂੰ ਮੱਤਾ ਦਿੰਦਾ। ਅੰਨ੍ਹੀ ਤਾਂ ਨਈਂ ਹੋ ਗਈ ਉਹ। ਮੇਰੇ ਨਾਲ ਬਕਵਾਸ ਕਰਨ ਦੀ ਲੋੜ ਨਹੀਂ।"

ਬਾਪੂ ਨੇ ਫੋਨ ਕੱਟ ਦਿੱਤਾ ਸੀ।

ਮੇਰੇ ਸਾਹਮਣੇ ਬੇਬੇ ਖੜ੍ਹੀ ਸੀ। ਲਾਚਾਰ ਜਿਹੀ ਹਰੇਕ ਚੀਜ਼ ਨੂੰ ਤਰਸਦੀ।

ਅਸੀਂ ਦੋਵੇਂ ਭੈਣ ਭਰਾ ਸਕੂਲ ਪੜ੍ਹਦੇ ਸੀ। ਬੇਬੇ ਜਦ ਵੀ ਕੁਝ ਖਰੀਦਦੀ, ਬਾਪੂ ਤੋਂ ਪਰਦਾ ਰੱਖਦੀ।

"ਵੇ ਨਿੱਕਿਆ...ਤੇਰੀ ਜ਼ੁਬਾਨ ਨਹੀਂ ਖਲੋਂਦੀ ਹੁੰਦੀ। ਐਂਵੇਂ ਨਾ ਆਪਣੇ ਬਾਪੂ ਕੋਲ਼ੇ....।"

...ਤੇ ਬਾਪੂ ਅੱਗੇ ਚੁਪ ਰਹਿੰਦਾ-ਰਹਿੰਦਾ ਮੈਂ ਵੱਡਾ ਹੋ ਕੇ ਵੀ ਬਾਪੂ ਕੋਲ਼ੋਂ ਦੂਰ ਹੋ ਗਿਆ ਸੀ।

ਅਸੀਂ ਆਪਸ ਵਿਚ ਮੁੱਲ ਦਾ ਹੀ ਬੋਲਦੇ।

"ਬੱਚਿਆਂ 'ਤੇ ਅਸਰ ਤਾਂ ਫਿਰ ਪੈਣਾ ਈ ਆ। ਜਦ ਹਰ ਵੇਲ਼ੇ...।"

ਮੇਰੀ ਮਾਸੀ ਬਾਪੂ ਦੇ ਕਲੇਸ਼ ਦੀਆਂ ਗੱਲਾਂ ਕਰਿਆ ਕਰਦੀ ਸੀ।

ਪਰ ਬਾਪੂ 'ਤੇ ਔਲਾਦ ਦੇ ਵੱਡੀ ਹੋਣ ਦਾ ਵੀ ਕੋਈ ਅਸਰ ਨਹੀਂ ਸੀ।

"ਹੁਣ ਤਾਂ ਧੀ ਵੀ ਵਿਆਹੀ ਗਈ। ਖਬਰੈ ਹੁਣ ਈ...।"

ਬੇਬੇ ਬਾਪੂ ਦੇ ਸੁਭਾਅ ਦੇ ਬਦਲ ਜਾਣ ਦੀ ਉਮੀਦ ਰੱਖਦੀ ਸੀ। ਪਰ ਬਾਪੂ ਤਾਂ....।

ਸ਼ਾਮ ਨੂੰ ਦੋ-ਤਿੰਨ ਜਣੇ ਦਰਵਾਜ਼ੇ ਨਾਲ ਦੀ ਬੈਠਕ ਵਿਚ ਬੈਠੇ ਹੁੰਦੇ। ਬੇਬੇ ਸਾਨੂੰ ਰੋਟੀ ਖਵਾ ਕੇ, ਚੁਲ੍ਹੇ ਅੱਗੇ ਬੈਠੀ ਬਾਪੂ ਦੇ ਰੋਟੀ ਖਾਣ ਦੀ ਉਡੀਕ ਕਰਦੀ ਰਹਿੰਦੀ। ਸਿਆਲ਼ ਦੀ ਰੁਤੇ ਲੋਕ ਅੱਧੀ ਨੀਂਦ ਪੂਰੀ ਕਰ ਲੈਂਦੇ। ਜਦ ਬੇਬੇ, ਬਾਪੂ ਤੇ ਉਹਦੇ ਬੇਲੀਆਂ ਲਈ ਰੋਟੀ ਪਕਾਉਂਦੀ। ਜਦ ਬਾਪੂ ਘਰ ਹੁੰਦਾ, ਅਸੀਂ ਦੋਨੋਂ ਭੈਣ ਭਰਾ ਉੱਚੀ ਸਾਹ ਨਾ ਲੈਂਦੇ। ਜਦ ਕਦੀ ਬਾਪੂ, ਬੇਬੇ ਨਾਲ ਝਗੜਨ ਲੱਗਦਾ, ਅਸੀਂ ਦੋਨੋਂ ਜਣੇ ਅੰਦਰ ਵੜ ਕੇ ਰੋਣ ਲੱਗਦੇ। ਬਾਪੂ ਰੋਟੀ ਵਾਲੀ ਥਾਲ਼ੀ ਦੂਰ ਵਗਾਹ ਮਾਰਦਾ ਤੇ ਬੇਬੇ ਨੂੰ ਵਾਲ਼ਾਂ ਤੋਂ ਫੜ ਲੈਂਦਾ।

"ਸਾਲ਼ੀ ਗੰਦੇ ਖਾਨਦਾਨ ਦੀ। ਬੰਦੇ ਨੇ ਇਕ ਰੋਟੀ ਖਾਣੀ ਹੁੰਦੀ ਸਾਰੀ ਦਿਹਾੜੀ ਖਪ ਕੇ...। ਉਹ ਵੀ ਨਹੀਂ ਜੁੜਦੀ ਚੱਜ ਨਾਲ।"

ਤਵੇ 'ਤੇ ਪਈ ਰੋਟੀ ਮੱਚ ਕੇ ਕੋਲਾ ਬਣ ਜਾਂਦੀ।

"ਵੀਹ ਵਾਰ ਕਿਹਾ ਰੋਟੀ ਤੱਤੀ ਲਿਆਇਆ ਕਰ।"

ਬੁੜ-ਬੁੜ ਕਰਦਾ ਬਾਪੂ ਅੰਦਰ ਵੜ ਜਾਂਦਾ। ਮੱਚੀ ਹੋਈ ਰੋਟੀ ਵੱਲ ਦੇਖਦੀ ਬੇਬੇ ਆਪਣੀ ਹਰ ਵੇਲੇ ਧੁਖਦੀ ਰਹਿੰਦੀ ਜ਼ਿੰਦਗੀ ਬਾਰੇ ਸੋਚ-ਸੋਚ ਹੰਝੂ ਕੇਰਦੀ। ਸਾਨੂੰ ਦੋਹਾਂ ਭੈਣ-ਭਰਾਵਾਂ ਨੂੰ ਨਾਲ ਘੁੱਟ ਕੇ ਸੌਂਣ ਦੀ ਕੋਸ਼ਿਸ਼ ਕਰਦੀ।

ਪਰ ਮੈਂ ਸਾਰੀ ਉਮਰ, ਉਹਦੀਆਂ ਅੱਖਾਂ ਵਿਚ ਸਕੂਨ ਦੀ ਨੀਂਦ ਨਹੀਂ ਸੀ ਦੇਖੀ।

ਮੈਂ ਆਪਣੇ ਮਾਮੇ ਦੇ ਮੁੰਡੇ ਨੂੰ ਪੈਸੇ ਭੇਜ ਕੇ ਬੇਬੇ ਦਾ ਆਪ੍ਰੇਸ਼ਨ ਕਰਵਾਉਣ ਲਈ ਆਖਿਆ ਸੀ। ਉਹ ਜਦੋਂ ਬੇਬੇ ਨੂੰ ਲੈਣ ਆਇਆ, ਉਹਨੇ ਆਪ੍ਰੇਸ਼ਨ ਵਾਲੀ ਗੱਲ ਬਾਪੂ ਨੂੰ ਨਹੀਂ ਸੀ ਦੱਸੀ।

"ਲੈ ਜਾ ਭਾਈ! ਪੇਕੇ ਲੈਣ ਆਏ, ਮੈਂ ਕੌਣ ਹੁੰਦਾ ਰੋਕਣ ਵਾਲਾ।"

ਬੇਬੇ ਗੁਆਂਢਣ ਤਾਈ ਨੂੰ ਰੋਟੀ ਦਾ ਪੱਕਾ ਕਰ ਕੇ ਗਈ ਸੀ।

ਆਪ੍ਰੇਸ਼ਨ ਮਗਰੋਂ ਜਦੋਂ ਬੇਬੇ ਪਿੰਡ ਆਈ ਤਾਈ ਬਾਪੂ ਦੀ ਕਥਾ ਛੇੜ ਕੇ ਬੈਠ ਗਈ।



"ਭਾਈ ਰੋਟੀ ਤਾਂ ਦਿੰਦੀ ਜੇ ਤੇਰਾ ਸਾਊ ਵੇਲੇ ਸਿਰ ਘਰ ਮੁੜਦਾ। ਦਸ-ਦਸ ਬੰਦੇ ਬਿਠਾ ਛੱਡਦਾ ਸੀ। ਮੈਂ ਤਾਂ ਪਹਿਲੇ ਦਿਨ ਹੀ ਡਿਉੜੀ 'ਚੋਂ ਮੁੜ ਗਈ ਸੀ। ਸ਼ਰਾਬੀ ਬੰਦੇ ਨਾਲ ਕਾਹਦਾ ਚੱਜ।"

...ਤੇ ਬਾਪੂ ਆਪਣੇ ਸਾਰੇ ਚੱਜ ਭੁੱਲ ਗਿਆ ਸੀ। ਉਹ ਬੇਬੇ ਨਾਲ ਆਪ੍ਰੇਸ਼ਨ ਪਿੱਛੇ ਉਖੜਿਆ ਫਿਰਦਾ ਸੀ।

"ਜਗਤਾਰ ਸਿਹੁੰ ਸੋਹੀ ਨਾਂ ਏ ਮੇਰਾ। ਸਿਰ ਸੁਆਹ ਪਾ ਦਿੱਤੀ ਮੇਰੇ। ਮੈਥੋਂ 'ਲਾਜ ਨਾ ਹੁੰਦਾ ਤੇਰਾ। ਪੁੱਤ ਮੇਰਾ ਦੋਹੀਂ ਹੱਥੀਂ ਨੋਟ 'ਕੱਠੇ ਕਰਦਾ।"

ਪਰ ਬਾਪੂ ਨੇ ਕਦੀ ਨਹੀਂ ਸੀ ਸੋਚਿਆ ਕਿ ਦੋਹਾਂ ਹੱਥਾਂ ਨਾਲ ਨੋਟ ਕਿੱਦਾਂ 'ਕੱਠੇ ਹੁੰਦੇ ਨੇ। ਉਹਨੇ ਕਦੀ ਮੈਨੂੰ ਮੇਰਾ ਹਾਲ ਨਹੀਂ ਸੀ ਪੁੱਛਿਆ। ਹਮੇਸ਼ਾ ਕੰਮ ਕਾਰ ਦਾ ਪੁਛਦਾ।

ਪਰ ਹੁਣ ਉਹੀ ਬਾਪੂ ਮੈਨੂੰ ਤਿੰਨ ਦਿਨਾਂ ਵਿਚ ਤੀਹ ਵਾਰ ਆਖ ਚੁੱਕਿਆ।

"ਭੋਲਿਆ ਹੁਣ ਨਹੀਂ ਜਾਣ ਦੇਣਾ ਮੈਂ ਤੈਨੂੰ। ਵਿਆਹ ਦੀ ਤੇਰੀ ਉਮਰ ਟੱਪਦੀ ਜਾਂਦੀ। ਤੇਰੇ ਹਾਣੀ ਦੋ-ਦੋ ਜਵਾਕ ਚੁੱਕੀ ਫਿਰਦੇ।"

ਬੇਬੇ ਨੇ ਵੀ ਤਾਂ ਪਤਾ ਨਹੀਂ ਕਿੰਨੀ ਕੁ ਵਾਰ ਕਹੀ ਸੀ ਇਹ ਗੱਲ ਮੈਨੂੰ। ਉਹ ਫੋਨ ਉੱਤੇ ਹੀ ਮਨ ਭਰ ਆਉਂਦੀ।

"ਮੈਂ ਤਾਂ ਜਿਵੇਂ ਸੁੱਖ ਲਿਖਾ ਕੇ ਹੀ ਨਹੀਂ ਆਈ। ਧੀ ਵਿਆਹ ਕੇ ਆਪਣੇ ਘਰ ਤੋਰ 'ਤੀ। ਪੁੱਤ ਪਰਦੇਸੀਂ ਰੁਲਦਾ ਫਿਰਦਾ।"

ਪਰਦੇਸੀਂ ਰੁਲਣ ਨੂੰ ਕਿਸ ਦਾ ਦਿਲ ਕਰਦਾ ਸੀ। ਪਰ ਮੇਰੀ ਤੇ ਬਾਪੂ ਦੀ ਬਣ ਨਾ ਆਉਂਦੀ।

ਉਹਨੂੰ ਕਿਸੇ ਗੱਲ ਦੀ ਲੱਥੀ ਚੜ੍ਹੀ ਨਹੀਂ ਸੀ। ਨਿਤ ਦਾਰੂ ਪੀਂਦਾ ਤੇ ਪੀ ਕੇ ਗਾਹਲ ਬਿਨਾਂ ਗੱਲ ਨਾ ਕਰਦਾ। ਬੁੜ੍ਹੇ ਵਾਰੇ ਵੀ ਬੇਬੇ ਨਾਲ ਧੌਲ਼-ਧੱਫਾ ਕਰਨ ਲੱਗਦਾ। ਇਹਨਾਂ ਗੱਲਾਂ ਪਿੱਛੇ ਸਾਡੇ ਵਿਚ ਝਗੜਾ ਹੋ ਜਾਂਦਾ।

ਇਕ ਵਾਰ ਬਾਪੂ ਘਰ ਛੱਡ ਕੇ ਮੋਟਰ 'ਤੇ ਜਾ ਬੈਠਾ।

ਵਿਹੜੇ 'ਚੋਂ ਕਿਸੇ ਕੁੜੀ ਨੂੰ ਰੋਟੀ ਪਕਾਉਣ ਲਈ ਲਗਾ ਲਿਆ।

ਉਹਦੀ ਸ਼ਰਮ ਹੋਰ ਚੁੱਕੀ ਗਈ।

"ਭਾਈਆ ਇਉਂ ਠੀਕ ਨਹੀਂ ਲੱਗਦਾ। ਕੁੜਮਾਂ ਵਾਲਾ ਤੂੰ ਸੁੱਖ ਨਾਲ। ਹੋਰ ਸਾਲ ਨੂੰ ਨੂੰਹ ਆ ਜੂ ਘਰੇ। ਟੱਬਰ ਤੋਂ ਪਾਸੇ...।"

ਮਾਮਾ ਬਾਪੂ ਨੂੰ ਸਮਝਾਉਣ ਲਈ ਆਇਆ ਸੀ।

"ਮੈਂ ਕਿਹੜਾ ਲੱਲੀ-ਛੱਲੀ ਆਂ ਫੌਜੀਆ! ਜਦ ਟੱਬਰ ਕਦਰ ਹੀ ਨਾ ਕਰੇ।...ਦੁਨੀਆਂ ਪੀਂਦੀ-ਖਾਂਦੀ ਨਹੀਂ...?"

ਮਾਮੇ ਦੇ ਸਮਝਾਇਆਂ ਵੀ ਬਾਪੂ ਘਰ ਨਹੀਂ ਸੀ ਆਇਆ।

ਲੋਕ ਘਰ ਆ ਕੇ ਦੱਸਦੇ। ਕਹਿੰਦੇ, "ਜਗਤਾਰ ਸਿਹੁੰ ਕਹਿੰਦਾ ਮੈਂ ਜ਼ਮੀਨ ਦਾਨ ਕਰ ਦੇਣੀ ਗੁਰਦੁਆਰੇ ਨੂੰ।"

ਐਸੀਆਂ ਗੱਲਾਂ ਸੁਣ ਕੇ ਬੇਬੇ ਹੋਰ ਕਲਪਣ ਲੱਗਦੀ।

...ਫਿਰ ਇਕ ਦਿਨ ਬਿਸਤਰਾ ਚੁੱਕ ਕੇ ਬਾਪੂ ਖ਼ੁਦ ਹੀ ਘਰ ਆ ਗਿਆ।

"ਤੂੰ ਨਾ ਖਹਿਬੜਿਆ ਕਰ। ਕਰੀ ਜਾਣ ਦੇ ਜੋ ਕਰਦਾ।"

ਬੇਬੇ ਨੇ ਬਾਪੂ ਦੇ ਘਰ ਮੁੜੇ ਤੋਂ ਜਿਵੇਂ ਸੁੱਖ ਦਾ ਸਾਹ ਲਿਆ ਸੀ।

ਬਪੂ ਮੇਰੇ ਨਾਲ ਘੁੱਟਿਆ ਰਹਿੰਦਾ। ਮੈਂ ਬਾਪੂ ਕੋਲ਼ੋਂ ਦੂਰ ਰਹਿੰਦਾ।

"ਜਦ ਜਵਾਕ ਨਾਲ ਬੋਲਣਾ ਨਹੀਂ ਸਿੱਧੇ ਮੂੰਹ।"

ਪਰ ਉਸ ਦਿਨ ਹਰਖੀ ਬੇਬੇ ਅੱਗਿਓਂ ਬੋਲ ਪਈ ਸੀ।

"ਤੂੰ ਤਾਂ ਕਰਾ 'ਤਾ ਸੀ 'ਲਾਜ। ਵਾਗੀਆਂ ਤਾਹ 'ਤੀ ਖਸਮਾਂ ਤਾਂ ਨਹੀਂ...। ਤੇਰੇ ਈ ਪੁੱਤ ਨੇ ਭੇਜੇ ਸੀ ਡਾਲਰ। ਤੇਰੀ ਸ਼ਾਨ ਨੂੰ ਨਹੀਂ ਫ਼ਰਕ ਪਾ ਕੇ ਆਈ ਪੇਕੀਂ।"

ਬਾਪੂ ਦੂਣਾ ਉੱਖੜ ਗਿਆ ਸੀ।

"ਸਾਲ਼ੇ ਚੋਰੀਆਂ ਕਮਾਉਂਦੇ ਮੈਥੋਂ।"

ਉਹ ਦਿਨ ਰਾਤ ਦਾਰੂ ਪੀ ਕੇ ਮੈਨੂੰ ਤੇ ਬੇਬੇ ਨੂੰ ਗਾਹਲਾਂ ਕੱਢਦਾ ਰਿਹਾ। ਪਰ ਉਹੀ ਬਾਪੂ ਹੁਣ ਕਈ ਦਿਨਾਂ ਤੋਂ ਦਾਰੂ ਛੱਡੀ ਬੈਠਾ। ਰਾਤ ਨੂੰ ਉਹਨੂੰ ਠੀਕ ਤਰ੍ਹਾਂ ਨੀਂਦ ਨਹੀਂ ਆਉਂਦੀ। ਮੈਂ ਨੀਂਦ ਦੀ ਗੋਲੀ ਦੇਣੀ ਚਾਹੀ। ਪਰ ਬਾਪੂ ਨੇ ਇਨਕਾਰ ਕਰ ਦਿੱਤਾ।

"ਘੁੱਟ ਲੈ ਲਾ ਬਾਪੂ। ਨੀਂਦ ਆ ਜੂ। ਸਾਰੀ ਰਾਤ ਪਾਸੇ ਮਾਰਦਾ ਰਹਿੰਦਾ।"

"ਨਾ ਭੋਲਿਆ ਰੂਹ ਨਹੀਂ ਮੰਨਦੀ।"

ਬਾਪੂ ਦਾਰੂ ਲਈ ਵੀ ਨਹੀਂ ਸੀ ਮੰਨਿਆ।

ਨੀਂਦ ਤਾਂ ਮੇਰੀ ਵੀ ਉਖੜੀ ਹੋਈ ਹੈ। ਮੈਂ ਬਾਪੂ ਲਈ ਰੋਟੀ ਪਵਾ ਕੇ ਲਿਆਇਆ। ਥਾਲ਼ੀ ਫੜਾ ਕੇ ਮੈਂ ਵੀ ਬਾਪੂ ਕੋਲ ਹੀ ਬੈਠਕ ਵਿਚ ਬੈਠ ਗਿਆ।

ਬਾਪੂ ਵਿਚਾਰਾ ਜਿਹਾ ਬਣਿਆ ਰੋਟੀ ਖਾਂਦਾ ਰਿਹਾ।

ਮੈਨੂੰ ਲੱਗਿਆ ਬਾਪੂ ਹੁਣੇ ਹੀ ਕੁਝ ਬੋਲੇਗਾ।

"ਹੱਥ ਟੁੱਟਦੇ ਸੇਕ ਲਗਾਉਂਦਿਆਂ! ਕੱਚੀਆਂ ਮੰਨੀਆਂ ਮਾਰ ਦਿੱਤੀਆਂ ਮੱਥੇ।"

ਥਾਲ਼ੀ ਘੁੰਮਦੀ ਹੋਈ ਵਿਹੜੇ ਵਿਚ ਜਾ ਡਿੱਗਦੀ। ਬੇਬੇ ਰੋਟੀਆਂ ਇਕੱਠੀਆਂ ਕਰ ਕੇ ਖੁਰਲੀ ਵਿਚ ਸੁੱਟ ਦਿੰਦੀ ਤੇ ਨਵੀਆਂ ਪਕਾਉਣ ਲਈ ਫੇਰ ਬੈਠ ਜਾਂਦੀ।

ਕਈ ਵਾਰ ਬਾਪੂ ਦੂਜੇ ਪਾਸਿਓਂ ਕਲੇਸ਼ ਪਾ ਲੈਂਦਾ।

"ਅੱਖਾਂ ਤਾਂ ਮੱਥੇ 'ਤੇ ਧਰੀਆਂ ਹੁੰਦੀਆਂ। ਸੜੇ ਮੰਡ ਲਿਆ ਧਰੇ ਮੇਰੇ ਅੱਗੇ। ਡੰਗਰ ਆਂ ਨਾ ਮੈਂ।"

ਉਹ ਬਿਨ ਰੋਟੀ ਖਾਧੇ ਹੀ ਪੈ ਜਾਂਦਾ।

ਮੋਮਬੱਤੀ ਜਿਵੇਂ ਦੋਵੇਂ ਪਾਸੇ ਤੋਂ ਬਲ ਰਹੀ ਹੋਵੇ।

"ਇਹ ਤਾਂ ਮੁੱਢ ਤੋਂ ਈ ਐਸਾ। ਮੈਂ ਤਾਂ ਭੇਦ ਪਾ ਲਿਆ। ਤੂੰ ਐਵੇਂ ਨਾ ਹਰਖੀ ਜਾਇਆ ਕਰ।"

ਮੈਂ ਕੁਝ ਬੋਲਦਾ ਤਾਂ ਬੇਬੇ ਮੈਨੂੰ ਚੁੱਪ ਕਰਾ ਦਿੰਦੀ।

"ਤੂੰ ਕਿਵੇਂ ਕੱਟੀ ਗਈ ਇਹਦੇ ਨਾਲ।"

ਮੈਂ ਬੇਬੇ ਦਾ ਸਿਰੜ ਦੇਖ ਕੇ ਹੈਰਾਨ ਹੁੰਦਾ। ਬਾਪੂ ਜੋ ਮਰਜ਼ੀ ਕਰਦਾ, ਬੇਬੇ ਮੱਥੇ ਵੱਟ ਨਾ ਪਾਉਂਦੀ।

ਬਾਪੂ ਹਰ ਵੇਲੇ ਉਹਨੂੰ ਜ਼ਲੀਲ ਕਰਦਾ। ਪਰ ਉਹ ਹਰ ਗੱਲ ਢਿੱਡ ਵਿਚ ਪਾ ਲੈਂਦੀ।

ਪਰ ਅੱਜ ਤਾਂ ਜਿਵੇਂ ਬਾਪੂ ਸਿਰਫ ਢਿੱਡ ਭਰ ਰਿਹਾ ਸੀ। ਉਹਨੇ ਰੋਟੀਆਂ ਜਿਵੇਂ ਅੰਦਰ ਸੁੱਟਣ ਦੀ ਕੀਤੀ ਤੇ ਉਠ ਕੇ ਬਾਹਰ ਨੂੰ ਤੁਰ ਗਿਆ।

ਇਸੇ ਤਰ੍ਹਾਂ ਹੀ ਚੁੱਪ-ਚਾਪ ਉਹ ਇਕ ਵਾਰ ਘਰ ਤੋਂ ਤੁਰ ਗਿਆ ਸੀ। ਭੈਣ ਦੇ ਵਿਆਹ ਤੋਂ ਬਾਅਦ।

ਬੇਬੇ ਸਾਰਾ ਦਿਨ ਉਡੀਕਦੀ ਰਹੀ। ਉਡੀਕ ਵਿਚ ਬੈਠੀ ਨੇ ਉਹਨੇ ਖ਼ੁਦ ਵੀ ਰੋਟੀ ਨਾ ਖਾਧੀ।



ਮੈਂ ਸ਼ਾਮੀ ਕਾਲਜ ਤੋਂ ਮੁੜਿਆ। ਬੇਬੇ ਨੇ ਮੈਨੂੰ ਬਾਪੂ ਨੂੰ ਲੱਭਣ ਲਈ ਤੋਰ ਦਿੱਤਾ। ਮੈਂ ਬਾਪੂ ਨੂੰ ਹਰ ਥਾਂ ਲੱਭਿਆ ਪਰ ਉਹ ਕਿਤੇ ਵੀ ਨਾ ਮਿਲਿਆ।

ਮੈਂ ਥੱਕ ਹਾਰ ਕੇ ਘਰ ਮੁੜ ਆਇਆ।

ਬੇਬੇ ਨੇ ਰੋਟੀ ਪਕਾਈ ਪਰ ਖ਼ੁਦ ਚੱਜ ਨਾਲ ਖਾ ਨਾ ਸਕੀ। ਮੈਂ ਬੇਬੇ ਵੱਲ ਦੇਖ-ਦੇਖ ਹੈਰਾਨ ਹੋਈ ਜਾਂਦਾ।

"ਖਬਰੈ ਕਿੱਥੇ ਹੋਣਾ ਡੁਬੜਾ। ਸਵੇਰੇ ਚਾਹ ਪੀਂਦਾ ਹੀ ਤੁਰ ਗਿਆ ਸੀ।"

ਬੁਰਕੀ ਮੂੰਹ ਵਿਚ ਪਾਉਂਦੀ ਬੇਬੇ ਬੁਸਕੀ ਜਾਂਦੀ।

"ਬੇਬੇ ਰੋਟੀ ਖਾ ਕੇ ਪੈ ਜਾ। ਕਿਉਂ ਕਲਪੀ ਜਾਂਦੀ। ਸਾਰੀ ਉਮਰ ਤੇਰੀ ਕੁੱਟ ਖਾਂਦੀ ਦੀ ਲੰਘ ਗਈ। ਹੁਣ ਤੈਨੂੰ ਫਿਕਰ ਪੈ ਗਿਆ।"

ਮੈਂ ਬੇਬੇ ਨੂੰ ਭੱਜ ਕੇ ਪੈ ਗਿਆ।

ਬੇਬੇ ਹੋਰ ਫਿਸ ਪਈ।

"ਫਿਕਰ ਨਾ ਕਰਾਂ? ਬੰਨ੍ਹ ਆ ਘਰ ਦਾ। ਨਾ ਗੁੱਸੇ ਨਾ ਰਾਜੀ। ਫਿਰ ਕਾਹਤੋਂ ਤੁਰ ਗਿਆ।"

...ਅਗਲੇ ਦਿਨ ਵੱਡੇ ਤਾਏ ਨੇ ਦੱਸਿਆ, ਬਾਪੂ ਬਾਬੇ ਰੰਗੀ ਰਾਮ ਦੇ ਡੇਰੇ ਬੈਠਾ ਸੀ।

"ਕੁੜੀ ਵਿਆਹ ਕੇ ਆਵਦੇ ਘਰ ਭੇਜ ਦਿੱਤੀ। ਕਬੀਲਦਾਰੀ ਨਜਿੱਠ 'ਤੀ। ਸੰਸਾਰ ਤਿਆਗ ਦਿੱਤਾ ਮੈਂ ਤਾਂ।"

ਸਾਡੇ ਮਨਾਉਣ ਗਿਆਂ ਤੋਂ ਬਾਪੂ, ਅੱਗਿਓਂ ਇਹ ਗੱਲਾਂ ਕਰਨ ਲੱਗਾ।

ਤਾਏ ਨੇ ਬਹੁਤ ਕਿਹਾ। ਪਰ ਬਾਪੂ ਨਹੀਂ ਸੀ ਮੰਨਿਆ।

ਬੇਬੇ ਦੋ ਦਿਨ ਉਖੜੀ ਰਹੀ। ਆਂਢ-ਗੁਆਂਢ ਤੋਂ ਕੋਈ ਤੀਵੀਂ ਆਉਂਦੀ। ਬੇਬੇ ਬੁਸਕਣ ਲੱਗਦੀ।

"ਖਬਰੈ ਕੀ ਆਈ ਮਨ 'ਚ। ਸਾਧ ਦੇ ਡੇਰੇ ਜਾ ਬੈਠਾ। ਨਾ ਕੋਈ ਦੁੱਖ ਦਸੇ। ਨਾ ਬਾਤ।"

...ਤੇ ਦੂਜੇ-ਚੌਥੇ ਦਿਨ ਬਾਪੂ ਦੇ ਮਨ ਵਿਚ ਪਤਾ ਨਹੀਂ ਕੀ ਆਈ। ਪਿਛਲੇ ਪਹਿਰ ਨੂੰ ਘਰ ਮੁੜ ਆਇਆ। ਬੇਬੇ ਨੇ ਚਾਹ ਪਾਣੀ ਦਾ ਪੁੱਛਿਆ। ਪਰ ਉਹ ਕੁਝ ਨਾ ਬੋਲਿਆ। ਬਾਰੀ 'ਚੋਂ ਬੋਤਲ ਕੱਢ ਕੇ ਮੇਜ਼ 'ਤੇ ਰੱਖ ਲਈ। ਉਹ ਦਿਨ ਰਾਤ ਸ਼ਰਾਬ ਪੀਂਦਾ ਰਿਹਾ।

ਮੈਂ ਬਾਪੂ ਦੇ ਉਸ ਰੂਪ ਤੋਂ ਹੈਰਾਨ ਹੁੰਦਾ ਰਹਿੰਦਾ। ਜਿਵੇਂ ਹੁਣ ਬਾਪੂ ਦੇ ਇਸ ਰੂਪ ਤੋਂ ਹੈਰਾਨ ਹਾਂ।

"ਹਿਊਮਨ ਸਾਈਕੀ ਨੂੰ ਸਮਝਣਾ ਬਹੁਤ ਔਖਾ। ਬੰਦਾ ਇਕੋ ਵੇਲੇ ਕਈ ਤਰ੍ਹਾਂ ਦਾ ਬੀਹੇਵ ਕਰਦਾ...।"

ਮੈਨੂੰ ਮੇਰੇ ਅੰਗਰੇਜ਼ ਦੋਸਤ ਜੌਰਜ ਦੀ ਆਖੀ ਗੱਲ ਯਾਦ ਆਉਂਦੀ।

ਤਿੰਨ ਚਾਰ ਦਿਨਾਂ ਬਾਅਦ ਬਾਪੂ ਫੇਰ ਚੰਗਾ ਭਲਾ ਹੋ ਗਿਆ। ਇਕ ਸ਼ਾਮ ਪੈੱਗ ਲਗਾਉਂਦਾ, ਉਠ ਕੇ ਬਾਹਰ ਨੂੰ ਤੁਰ ਗਿਆ। ਸਿਆਲ਼ੀ ਰੁੱਤ ਸੀ। ਮੁੜਦਾ ਹੋਇਆ ਹੱਟੀਓਂ ਮੂੰਗਫਲੀ-ਰਿਉੜੀਆਂ ਚੁੱਕ ਲਿਆਇਆ।

ਰੋਟੀ ਖਾ ਕੇ ਮੇਰੇ ਤੇ ਬੇਬੇ ਕੋਲ ਆਣ ਬੈਠਾ।

"ਖਾ ਲਉ ਭਾਈ ਰੁੱਤ-ਰੁੱਤ ਦਾ ਮੇਵਾ।"

ਮੇਰੀ ਸੰਭਾਲ ਵਿਚ ਬਾਪੂ ਪਹਿਲੀ ਵਾਰ ਇਉਂ ਜੀਆਂ ਵਿਚ ਬੈਠਿਆ ਸੀ।

"ਭੋਲਿਆ ਬਾਹਰ ਨਾ ਭੇਜ ਦੀਏ ਤੈਨੂੰ। ਇੱਥੇ ਕਿਹੜਾ ਰੱਖਿਆ ਕੁਝ। ਕੀ ਕਹਿੰਦਾ? ਕੀ ਪਤਾ ਮੈਂ ਤੇ ਮਾਂ ਤੇਰੀ ਵੀ ਵੇਖ ਆਈਏ ਕਿਤੇ ਅੰਗਰੇਜ਼-ਅੰਗਰੇਜ਼ਨਾਂ।"

ਉਹ ਗੱਲ ਕਰ ਕੇ ਖ਼ੁਦ ਹੀ ਹੱਸਦਾ ਰਿਹਾ।

ਮੈਂ ਸੋਚਿਆ ਦਾਰੂ ਪੀ ਕੇ ਕੀਤੀਆਂ ਗੱਲਾਂ ਬਾਪੂ ਨੂੰ ਸਵੇਰ ਨੂੰ ਭੁੱਲ-ਭੁਲਾ ਜਾਣੀਆਂ। ਪਰ ਉਹ ਤਾਂ ਏਜੰਟ ਨਾਲ ਪੱਕੀਆਂ ਪਕਾਉਣ ਲੱਗਿਆ ਸੀ। ਮੈਂ ਐੱਮ.ਏ. ਦੇ ਦੂਜੇ ਸਾਲ 'ਚ ਸੀ। ਪਰ ਐੱਮ.ਏ. ਪੂਰੀ ਨਾ ਹੋਈ, ਮੇਰਾ ਵੀਜ਼ਾ ਆ ਗਿਆ। ਨਾ ਮੈਂ ਖੁਸ਼ ਸੀ ਨਾ ਬੇਬੇ। ਪਰ ਬਾਪੂ ਕੋਲੋਂ ਚਾਅ ਨਹੀਂ ਸੀ ਸਾਂਭਿਆ ਜਾਂਦਾ।

ਮੈਂ ਬਾਹਰੋਂ ਫੋਨ ਕਰਦਾ। ਬੇਬੇ ਜਿਵੇਂ ਬਹੁਤ ਡੂੰਘੀ ਥਾਂ ਤੋਂ ਬੋਲਦੀ।

"ਘਰ ਈ ਖਾਲੀ ਹੋ ਗਿਆ। ਕੰਧਾਂ ਵੱਲ ਵੇਖਦੀ ਰਹਿੰਦੀ ਸਾਰਾ ਦਿਨ। ਪਿਉ ਤੇਰੇ ਦਾ ਤਾਂ ਪਤਾ ਤੈਨੂੰ।"

ਬਾਪੂ ਜਿਵੇਂ ਹੋਰ ਅਜ਼ਾਦ ਹੋ ਗਿਆ ਸੀ।

"ਜੀਆ ਨਾਲ ਈ ਰੌਣਕਾਂ! ਤੇਰਾ ਵਿਆਹ ਹੋਇਆ ਹੁੰਦਾ ਤਾਂ ਵਿਹੜਾ ਭਰਿਆ ਹੁੰਦਾ। ਕੁੜੀ ਕਿਹੜਾ ਬਹਿ ਰਹਿਣਾ। ਉਹਦਾ ਵੀ ਟੱਬਰ ਟੀਹਰ ਏ। ਹੱਦ ਭੋਗ ਤੀਕ ਰੁਕ ਜੂ। ਰੌਣਕ ਤਾਂ ਨਾਲ ਈ ਲੈ ਗਈ ਤੇਰੀ ਬੇਬੇ।"

ਬਾਹਰੋਂ ਵਾਪਸ ਆ ਕੇ ਬਾਪੂ ਫੇਰ ਮਨ ਭਰ ਆਇਆ।

ਰੋਟੀ ਵਾਲੇ ਭਾਂਡੇ ਉੱਥੇ ਹੀ ਪਏ ਸੀ। ਮੇਰੀ ਸੁਰਤੀ ਟੁੱਟੀ।

"ਜਦ ਬੇਬੇ ਢਿੱਲੀ ਸੀ। ਮੈਨੂੰ ਉਦੋਂ ਕਿਉਂ ਨਾ ਦੱਸਿਆ ਬਾਪੂ?"

ਤਿੰਨਾਂ ਦਿਨਾਂ ਤੋਂ ਮੈਂ ਬਾਪੂ ਨਾਲ ਬੇਬੇ ਬਾਰੇ ਕੋਈ ਗੱਲ ਨਹੀਂ ਸੀ ਕੀਤੀ।

"ਪੁੱਤ ਸੋਚਿਆ ਪਰਦੇਸ ਦਾ ਕੰਮ ਏ। ਢਿਲ ਮੱਠ ਤਾਂ ਹੋ ਈ ਜਾਂਦੀ। ਕੀ ਪਤਾ ਸੀ। ਤੂੰ ਮੁੱਕੀ ਤੋਂ ਪਹੁੰਚਣਾ।..."

ਮੇਰੀਆਂ ਅੱਖਾਂ ਅੱਗੇ ਬੇਬੇ ਆ ਗਈ।

ਜਦ ਮੈਂ ਘਰ ਪਹੁੰਚਿਆ, ਸਸਕਾਰ ਦੀ ਤਿਆਰੀ ਹੋ ਰਹੀ ਸੀ।

"ਦੋ ਦਿਨ ਤਾਂ ਹੋ ਗੇ ਪੁੱਤ ਰਾਹ ਵੇਖਦਿਆਂ।"

ਕੋਈ ਜਣਾ ਮੈਨੂੰ ਵਰਾਉਣ ਲੱਗਿਆ ਸੀ।

******

ਮੈਂ ਚਿਤਾ ਨੂੰ ਲਾਂਬੂ ਲਾਇਆ।

ਸਭ ਤੋਂ ਉਚੀ ਭੁੱਬ ਬਾਪੂ ਨੇ ਮਾਰੀ। ਉਹ ਨਿਆਣਿਆਂ ਵਾਂਗ ਰੋਂਦਾ ਰਿਹਾ।

"ਤੇਰੇ ਬਿਨਾਂ ਮੇਰਾ ਕੌਣ ਏ ਬਚਨ ਕੁਰੇ।"

ਬਾਪੂ ਨੂੰ ਰੋਂਦਿਆਂ ਦੇਖ ਕੇ ਮੇਰਾ ਮਨ ਵੀ ਬੇਕਾਬੂ ਹੋ ਗਿਆ। ਮੜ੍ਹੀਆਂ ਤੋਂ ਘਰ ਤੀਕ ਆਉਂਦਿਆਂ ਮੇਰੇ ਪੈਰ ਮਣਾਂ ਮੂੰਹੀਂ ਭਾਰੇ ਹੋ ਗਏ।

ਕਦੇ ਮੇਰੇ ਸਾਹਮਣੇ ਧਾਹਾਂ ਮਾਰਦਾ ਬਾਪੂ ਆ ਜਾਂਦਾ। ਕਦੇ ਬੇਬੇ। ਕਦੇ ਸੁਰਤ ਸੰਭਲ਼ੀ ਤੋਂ ਲੈ ਕੇ ਹੁਣ ਤੀਕ ਘਰ ਵਿਚ ਚਲਦੇ ਰਹਿੰਦੇ ਯੁੱਧ ਦੀ ਤਸਵੀਰ ਮੇਰੀਆਂ ਅੱਖਾਂ ਅੱਗੇ ਚੱਲਣ ਲੱਗਦੀ।

ਪਰ ਬਾਪੂ ਦਾ ਇਹ ਰੂਪ ਮੈਨੂੰ ਹੈਰਾਨ ਕਰੀ ਜਾਂਦਾ।

"ਬੰਦੇ ਦੇ ਕਿੰਨੇ ਹੀ ਰੂਪ ਹੁੰਦੇ ਨੇ..." ਮੈਂ ਮਨ ਵਿਚ ਸੋਚਦਾ।

"ਕੀ ਸੋਚੀਂ ਜਾਂਦਾ ਭੋਲਿਆ! ਜਾ ਕੇ ਪੈ ਜਾ। ਹੁਣ ਲਿਖਤਾਂ ਨੂੰ ਕੌਣ ਮੋੜੇ। ਘਰ ਤਾਂ ਜੀਅ-ਜੰਤ ਨਾਲ ਹੀ ਸੋਂਹਦੇ ਨੇ..। ਤੀਵੀਂ ਬਿਨਾਂ ਕਾਹਦਾ ਘਰ।"

ਆਖ ਕੇ ਬਾਪੂ ਵਾਹਿਗੁਰੂ-ਵਾਹਿਗਰੂ ਕਰਨ ਲੱਗਿਆ। 000

*(ਅਦਬ ਨਿਵਾਜ਼ ਹਾਊਸ, ਗਲੀ ਨੰ:8, ਨੇੜੇ ਸ਼ਹੀਦ ਭਗਤ ਸਿੰਘ ਸਕੂਲ, ਪੱਟੀ, ਫੋਨ: 94632-15168)*



## ਬੇਵਸੀ: ਕਹਾਣੀ: ਤੌਕੀਰ ਚੁ਼ਗਤਾਈ

ਜਦੋਂ ਵੀ ਕੋਈ ਜ਼ਰੂਰੀ ਕੰਮ ਕਰਨਾ ਹੋਵੇ, ਖੌਰੇ ਮੈਨੂੰ ਮੂਤਰ ਕਿਉਂ ਆ ਜਾਂਦਾ ਏ।

ਨਿੱਕੇ ਹੁੰਦਿਆਂ ਅੱਬਾ ਜੀ ਜਿਹੜੀ ਵੀ ਚੀਜ਼ ਲਿਆਣ ਦਾ ਕਹਿੰਦੇ, "ਮੈਨੂੰ ਮੂਤਰ ਆਇਆ" ਆਖ ਕੇ ਮੈਂ ਛੜਛੋਬੀ 'ਚ ਤੁਰ ਜਾਂਦਾ ਸਾਂ। ਉਹ ਝੱਟ ਕਹਿੰਦੇ "ਗਿੱਦੜ ਖਰਬੂਜਿਆਂ ਨੂੰ ਪਿਆ ਤੇ ਕੁੱਤੀ ਨੂੰ ਬਾਓਲ ਆ ਗਿਆ।"

ਮੈਂ ਜਦੋਂ ਚਾਚੇ ਦੇ ਪੁੱਤ ਨਾਲ ਪਹਿਲੀ ਵਾਰ ਸਕੂਲ 'ਚ ਦਾਖਲ ਹੋਣ ਗਿਆ ਸਾਂ ਤਾਂ ਵੀ ਮੈਨੂੰ ਮੂਤਰ ਆਇਆ ਹੋਇਆ ਸੀ। ਮੈਂ ਚਾਚੇ ਦੇ ਪੁੱਤ ਨੂੰ ਆਖਿਆ, 'ਮੈਨੂੰ ਮੂਤਰ ਤਾਂ ਕਰ ਲੈਣ ਦੇ', ਉਹ ਕਹਿਣ ਲੱਗਾ, ਜੇ ਚਿਰ ਹੋ ਗਿਆ ਤਾਂ ਕੱਲ ਵੀ ਨਹੀਂ ਜਾ ਸਕਾਂਗੇ , ਕੱਲ ਛੁਟੀ ਹੋਣ ਕਰ ਕੇ ਸਕੂਲ ਬੰਦ ਹੋਣਗੇ ਤੇ ਪਰਸੋਂ ਦਾਖਲੇ ਦੀ ਅਖ਼ੀਰਲੀ ਤਰੀਕ ਹੈ। ਚਾਚਾ ਸੱਚ ਕਹਿੰਦਾ ਏ, ਜਦੋਂ ਕੋਈ ਕੰਮ ਹੋਵੇ ਤੈਨੂੰ ਉਦੋਂ ਈ ਮੂਤਰ ਆਂਦਾ ਏ।

ਮੈਂ ਓਸੇ ਦਿਨ ਸਕੂਲ 'ਚ ਦਾਖ਼ਲ ਹੋ ਗਿਆ ਪਰ ਮੈਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਮੂਤਰ ਕਰਨ ਆਲੀ ਥਾਂ ਕਿੱਥੇ ਹੈ। ਆਪਣੀ ਕਲਾਸ 'ਚ ਬਹਿੰਦੇ ਸਾਰ ਹੀ ਮੈਂ ਵੇਖਿਆ, ਇਕ ਮਾਸਟਰ ਡੰਡੇ ਨਾਲ ਕਿਸੇ ਮੁੰਡੇ ਨੂੰ ਕੁੱਟ ਰਿਹਾ ਸੀ। ਮੈਂ ਡਰ ਦਾ ਮਾਰਾ ਕਿਸੇ ਨੂੰ ਇਹ ਵੀ ਨਾ ਆਖ ਸਕਿਆ ਕਿ ਮੈਨੂੰ ਮੂਤਰ ਆਇਆ ਏ। ਅੱਧੀ ਛੁੱਟੀ ਤੋਂ ਪਹਿਲਾਂ ਈ ਚਿੱਟੇ ਰੰਗ ਦੀ ਤੰਬੀ ਵਿਚ ਮੇਰਾ ਮੂਤਰ ਵਗ ਗਿਆ। ਛੁੱਟੀ ਮਗਰੋਂ ਜਦੋਂ ਮੈਂ ਰੋਂਦਾ ਰੋਂਦਾ ਘਰ ਆਇਆ ਤਾਂ ਬੇਬੇ ਨੇ ਮੈਨੂੰ ਪੁੱਛਿਆ :

"ਕੀਹ ਹੋਇਆ ਏ। ਤੈਨੂੰ ਕਿਸੇ ਕੁਛ ਆਖਿਆ ਏ ?"

ਮੈਂ ਆਖਿਆ, "ਨਹੀਂ ਇਹ ਗੱਲ ਨਹੀਂ।"

"ਫੇਰ ਕੀਹ ਗੱਲ ਆ?"

"ਸਕੂਲ 'ਚ ਮੇਰਾ ਮੂਤਰ ਵਗ ਗਿਆ ਏ।"

ਬੇਬੇ ਹੱਸ ਕੇ ਕਹਿਣ ਲੱਗੀ, "ਫੇਰ ਕੀਹ ਹੋਇਆ, ਝੱਲਿਆ ਜੋ ਗੱਲ ਬੰਦੇ ਦੇ ਵਸ 'ਚ ਨਾ ਹੋਵੇ, ਉਸ 'ਤੇ ਰੋਣ ਦਾ ਕੀ ਫਾਇਦਾ।"

ਇਕ ਵਾਰ ਮੁਲਤਾਨ ਜਾਣ ਲਈ ਗੱਡੀ 'ਤੇ ਚੜ੍ਹਨ ਲੱਗਿਆਂ ਮੈਨੂੰ ਮੂਤਰ ਆ ਗਿਆ। ਹਾਲੀ ਸਿਗਨਲ ਨਹੀਂ ਸੀ ਹੋਇਆ। ਮੈਂ ਸੋਚਿਆ ਸਰਕਾਰੀ ਮੂਤਰ ਖ਼ਾਨੇ 'ਚ ਮੂਤਰ ਕਰ ਕੇ ਛੇਤੀ ਮੁੜ ਆਵਾਂਗਾ। ਜਦੋਂ ਸਰਕਾਰੀ ਲੈਟਰੀਨ 'ਚ ਵੜਿਆ ਤਾਂ ਉਹ ਰੇਲ ਵਿਭਾਗ ਤੋਂ ਵੀ ਗੰਦੀ ਸੀ, ਪਰ ਮੈਂ ਨੱਕ 'ਤੇ ਰੁਮਾਲ ਰੱਖ ਕੇ ਮੂਤਰ ਕਰਨ ਲੱਗ ਪਿਆ। ਰੁਮਾਲ ਦੀ ਇਕ ਚੂਕ ਮੇਰੀ ਅੱਖਾਂ 'ਤੇ ਆ ਗਈ, ਫੇਰ ਵੀ ਮੈਂ ਆਪਣਾ ਪੰਜ ਗਜ਼ ਲੰਮਾ ਦੇਸੀ ਨਾੜਾ ਤੇ ਭਾਰੀ ਜਹੀ ਸੁਥਣ ਸਾਂਭਦਾ ਹੋਇਆ ਮੂਤਰ ਕਰਦਾ ਰਿਹਾ। ਚੋਖੇ ਚਿਰ ਮਗਰੋਂ ਮੂਤਰ ਕਰਨ ਨਾਲ ਮੈਨੂੰ ਬੜਾ ਸੁਖ ਮਿਲ ਰਿਹਾ ਸੀ। ਮੈਨੂੰ ਇੰਝ ਜਾਪਿਆ ਜਿਵੇਂ ਸਿਰ ਤੋਂ ਕੋਈ ਵੱਡੀ ਬਲਾ ਟ਼ਲ ਗਈ ਹੋਵੇ। ਮੈਂ ਕੁਛ ਘੜੀਆਂ ਓਥੇ ਹੀ ਬੈਠਾ ਰਿਹਾ। ਆਲ ਦਵਾਲਿਉਂ ਓਪਰੀ ਜਿਹੀ ਬੋਅ ਆ ਰਹੀ ਸੀ। ਜਦੋਂ ਧਿਆਨ ਕੀਤਾ ਤਾਂ ਜ਼ਨਾਨਾ ਮੂਤਰ ਦੀ ਬੋਅ ਲੱਗੀ। ਨਾਲ ਈ ਜਦੋਂ ਕਿਸੇ ਹੋਰ ਦੇ ਮੂਤਰ ਕਰਨ ਦੀ ਵਾਜ ਆਈ ਤਾਂ ਮੈਂ ਸਮਝ ਗਿਆ ਕਿ ਐਹ ਜ਼ਨਾਨਾ ਲੈਟਰੀਨ ਹੈ ਜਿੱਥੇ ਮਰਦ ਮੂਤਰ ਨਹੀਂ ਕਰ ਸਕਦੇ। ਪਰ

ਮੈਂ ਭੁੱਲ ਕੇ ਅੰਦਰ ਆ ਵੜਿਆ ਸਾਂ।

ਮੈਂ ਅਚਨਚੇਤ ਉੱਠ ਕੇ ਨਾੜਾ ਬੰਨ੍ਹਣ ਲੱਗ ਪਇਆ। ਨਾਲ ਦੀ ਲੈਟਰੀਨ ਵਿਚੋਂ ਕਿਸੇ ਮੁਟਿਆਰ ਦੇ ਮੂਤਰ ਦੀ ਵਾਜ ਆ ਰਹੀ ਸੀ। ਇਹ ਵਾਜ ਮੈਨੂੰ ਖੌਰੇ ਕਿਉਂ ਚੰਗੀ ਲਗਦੀ ਏ। ਜਦੋਂ ਕੋਈ ਮੁੰਡਾ ਮੂਤਰ ਕਰਦਾ ਏ ਤਾਂ ਇੰਝ ਲਗਦਾ ਏ ਜਿਵੇਂ ਪਾਣੀ ਦਾ ਪਾਈਪ ਫਟ ਗਿਆ ਹੋਵੇ ਪਰ ਇਹੋ ਕੰਮ ਜਦੋਂ ਕੋਈ ਮੁਟਿਆਰ ਕਰਦੀ ਹੈ ਤਾਂ ਇੰਝ ਜਾਪਦਾ ਏ ਜਿਵੇਂ ਬਾਂਸ ਵਿਚੋਂ ਲੰਘਦੀ ਹਵਾ ਸੀਟੀਆਂ ਮਾਰਦੀ ਹੋਵੇ। ਮੇਰੇ ਸਾਹਮਣੇ ਇਕ ਚਾਲ਼ੀ ਕੁ ਵਰ੍ਹਿਆਂ ਦੀ ਜ਼ਨਾਨੀ ਖਲੋਤੀ ਆਪਣਾ ਨਾੜਾ ਬੰਨ੍ਹ ਰਹੀ ਸੀ। ਮੈਨੂੰ ਵੇਖ ਕੇ ਟੋਹ ਲੈਂਦੀਆਂ ਅੱਖਾਂ ਨਾਲ ਪੁੱਛਣ ਲੱਗੀ:

"ਤੂੰ ਇਥੇ ਕੀਹ ਕਰ ਰਿਹਾ ਸੈਂ ?"

"ਮੂਤਰ", ਮੈਂ ਝੱਟ ਕਿਹਾ।

"ਪਰ ਇਹ ਤਾਂ ਜ਼ਨਾਨੀਆਂ ਦੇ ਮੂਤਰ ਕਰਨ ਦੀ ਥਾਂ ਏ। ਤੂੰ ਬੂਹੇ 'ਤੇ ਲਿਖਿਆ ਹੋਇਆ ਪੜ੍ਹਿਆ ਨਹੀਂ ?"

"ਭੈਣ ਜੀ ! ਮੈਂ ਅਨਪੜ੍ਹ, ਪੇਂਡੂ, ਧੀਆਂ ਜਿਹਾ ਪੁੱਤਰ...।"

"ਮੈਨੂੰ ਫੇਰ ਭੈਣ ਨਾ ਆਖੀਂ, ਤੇਰੀ ਭੈਣ ਦੀ...।" ਉਹਨੇ ਮੇਰੀ ਧੌਣ ਫੜ ਲਿੱਤੀ।

"ਮੇਰੀ ਗੱਡੀ ਨਿਕਲ ਜਾਏਗੀ, ਮੈਨੂੰ ਜਾਣ ਦਿਓ !" ਮੈਂ ਤਰਲਾ ਪਾਇਆ।

"ਧੀਆਂ ਜਿਹਾ ਕਿਉਂ ਆਖਿਆ ਤੂੰ , ਜ਼ਰਾ ਕੁ ਲਾਂਭੇ ਹੋ ਕੇ ਤੰਬੀ ਢਿੱਲੀ ਕਰ, ਹੁਣੇ ਪੱਤਾ ਲੱਗ ਜਾਊ ਧੀ ਪੁੱਤ ਦਾ...।"

ਉਹਨੇ ਇਕ ਹੱਥ 'ਚ ਮੇਰਾ ਗਿਰਵਾਣ ਤੇ ਦੂਜੇ ਵਿਚ ਬਹੁਕਰ ਫੜੀ ਹੋਈ ਸੀ। ਉਹਦੇ ਸੁਭਾਅ ਤੋਂ ਲਗਦਾ ਸੀ ਜਿਵੇਂ ਇਸ ਮੂਤਰ ਖਾਨੇ ਦਾ ਸਾਰਾ ਕਾਰ ਵਿਹਾਰ ਉਹਦੇ ਈ ਹੱਥਾਂ ਵਿਚ ਹੈ।

ਮੇਰੇ ਝੱਗੇ ਦਾ ਗਿਰਵਾਣ ਛੱਡ ਕੇ ਉਹਨੇ ਮੇਰੀ ਧੌਣ ਫੜ ਲਿਤੀ ਤੇ ਕਹਿਣ ਲੱਗੀ:

"ਹੁਣੇ ਦੱਸਦੀ ਹਾਂ ਤੈਨੂੰ ... ਤੇਰੇ ਜਿਹੇ ਦੋ ਤਿੰਨ ਵਿਹਲੜ ਰੋਜ਼ ਈ ਆ ਜਾਂਦੇ ਨੇ ਇੱਥੇ।"

ਇੰਨੇ ਚਿਰ ਨੂੰ ਬੂਹਾ ਇਕ ਵਾਰ ਫਿਰ ਖੁਲ੍ਹਿਆ ਤੇ ਇਕ ਹੋਰ ਸਵਾਣੀ ਨਾੜਾ ਬੰਨ੍ਹਦੀ ਹੋਈ ਬਾਹਰ ਆਈ, ਪਰ ਮੈਨੂੰ ਵੇਖ ਕੇ ਫਿਰ ਅੰਦਰ ਵੜ ਗਈ। ਉਹਨੇ ਸੋਚਿਆ ਸ਼ੈਤ ਉਹ ਮਰਦਾਂ ਆਲੀ ਲੈਟਰੀਨ 'ਚ ਵੜੀ ਹੋਈ ਸੀ। ਮੇਰੇ ਨਾਲ ਖਲੋਤੀ ਮੁਸ਼ਟੰਡੀ ਨੇ ਓਹਨੂੰ ਵਾਜ ਮਾਰੀ:

"ਅੰਦਰ ਕਾਹਨੂੰ ਵੜਦੀ ਏਂ ! ਬਾਹਰ ਆ ਜਾ, ਦੋਵੇਂ ਰਲ਼ ਕੇ ਇਸ ਦਾ ਮੱਕੂ ਠੱਪੀਏ।"

ਦੂਜੀ ਵਾਰ ਜਦੋਂ ਅੰਦਰ ਵੜੀ ਜ਼ਨਾਨੀ ਨੇ ਬੂਹਾ ਖੋਲ੍ਹਿਆ ਤਾਂ ਮੈਨੂੰ ਇੰਝ ਲੱਗਿਆ ਜਿਵੇਂ ਮੇਰੀ ਮੌਤ ਦਾ ਬੂਹਾ ਖੁਲ੍ਹਿਆ ਹੋਵੇ। ਉਹ ਅੱਧਖੜ ਜਹੀ ਪਹਿਲੀ ਨਾਲੋਂ ਵੀ ਬਾਹਲ਼ੀ ਔਖੀ ਸੀ। ਕਹਿਣ ਲੱਗੀ, "ਮੈਨੂੰ ਇਹ ਠੀਕ ਬੰਦਾ ਨਹੀਂ ਜਾਪਦਾ। ਜੇ ਠੀਕ ਹੁੰਦਾ ਤਾਂ ਇਹਨੂੰ ਮਰਦਾਂ ਤੇ ਜ਼ਨਾਨੀਆਂ ਦੀ ਲੈਟਰੀਨ ਦੀ ਜ਼ਰੂਰ ਪਛਾਣ ਹੁੰਦੀ।"

ਦੂਜੀ ਕਹਿਣ ਲੱਗੀ, "ਵਾਰਿਸ ਸ਼ਾਹ ਨੇ ਇਹੋ ਜਹੇ ਮਰਦੂਦਾਂ ਲਈ ਤਾਂ ਆਖਿਆ ਸੀ, 'ਸਾਡੇ ਮਗਰ ਲੱਗੇ ਵਾਂਗ ਕੁੱਤਿਆਂ ਦੇ , ਪਿੱਛੋਂ ਹੋ ਕੇ ਸੁਥਣਾਂ ਸੁੰਘਦਾ ਏ'।"

ਮੈਂ ਉਹਨਾਂ ਨੂੰ ਬੜੇ ਵਾਸਤੇ ਪਾਏ, 'ਮੈਨੂੰ ਛੱਡ ਦਿਉ, ਮੇਰੀ ਗੱਡੀ ਨਿਕਲ ਜਾਏਗੀ', ਪਰ ਉਹ ਨਾ ਮੰਨੀਆਂ। ਰੌਲਾ ਸੁਣ ਕੇ ਹੋਰ ਬੰਦੇ ਵੀ 'ਕੱਠੇ ਹੋ ਗਏ। ਇਕ ਜਵਾਨ ਜਿਹੜਾ ਕੌਮੀ ਦੁੱਖ ਵਿਚ ਡੁੱਬਿਆ ਹੋਇਆ ਸੀ, ਅੱਗੇ ਵਧਿਆ ਤੇ ਉਹ ਮੇਰੇ ਮੂੰਹ 'ਤੇ ਰੱਖ ਕੇ ਘਸੁੰਨ ਮਾਰਦਿਆਂ ਕਹਿਣ ਲੱਗਾ:



"ਤੇਰੀ ਆਪਣੀ ਮਾਂ ਭੈਣ ਨਹੀਂ ਕੰਜਰ ਦਿਆ।"

ਨਾਲ ਖਲੋਤੇ ਕਾਨੇ ਵਰਗੇ ਇਕ ਹੋਰ ਜਵਾਨ ਨੂੰ ਵੀ ਸ਼ੇਰੀ ਆ ਗਈ , ਉਹਨੇ ਵੀ ਅੱਗੇ ਵਧ ਕੇ ਮੇਰੇ ਦੋ ਧਰ ਦਿੱਤੀਆਂ। ਕ੍ਰੋਧ ਤੇ ਨਮੋਸ਼ੀ ਨਾਲ ਮੇਰਾ ਸਰੀਰ ਕੰਬ ਰਿਹਾ ਸੀ। ਇੰਨੇ ਚਿਰ ਨੂੰ ਗੱਡੀ ਨੇ ਕੂਕ ਮਾਰੀ, ਮੈਂ ਨਾੜਾ ਹੱਥ 'ਚ ਫੜੇ ਹੋਏ ਨੇ ਸ਼ੂਟ ਵੱਟੀ ਤੇ ਜਿੰਨੀ ਛੇਤੀ ਭੱਜ ਸਕਦਾ ਸੀ ਭੱਜਿਆ, ਤੇ ਭੱਜਦਿਆਂ ਭੱਜਦਿਆਂ ਪੰਜ ਨੰਬਰ ਡੱਬੇ ਵਿਚ ਛਾਲ ਮਾਰ ਦਿੱਤੀ। ਮੇਰੇ ਪਿੱਛੇ ਭੱਜਦੇ ਬੰਦੇ ਵੀ ਡੱਬੇ ਦੇ ਬਾਹਰ ਆ ਗਏ ਤੇ ਮੈਨੂੰ ਗਾਹਲ਼ਾਂ ਕੱਢਦੇ ਕੱਢਦੇ ਗੱਡੀ ਦੇ ਨਾਲ ਨਾਲ ਭੱਜਣ ਲੱਗ ਪਏ , ਇਸ ਲਈ ਕਿ ਗੱਡੀ ਹੌਲੀ ਹੌਲੀ ਸਪੀਡ ਫੜ ਰਹੀ ਸੀ। ਪਹਿਲਾਂ ਤੋਂ ਗੱਡੀ ਦੀ ਸੀਟ 'ਤੇ ਬੈਠੇ ਬੰਦਿਆਂ ਨੇ ਮੇਰੇ ਵੱਲ ਵੇਖਿਆ ਤਾਂ ਮੈਂ ਅੱਖਾਂ ਨੀਵੀਆਂ ਕਰ ਲਿਤੀਆਂ ਤੇ ਨਾੜਾ ਬੰਨ੍ਹਦਾ ਹੋਇਆ ਨਾਲ ਦੀ ਸੀਟ 'ਤੇ ਬੈਠ ਗਿਆ।

ਥੋੜ੍ਹੇ ਚਿਰ ਮਗਰੋਂ ਟਿਕਟ ਚੈੱਕ ਕਰਨ ਆਲ਼ਾ ਬਾਬੂ ਅੰਦਰ ਆਇਆ ਤੇ ਚੁੱਪ ਚਾਪ ਸਾਰਿਆਂ ਦੀਆਂ ਟਿਕਟਾਂ ਚੈੱਕ ਕਰਨ ਲੱਗ ਪਿਆ, ਪਰ ਜਦੋਂ ਮੇਰੇ ਕੋਲ਼ ਅੱਪੜਿਆ ਤਾਂ ਨੱਕ ਚਾਹੜ ਕੇ ਕਹਿਣ ਲੱਗਾ:

"ਮੈਨੂੰ ਇੱਥੋਂ ਮੂਤਰ ਦੀ ਬੋਅ ਪਈ ਆਉਂਦੀ ਏ।"

"ਗੱਡੀ ਵਿਚ ਚੰਗੀ ਤਰ੍ਹਾਂ ਸਫਾਈ ਨਹੀਂ ਹੋਂਦੀ, ਇਸ ਕਰ ਕੇ ਬੋਅ ਆਉਂਦੀ ਏ", ਅੱਗੋਂ ਮੈਂ ਉਹਨੂੰ ਆਖਿਆ।

"ਦੂਜੇ ਡੱਬਿਆਂ ਵਿਚੋਂ ਤਾਂ ਨਹੀਂ ਆਉਂਦੀ, ਇੱਥੋਂ ਈ ਆ ਰਹੀ ਏ", ਕਹਿੰਦਾ ਹੋਇਆ ਉਹ ਅੱਗੇ ਵਧ ਗਿਆ।

ਮੈਂ ਆਪਣੀ ਸੁੱਥਣ ਨੂੰ ਹੱਥ ਲਾ ਕੇ ਵੇਖਿਆ ਤਾਂ ਉਹ ਭਿੱਜੀ ਹੋਈ ਸੀ। ਮੈਨੂੰ ਚੇਤੇ ਆਇਆ ਹਾਲੀ ਮੈਂ ਚੰਗੀ ਤਰ੍ਹਾਂ ਮੂਤਰ ਨਹੀਂ ਸੀ ਕੀਤਾ ਕਿ ਮਰਦਾਨਾ ਜ਼ਨਾਨਾ ਦਾ ਰੌਲਾ ਪੈ ਗਿਆ ਸੀ। ਡਰ ਦੇ ਮਾਰੇ ਜਦੋਂ ਮੈਂ ਨਾੜਾ ਫੜ ਕੇ ਖਲੋਤਾ ਹੋਇਆ ਸੀ ਤਾਂ ਮੈਨੂੰ ਮਾਰ ਪੈਣ ਲੱਗ ਪਈ ਸੀ। ਉਦੋਂ ਈ ਮੇਰਾ ਬਚਿਆ ਹੋਇਆ ਮੂਤਰ ਸੁੱਥਣ 'ਚ ਵਗਿਆ ਹੋਣਾ।

ਹੁਣ ਤਾਂ ਮੈਨੂੰ ਵੀ ਥੋੜ੍ਹੀ ਥੋੜ੍ਹੀ ਬੋਅ ਆ ਰਹੀ ਸੀ। ਮੈਂ ਸੋਚਿਆ ਕਰੀਏ ਤੇ ਕੀਹ ਕਰੀਏ। ਹੋਰ ਕੱਪੜਾ ਲੱਤਾ ਵੀ ਕੋਈ ਨਹੀਂ। ਇਕ ਧੋਤੀ ਵਰਗਾ ਪਰਨਾ ਹੈ , ਉਹ ਵੀ ਪੂਰੀ ਧੋਤੀ ਨਹੀਂ ਗੀ, ਨਹੀਂ ਤਾਂ ਓਹਨੂੰ ਈ ਲੱਕ ਨਾਲ ਬੰਨ੍ਹ ਲੈਂਦਾ। ਇਹਨਾਂ ਈ ਸੋਚਾਂ ਵਿਚ ਡੁੱਬਿਆ ਮੈਂ ਗੱਡੀ ਦੀ ਲੈਟਰੀਨ ਵੱਲ ਵਧ ਗਿਆ ਤਾਂ ਜੁ ਆਪਣੀ ਸੁੱਥਣ ਲਾਹ ਕੇ ਉਹਨੂੰ ਧੋ ਲਵਾਂ। ਲੈਟਰੀਨ ਵਿਚ ਕੋਈ ਹੋਰ ਬੰਦਾ ਹੋਵੇਗਾ ਵੀ ਨਹੀਂ ਕਿਉਂ ਜੋ ਹੁਣੇ ਹੁਣੇ ਗੱਡੀ ਤੁਰੀ ਹੈ। ਅੰਦਰ ਵੜ ਕੇ ਮੈਂ ਸੁੱਥਣ ਮਸਾਂ ਲਾਹੀ ਈ ਸੀ ਕਿ ਕਿਸੇ ਨੇ ਠੱਕ ਕਰ ਕੇ ਬੂਹਾ ਖੋਲ੍ਹ ਦਿਤਾ। ਮੈਂ ਨੰਗ ਮੁਨੰਗਾ ਹਾਲੀ ਆਪਣੇ ਆਪ ਨੂੰ ਸਾਂਭਿਆ ਵੀ ਨਹੀਂ ਸੀ ਕਿ ਇਕ ਤ੍ਰੀਮਤ ਆਪਣੇ ਕਾਕੇ ਨੂੰ ਚੁੱਕੀ ਮੇਰੇ ਸਾਹਮਣੇ ਖਲੋਤੀ ਸੀ। ਉਹਨੇ ਹਾਏ ਹਾਏ ਕਰਦੀ ਨੇ ਬੂਹਾ ਜ਼ੋਰ ਨਾਲ ਢੋਇਆ ਤੇ ਮੈਂ ਅੰਦਰੋਂ ਕੁੰਡੀ ਲਾ ਲਿੱਤੀ। ਫਿਰ ਗੱਡੀ ਦੀ ਕੰਧ ਨਾਲ ਢੋਅ ਲਾ ਕੇ ਸੋਚਿਆ, ਹੁਣ ਮੇਰਾ ਬਚਣਾ ਬਹੁਤ ਔਖਾ ਹੈ।

ਬਹੁਤ ਔਖਾ ਹੈ। ਜੇ ਇਹ ਜ਼ਨਾਨੀ ਆਪਣੇ ਖਸਮ ਨੂੰ ਨਾਲ ਲੈ ਕੇ ਆ ਗਈ ਤਾਂ ਮੈਨੂੰ ਹੋਰ ਮਾਰ ਪਵੇਗੀ। ਅਸਲ ਵਿਚ ਅੰਦਰ ਆਣ ਲੱਗਿਆਂ ਮੇਰੇ ਦਿਮਾਗ਼ 'ਚ ਇੰਨਾ ਡਰ ਸੀ ਕਿ ਮੈਂ ਬੂਹੇ ਦੀ ਕੁੰਡੀ ਲਾਣੀ ਈ ਭੁੱਲ ਗਿਆ ਸਾਂ। ਮੇਰਾ ਸਰੀਰ ਇਹ ਗੱਲ ਸੋਚ ਕੇ ਕੰਬ ਗਿਆ, ਜੇ ਹੁਣ ਬੰਦੇ ਕੱਠੇ ਹੋਏ ਤਾਂ ਮੈਂ ਕਿਤੇ ਨੱਸ ਵੀ ਨਹੀਂ ਸਕਾਂਗਾ, ਕਿਉਂ ਜੋ ਮੈਂ ਸੁੱਥਣ ਲਾਹੀ ਹੋਈ ਏ। ਪਰ ਇਹ ਸੋਚ ਕੇ ਮੈਨੂੰ ਹੌਸਲਾ ਹੋਇਆ ਕਿ ਮੇਰੀ ਗ਼ਲਤੀ ਨਹੀਂ ਸੀ।

ਆਪਣੀ ਸੀਟ ‘ਤੇ ਬਹਿੰਦੇ ਸਾਰ ਮੈਂ ਸੋਚਿਆ, ਇਸ ਮੂਤਰ ਹੱਥੋਂ ਮੈਨੂੰ ਕਿਤੇ ਨਾ ਕਿਤੇ ਮੁਸੀਬਤ ਪਈ ਰਹਿੰਦੀ ਏ। ਮੈਂ ਸਾਰੇ ਰੁਝੇਵੇਂ ਛੱਡ ਕੇ ਹੁਣ ਆਪਣੀ ਇਸ ਕਮਜ਼ੋਰੀ ‘ਤੇ ਜ਼ਰੂਰ ਕਾਬੂ ਪਾਵਾਂਗਾ। ਪਰ ਵੇਲੇ ਨੂੰ ਕਿੰਝ ਕਾਬੂ ਕਰਦਾ।

00 00 00

ਸਵੇਰ ਦੇ ਦਸ ਵੱਜ ਚੁੱਕੇ ਸਨ ਪਰ ਹਾਲੀ ਮੇਰੀ ਕੋਠੜੀ ਵੱਲ ਕੋਈ ਵੀ ਨਹੀਂ ਸੀ ਆਇਆ। ਦੂਜੇ ਕੋਠੇ ‘ਚ ਬੱਝੇ ਡੰਗਰ ਖੋਲ੍ਹ ਕੇ ਉਹਨਾਂ ਨੇ ਬਾਹਰ ਬੰਨ੍ਹ ਦਿੱਤੇ ਸਨ ਤੇ ਉਹਨਾਂ ਅੱਗੇ ਘਾਹ ਪੱਠਾ ਵੀ ਪਾ ਦਿੱਤਾ ਸੀ। ਮੈਨੂੰ ਵੀ ਭੁੱਖ ਲੱਗ ਰਹੀ ਸੀ ਪਰ ਮੈਥੋਂ ਕਿਸੇ ਨੂੰ ਵਾਜ ਨਹੀਂ ਸੀ ਮਾਰੀ ਜਾ ਰਹੀ। ਬੜੀ ਹਿੰਮਤ ਕੀਤੀ ਪਰ ਜੋ ਕੁਛ ਆਖਿਆ ਉਹ ਮੈਂਥੋਂ ਬਿਨਾਂ ਹੋਰ ਕੋਈ ਵੀ ਨਾ ਸੁਣ ਸਕਿਆ। ਮੇਰੀ ਅੱਖਾਂ ਵਿਚ ਬੇਵਸੀ ਦੇ ਅੱਥਰੂ ਆ ਗਏ। ਇੰਨੇ ਚਿਰ ਨੂੰ ਬੂਹੇ ਦੇ ਪੁਰਾਣੇ ਕਬਜ਼ਿਆਂ ਨੇ ਕੜ ਕੜ ਕੀਤੀ, ਮੇਰਾ ਪੁੱਤ ਤੇ ਨੂੰਹ ਅੰਦਰ ਆਏ ਤੇ ਮੈਨੂੰ ਜਾਗਦਾ ਵੇਖ ਕੇ ਇਕ ਦੂਜੇ ਨੂੰ ਕਹਿਣ ਲੱਗੇ:

“ਜਾਗ ਗਏ ਨੇ।”

“ਆਹੋ”, ਮੇਰੇ ਪੁੱਤਰ ਨੇ ਆਖਿਆ।

“ਤੂੰ ਜਾ ਕੇ ਚਾਹ ਧਰ ਦੇ, ਮੈਂ ਇਹਨਾਂ ਨੂੰ ਢੋਅ ਲਾ ਕੇ ਮੰਜੀ ‘ਤੇ ਬਿਠਾ ਦੇਂਦਾਂ।”

ਮੇਰੀ ਨੂੰਹ ਬਾਹਰ ਚਲੀ ਗਈ ਤੇ ਪੁੱਤਰ ਨੇ ਮੋਢਿਆਂ ‘ਚ ਹੱਥ ਪਾ ਕੇ ਮੈਨੂੰ ਢਾਸਣਾ ਲਵਾ ਦਿੱਤਾ। ਪਰ ਇਕ ਪਾਸਿਉਂ ਜਦੋਂ ਲੇਫ ਨੂੰ ਚੁੱਕਿਆ ਤਾਂ ਉਹਦੇ ਮੱਥੇ ‘ਤੇ ਵੱਟ ਪੈ ਗਏ। ਉਹਨੇ ਮੇਰੀ ਨੂੰਹ ਨੂੰ ਵਾਜ ਮਾਰੀ:

“ਪ੍ਰਵੀਨ ਜ਼ਰਾ ਅੰਦਰ ਆਵੀਂ, ਅੱਬੇ ਨੇ ਅੱਜ ਫਿਰ ਮੂਤਰ ਕਰ ਛੱਡਿਆ ਈ।”

ਜਦੋਂ ਦਾ ਮੈਨੂੰ ਫਾਲਜ ਦਾ ਅਟੈਕ ਹੋਇਆ ਸੀ, ਮੈਂ ਗੱਲ ਕਰਨੋਂ ਵੀ ਰਹਿ ਗਿਆ ਸਾਂ। ਬਹੁਤ ਜ਼ੋਰ ਲਾਇਆ ਪਰ ਪੁੱਤਰ ਨੂੰ ਜੋ ਕੁਛ ਆਖਣਾ ਚਾਹੁੰਦਾ ਸਾਂ, ਨਹੀਂ ਆਖ ਸਕਿਆ। ਮੇਰੀਆਂ ਅੱਖਾਂ ਫਿਰ ਭਿੱਜ ਗਈਆਂ। ਬੇਬੇ ਨੂੰ ਮਰਿਆਂ ਸੱਠ ਸਾਲ ਹੋ ਚਲੇ ਸਨ, ਪਰ ਉਹਦੀ ਆਖੀ ਇਕ ਗੱਲ ਅਜੇ ਘੜੀ ਘੜੀ ਚੇਤੇ ਆ ਰਹੀ ਸੀ:

“ਜਿਹੜੀ ਗੱਲ ਬੰਦੇ ਦੇ ਵਸ ਵਿਚ ਨਾ ਹੋਵੇ, ਉਹਦੇ ‘ਤੇ ਰੋਣ ਦਾ ਕੀ ਫਾਇਦਾ।” 000

***(LS 6, Block 14, Tulip Street, Gulistan E Johar, Karachi-43, Pakistan)***



# ਮੇਰੀ ਭਾਬੀ: ਯਾਦਾਂ: ਦਰਸ਼ਨ ਸਿੰਘ

ਮੇਰੀ ਭਾਬੀ ਮੇਰੀ ਭਰਜਾਈ ਨਹੀਂ, ਮੇਰੀ ਮਾਂ ਸੀ। ਮਾਂ ਨੂੰ ਅਸੀਂ ਭਾਬੀ ਹੀ ਸੱਦਦੇ ਸਾਂ। ਪਤਾ ਨਹੀਂ ਕਿਉਂ। ਸਾਡੇ ਪਾਸੇ ਵੈਸੇ ਤਾਂ *ਭਾਬੀ* ਭਰਜਾਈ ਨੂੰ ਕਹਿੰਦੇ ਹਨ। ਓਧਰ ਦੇ ਨਹੀਂ। ਵਾਰਿਸ ਸ਼ਾਹ ਨੇ ਵੀ ਆਪਣੇ ਕਿੱਸੇ ਵਿਚ ਹੀਰ ਨੂੰ ਨਨਾਣ ਸਹਿਤੀ ਮੂੰਹੋਂ *ਭਾਬੀ* ਹੀ ਅਖਵਾਇਆ ਸੀ। ਆਪੋ ਆਪਣੀ ਰੀਤ ਹੁੰਦੀ ਹੋਵੇਗੀ ਹਰ ਘਰ ਦੀ। ਕਈ ਮਾਂ ਨੂੰ *ਭਾਬੋ* ਕਹਿੰਦੇ ਸਨ। ਸਾਡੀ ਸ਼ਹਿਰਨ ਚਾਚੀ *ਝਾਈ* ਅਖਵਾਉਂਦੀ ਸੀ।

ਆਪਣੀ ਭਾਬੀ ਨਾਲ ਅਸੀਂ *ਜੀ* ਨਹੀਂ ਸਾਂ ਲਾਉਂਦੇ। *ਜੀ* ਸਾਡੇ ਘਰ ਆਪਣੇ ਪਿਤਾ, ਭਾਈਆ ਜੀ, ਲਈ ਰਾਖਵਾਂ ਸੀ। ਵੈਸੇ ਓਦੋਂ ਕੋਈ ਏਸ ਤਰ੍ਹਾਂ ਦਾ ਰਿਵਾਜ ਨਹੀਂ ਸੀ ਹੁੰਦਾ। ਸਾਡੇ ਗਵਾਂਢੀ ਲਾਲਾ ਸਰਬਦਿਆਲ ਆੜ੍ਹਤੀ ਦੇ ਪਰਿਵਾਰ ਵਿਚ ਮਾਂ ਨੂੰ *ਮਾਤਾ ਜੀ* ਸੱਦਿਆ ਜਾਂਦਾ ਸੀ। ਏਥੋਂ ਤਕ ਕਿ ਆਪ ਲਾਲਾ ਜੀ ਵੀ ਆਪਣੀ ਘਰੋਂ ਨੂੰ ਮਾਤਾ ਜੀ ਹੀ ਸੱਦਦੇ ਸਨ।

ਸ਼ਾਇਦ ਏਸੇ *ਜੀ* ਦੇ ਨਾ ਹੋਣ ਕਰਕੇ ਸਾਡੀ ਮਾਂ ਨਾਲ ਸਾਡੀ ਕੋਈ ਉਚੇਚੀ ਅਪਣੱਤ ਸੀ। ਅਸੀਂ ਉਹਨੂੰ ਕੁਝ ਵੀ ਕਹਿ ਸਕਦੇ ਸਾਂ। ਉਹਦਾ ਆਖਿਆ ਮੋੜ ਵੀ ਸਕਦੇ ਸਾਂ। ਸਾਨੂੰ ਕੋਈ ਸਹਿਮ ਨਹੀਂ ਸੀ ਉਹਦਾ। *ਜੀ* ਵਾਲੇ ਭਾਈਆ ਜੀ ਦਾ ਚੰਗਾ ਸਹਿਮ ਸੀ। ਮੇਰਾ ਵੱਡਾ ਭਰਾ ਤਾਂ ਭਾਈਆ ਜੀ ਦੇ ਘਰ ਇਕ ਬੂਹਿਉਂ ਵੜਦਿਆਂ ਹੀ ਦੂਜੇ ਬੂਹਿਉਂ ਬਾਹਰ ਖਿਸਕ ਜਾਂਦਾ ਸੀ, ਭਾਵੇਂ ਉਹ ਓਸ ਵੇਲ਼ੇ ਚੌਂਕੇ ਬੈਠਾ ਰੋਟੀ ਖਾ ਰਿਹਾ ਹੋਵੇ। ਭਾਬੀ ਜਿੰਨਾ ਸਾਡਾ ਮੰਨਦੀ ਸੀ, ਓਨਾ ਅਸੀਂ ਉਹਦਾ ਨਹੀਂ ਸਾਂ ਮੰਨਦੇ। ਇਕ ਤਰ੍ਹਾਂ ਅਸੀਂ ਉਹਨੂੰ ਆਪਣੇ ਹਾਣ ਦਾ ਸਮਝਦੇ ਸਾਂ।

ਭਾਬੀ ਦਾ ਨਾਂ ਵੀਰਾਂਵਾਲੀ ਸੀ। ਬਸ ਨਾਂ ਹੀ ਸੀ। ਵੈਸੇ ਵੀਰ ਕੋਈ ਨਹੀਂ ਸੀ। ਉਹਦੇ ਪੇਕੇ ਪਰਿਵਾਰ ਵਿਚ ਆਪਣੀ ਛੋਟੀ ਭੈਣ ਮਾਯਾ ਤੋਂ ਬਿਨਾਂ ਹੋਰ ਕੋਈ ਨਹੀਂ ਸੀ। ਮੈਂ ਆਪਣੇ ਨਾਨਾ ਨਾਨੀ ਨਹੀਂ ਵੇਖੇ ਹੋਏ। ਉਂਝ ਤਾਂ ਮੈਨੂ ਆਪਣੇ ਦਾਦਾ ਦਾਦੀ ਦੀ ਦੀਦ ਵੀ ਨਸੀਬ ਨਹੀਂ ਸੀ ਹੋਈ। ਬੜੇ ਛੋਟੇ ਹੁੰਦਿਆਂ ਮੈਂ ਵਰ੍ਹੇ ਛਿਮਾਹੀ ਮਾਸੀ ਮਾਯਾ ਦੇ ਪਿੰਡ ਪੀਰਕੋਟ ਜਾਂਦਾ ਹੁੰਦਾ ਸਾਂ। ਮੇਰਾ ਮਾਸੜ ਸਰਦਾਰੀ ਲਾਲ ਸਾਨੂੰ ਹਾਫ਼ਿਜ਼ਾਬਾਦ ਸਟੇਸ਼ਨ ’ਤੇ ਲੈਣ ਆ ਜਾਂਦਾ। ਕੁਝ ਕੋਹਾਂ ਦੀ ਵਾਟ ਹੁੰਦੀ ਸੀ। ਮਾਸੜ ਮੈਨੂੰ ਕਹਿੰਦਾ, ‘ਸਰਦਾਰ ਜੀ’ ਤੁਸੀਂ ਤਾਂ ਬੈਠੋ ਏਥੇ!’ ਚੁੱਕ ਕੇ ਮੈਨੂੰ ਆਪਣੇ ਘੋੜੇ ’ਤੇ ਬਿਠਾ ਦੇਂਦਾ ਤੇ ਆਪ ਸਾਡੇ ਨਾਲ ਨਾਲ ਟੁਰੀ ਜਾਂਦਾ।

ਭਾਬੀ ਹਿੰਦੂ ਪਰਿਵਾਰ ਤੋਂ ਸੀ। ਵਿਆਹੀ ਉਸ ਪਰਿਵਾਰ ਵਿਚ ਗਈ, ਜਿਹੜਾ ਹੈ ਤਾਂ ਹਿੰਦੂ ਸੀ, ਪਰ ਜਿਨ੍ਹੇ ਵੱਡੇ ਪੁੱਤਰ ਨੂੰ ਸਿੱਖ ਬਣਾਇਆ ਹੋਇਆ ਸੀ। ਸਿੱਖ ਨਾਲ ਵਿਆਹੀ ਗਈ ਤਾਂ ਭਾਬੀ ਪੂਰੀ ਸਿੱਖ ਹੋ ਗਈ। ਸਿਰਫ਼ ਗੁਰਦੁਆਰੇ ਜਾਂਦੀ। *ਰਾਮ! ਰਾਮ!* ਨਹੀਂ, *ਵਾਹਿਗੁਰੂ! ਵਾਹਿਗੁਰੂ!* ਕਰਦੀ। ਗੁਰਦਵਾਰੇ ਦੇ ਭਾਈ ਨੂੰ, ਚੌਂਕਿਉਂ ਬਾਹਰ, ਵਿਹੜੇ ਵਿਚ ਬਿਠਾ ਪਰਸ਼ਾਦਾ ਛਕਾਂਦੀ। ਵੈਸੇ ਰੋਟੀ ਤਾਂ ਉਹ ਰਾਜੀ ਬਾਹਮਣੀ ਨੂੰ ਵੀ ਦੇ ਦੇਂਦੀ।

ਭਾਬੀ ਦਾ ਵਿਆਹ ਛੋਟੀ ਉਮਰੇ ਹੋ ਗਿਆ। ਓਦੋਂ ਇੰਝ ਹੀ ਹੁੰਦਾ ਸੀ। ਮੇਲ ਤਕਦੀਰ ਹੀ ਮਿਲਾਂਦੀ ਸੀ। ਉਹ ਏਡੀ ਸੁਜਾਖੀ ਨਹੀਂ ਸੀ ਹੁੰਦੀ। ਸਾਡੇ ਭਾਈਆ ਜੀ ਲੰਮੇ ਝੰਮੇ ਸਨ। ਭਰਵਾਂ ਜੁੱਸਾ ਸੀ ਉਹਨਾਂ ਦਾ। ਭਾਬੀ ਚੰਗੀ ਮਧਰੀ ਸੀ। ਪਤਲੀ ਪਤੰਗ। ਛੀਟਕੋ ਜਿਹੀ, ਰਤਾ ਵੀ ਵਾਧੂ ਮਾਸ ਨਹੀਂ ਸੀ ਚੜ੍ਹਿਆ ਹੋਇਆ। ਉਹਦਾ ਸਭ ਕੁਝ ਛੋਟਾ ਸੀ। ਪਰ ਸੀ ਸਾਰਾ ਕੁਝ ਹਿਸਾਬ ਨਾਲ। ਵਾਲ਼ ਜ਼ਰੂਰ ਲੰਮੇ ਸਨ ਤੇ ਸ਼ਾਹਕਾਲੇ। ਚਿੱਟੀਆਈ ਉਹਨਾਂ ਵਿਚ ਬੜੀ ਬਾਅਦ

ਵਿਚ ਆਈ। ਅਖ਼ੀਰਲੇ ਸਾਲੀਂ। ਨੱਕ ਵਿਚ ਉਹ ਤੀਲੀ ਪਾਂਦੀ ਸੀ। ਗਲ਼ ਸੋਨੇ ਦੀ ਜੰਜੀਰੀ। ਖੱਬੀ ਬਾਹੀਂ ਸੋਨੇ ਦੀਆਂ ਇਕ ਜਾਂ ਦੋ ਵੰਗਾਂ। ਸੋਨੇ ਨੂੰ ਸਿਓਨਾ ਆਖਦੀ ਸੀ। ਕਿਸੇ ਵੀ ਉਂਗਲੇ ਕੋਈ ਛਾਪ ਨਹੀਂ ਸੀ ਹੁੰਦੀ। ਸ਼ਾਇਦ ਸਾਡੇ ਪਾਸੇ ਓਦੋਂ ਛਾਪਾਂ ਦਾ ਏਡਾ ਰਿਵਾਜ ਨਹੀਂ ਸੀ ਹੁੰਦਾ। ਪਰ '*ਦੇ ਜਾ ਵੇ ਛੱਲਾ ਨਿਸ਼ਾਨੀ ਸੱਜਣ ਤੇਰੀ ਮਿਹਰਬਾਨੀ* ' ਵਾਲੀ ਬੋਲੀ ਮੇਰੇ ਕੰਨੀਂ ਕਦੀ ਓਦੋਂ ਹੀ ਪਈ ਸੀ।

ਭਾਬੀ ਲਿੱਸੀ ਜਿਹੀ ਲਗਦੀ ਸੀ, ਪਰ ਉਹਦੇ ਵਿਚ ਅਜ਼ਲੋਂ ਹੀ ਕੋਈ ਚਾਬੀ ਭਰੀ ਹੋਈ ਸੀ, ਜਿਹੜੀ ਮੁੱਕਣ ਵਿਚ ਹੀ ਨਹੀਂ ਸੀ ਆਉਂਦੀ। ਰਾਤੀਂ ਉਹ ਸਭ ਨੂੰ ਸੰਵਾ ਕੇ ਸੌਂਦੀ। ਸਵੇਰੇ ਧੰਮੀ ਵੇਲੇ ਉਠਦੀ, ਜਦੋਂ ਅਜੇ ਬਾਕੀ ਦੇ ਜੀਅ ਮਿੱਠੀ ਨੀਂਦਰੇ ਸੁੱਤੇ ਹੁੰਦੇ। ਨਲਕਾ ਗੇੜ ਠੰਡੇ ਪਾਣੀ ਨਾਲ ਨਾਹੁੰਦੀ ਧੋਂਦੀ ਤੇ ਫੇਰ ਰਸੋਈ 'ਚ ਜਾ ਰਿੜਕਣਾ ਪਾ ਲੈਂਦੀ। ਗੜੂੰਦੇ ਪਏ ਘਰ ਵਿਚ ਚਾਟੀ 'ਚ ਮਧਾਣੀ ਦੀ ਲੈਅਦਾਰ ਘੁਮਕਾਰ ਗੂੰਜ ਉਠਦੀ ਤੇ ਨਾਲ ਹੀ ਭਾਬੀ ਦੀ ਸੁਰੀਲੀ ਹੂਕ। ਕਿਸੇ ਅਹੁੜ-ਪਏ ਗੌਣ ਗਾਉਂਦੀ ਦੀ। ਇਹਨੂੰ ਨਿਬੇੜ ਉਹ ਆਪਣੇ ਚੌਂਕੇ ਵਿਚ ਆ ਜਾਂਦੀ। ਚੌਂਕਾ ਵਿਹੜੇ ਦੇ ਅਗਲੇ ਪਾਸੇ ਬੈਠਕ ਦੇ ਨਾਲ ਕਰਕੇ ਸੀ। ਚੁੱਲ੍ਹਾ ਵੀ ਓਥੇ ਸੀ। ਭਾਬੀ ਅੱਗ ਬਾਲ਼ਦੀ। ਆਟਾ ਗੁੰਨ੍ਹਦੀ। ਇੱਚਰਾਂ ਨੂੰ ਅਸੀਂ ਵੀਂ ਵਾਰੋ ਵਾਰੀ ਜਾਗਣ ਲਗਦੇ। ਸਭ ਤੋਂ ਪਹਿਲਾਂ ਸਾਡੇ ਭਾਈਆ ਜੀ। ਉਹ ਗਲਾਸ ਲੱਸੀ ਪੀਂਦੇ, ਖੂੰਡੀ ਚੁਕਦੇ ਤੇ ਨਹਿਰੋਂ ਪਾਰ ਆਪਣੇ ਠੇਕੇ ਦੇ ਮੁਰੱਬਿਆਂ ਨੂੰ ਨਿਕਲ ਜਾਂਦੇ। ਜਿਵੇਂ ਜਿਵੇਂ ਕੋਈ ਉਠਦਾ, ਜੋ ਕੁਝ ਮੰਗਦਾ, ਭਾਬੀ ਬਣਾ ਬਣਾ ਉਹਨੂੰ ਦਈ ਜਾਂਦੀ। ਹਰ ਕਿਸੇ ਨੂੰ ਕੁਝ ਆਪੋ ਆਪਣਾ ਚਾਹੀਦਾ ਹੁੰਦਾ ਸੀ। ਭਾਬੀ ਓਸੇ ਵੇਲੇ ਤਿਆਰ ਕਰ ਦੇਂਦੀ। ਚੌਂਕਾ ਮਘਿਆ ਰਹਿੰਦਾ। ਏਸੇ ਤਰ੍ਹਾਂ ਹੀ ਸਾਰਾ ਦਿਨ। ਰਾਤੀਂ ਸੌਣ ਵੇਲੇ ਤਕ। ਨਾ ਕੰਮ ਮੁਕਦਾ, ਨਾ ਭਾਬੀ ਥਕਦੀ।

ਭਾਬੀ ਸਭ ਕੁਝ ਮੱਠੀ ਚਾਲੇ ਕਰਦੀ। ਬਹੁਤੀ ਫੁਰਤੀ ਨਾ ਫੜਦੀ। ਫੇਰ ਵੀ ਉਹਦਾ ਕੋਈ ਵੀ ਕੰਮ ਵੇਲੇ ਸਿਰ ਹੋਣੋਂ ਨਾ ਰਹਿੰਦਾ। ਭੱਜ-ਦੌੜ ਦੀ ਲੋੜ ਹੀ ਨਹੀਂ ਸੀ। ਭਾਬੀ ਦੀ ਦੁਨੀਆਂ ਹੀ ਛੋਟੀ ਜਿਹੀ ਸੀ। ਚੁੱਲ੍ਹੇ ਵਾਲਾ ਉਹਦਾ ਚੌਂਕਾ, ਉਹਦਾ ਵਿਹੜਾ, ਜਿਹਦੀ ਇਕ ਨੁਕਰੇ ਭੜੋਲਾ ਸੀ, ਉਹਦੀ ਝਮ ਝਮ ਕਰਦੀ ਰਸੋਈ, ਜਿੱਥੇ ਉਹਦੀਆਂ ਗਾਗਰਾਂ ਤੇ ਗਲਾਸਾਂ ਦੀਆਂ ਕਤਾਰਾਂ ਸਨ, ਉਹਦਾ ਪਾਸਾਰ, ਜਿੱਥੇ ਉਹ ਸੌਂਦੀ ਸੀ। ਉਹਦਾ ਟਰੰਕਾਂ ਵਾਲਾ ਕਮਰਾ, ਜਿੱਥੇ ਉਹਦਾ ਸਾਰਾ ਮਾਲ-ਅਸਬਾਬ ਸੀ।ਉਹਦੀ ਤੂੜੀ ਵਾਲੀ ਕੋਠੜੀ, ਜਿੱਥੋਂ ਉਹ ਹਰ ਰੋਜ਼ ਆਪਣੀਆਂ ਦੋ ਮੱਝਾਂ ਦੇ ਗੁਤਾਵੇ ਲਈ ਤੂੜੀ ਕਢਵਾਉਂਦੀ ਸੀ। ਉਹਦੀ ਬੈਠਕ, ਜਿਹਦੀ ਕਾਰਨਿਸ ਉੱਤੇ *ਜਾਜ਼* ਦੀ ਘੜੀ ਪਈ ਹੁੰਦੀ ਸੀ, ਜਿਹਦੇ ਵਕਤ-ਦਸਦੇ ਹਿੰਦਸੇ ਉਹ ਬੁੱਝ ਨਹੀਂ ਸੀ ਸਕਦੀ ਤੇ ਜਿਹਦੇ ਬਾਹਰਲੇ ਬੂਹੇ 'ਤੇ ਖਲੋ ਉਹ ਆਪਣੀ ਗਲੀ ਦੀ ਰੌਣਕ ਵੇਖਦੀ ਤੇ ਬਾਹਰ ਗਏ ਹੋਏ ਜੀਆਂ ਦੇ ਪਰਤਣ ਦੀ ਉਡੀਕ ਕਰਦੀ। ਭਾਬੀ ਦੂਜੀ ਮੰਜ਼ਿਲ 'ਤੇ ਘੱਟ ਹੀ ਜਾਂਦੀ ਸੀ। ਉਪਰ ਕੋਠਾ ਤਾਂ ਉਹਦੇ ਗੇੜ 'ਚ ਹੈ ਸੀ। ਓਥੇ ਸਿਆਲ਼ੇ ਉਹ ਧੁੱਪ ਸੇਕਦੀ ਸੀ ਤੇ ਰਾਤੀਂ, ਤਾਰਿਆਂ ਦੀ ਛਾਵੇਂ, ਪਰਿਵਾਰ ਦੇ ਹੋਰਨਾਂ ਜੀਆਂ ਨਾਲ ਮੰਜੀ ਨਾਲ ਮੰਜੀ ਡਾਹ ਸੌਂਦੀ ਸੀ। ਏਡੀ ਕੁ ਦੁਨੀਆਂ 'ਚ ਰਫ਼ਤਾਰਾਂ ਤੇ ਫੁਰਤੀਆਂ ਕਿਸ ਲਾਹੇ ਸਨ।

ਭਾਬੀ ਦੇ ਤਿੰਨ ਪੁੱਤਰ ਤੇ ਤਿੰਨ ਧੀਆਂ ਹਨ। ਸਭ ਤੋਂ ਵੱਡੀ ਧੀ ਸੀ। ਉਹਦੇ ਨਾਲ ਤਾਂ ਉਹਦਾ ਸਹੇਲਪੁਣਾ ਸੀ। ਫੇਰ ਮੇਰਾ ਵੱਡਾ ਭਰਾ ਸੀ ਤੇ ਮੇਰੀਆਂ ਦੋ ਹੋਰ ਭੈਣਾਂ। ਫੇਰ ਮੈਂ ਤੇ ਮੇਰਾ ਛੋਟਾ ਭਰਾ ਅਮਰਜੀਤ। ਪਤਾ ਨਹੀਂ, ਸਾਡੇ ਸਭ ਦੇ ਨਾਂ ਕਿਵੇਂ ਰੱਖੇ ਗਏ ਸਨ। ਮੁੰਡਿਆਂ ਦੇ ਨਾਂ ਸਿੱਖਾਂ ਵਾਲੇ ਸਨ ਤੇ ਕੁੜੀਆਂ ਦੇ ਹਿੰਦੂਆਂ ਵਾਲੇ। ਮੇਰੀਆਂ ਭੈਣਾਂ ਸਨ: ਕੌਸ਼ੱਲਿਆ, ਕ੍ਰਿਸ਼ਨਾ ਤੇ



ਕੈਲਾਸ਼। ਸ਼ਾਇਦ ਤਿੰਨੀਂ ਵਾਰੀ ਹੀ ਕ ਨਿਕਲਿਆ ਹੋਵੇਗਾ। ਪਤਾ ਨਹੀਂ, ਇੰਝ ਮੁੱਢੋਂ ਹਿੰਦੂ ਪਰਿਵਾਰ ਦੇ ਹੋਣ ਕਰਕੇ ਸੀ ਜਾਂ ਫੇਰ ਸ਼ਾਇਦ ਇਹ ਸ਼ਹਿਰੀ ਸਿੱਖ ਪਰਿਵਾਰਾਂ ਦੀ ਪਿਰਤ ਹੁੰਦੀ ਸੀ। ਮੇਰੀਆਂ ਭੈਣਾਂ ਦੂਜੀ ਤੀਜੀ ਪੀੜ੍ਹੀ ਦੇ ਸਿੱਖ ਪਰਿਵਾਰਾਂ 'ਚ ਵਿਆਹੀਆਂ ਗਈਆਂ। ਉਹਨਾਂ ਦੇ ਸਹੁਰੇ ਨਾਂ ਸਿੱਖਾਂ ਵਾਲੇ ਰੱਖ ਦਿਤੇ ਗਏ। ਵੱਡੀ ਭੈਣ ਪੇਕੇ *ਕੌਸ਼ੱਲਿਆ* ਸੀ ਤੇ ਸਹੁਰੇ *ਅੰਮ੍ਰਿਤ ਕੌਰ*।

ਭਾਬੀ ਕਿਸੇ ਪਾਠਸ਼ਾਲਾ ਵਿਚ ਨਹੀਂ ਸੀ ਪਈ ਹੋਈ। ਇਕ ਅੱਖਰ ਵੀ ਨਹੀਂ ਸੀ ਉਠਾ ਸਕਦੀ। ਮਾੜੀ ਮੋਟੀ ਗਿਣਤੀ ਜ਼ਰੂਰ ਆਉਂਦੀ ਸੀ ਉਹਨੂੰ। ਕੋਈ ਲੰਮਾ ਚੌੜਾ ਹਿਸਾਬ ਨਹੀਂ ਸੀ ਕਰ ਸਕਦੀ। ਉਹਨੂੰ ਵਕਤ ਦਾ ਵੀ ਟਿਚਨ ਅਨੁਮਾਨ ਨਹੀਂ ਸੀ ਹੁੰਦਾ। ਓਸ ਜ਼ਮਾਨੇ ਵਿਚ ਰੇਡੀਉ ਵੀ ਨਹੀਂ ਸੀ। ਘਰ ਅਖ਼ਬਾਰ ਵੀ ਨਹੀਂ ਸਨ ਆਉਂਦੇ। ਸਭ ਕੁਝ ਅੰਦਾਜ਼ੇ ਨਾਲ ਹੀ ਹੁੰਦਾ ਸੀ। ਭਾਬੀ ਦਾ ਅੰਦਾਜ਼ਾ ਚੰਗਾ ਸੀ।

ਸਵੇਰੇ ਉਹ ਮੈਨੂੰ ਵੇ਼ਲੇ ਸਿਰ ਉਠਾ, ਨਹਾ ਧੁਆ, ਤਿਆਰ ਕਰ ਦੇਂਦੀ। ਖੁਆ ਪਿਆ ਦੇਂਦੀ ਤੇ ਫੱਟੀ ਤੇ ਬਸਤਾ ਫੜਾ ਸਕੂਲੇ ਟੋਰ ਦੇਂਦੀ। ਉਹਦਾ ਕੰਮ ਮੁੱਕ ਜਾਂਦਾ। ਅੱਗੋਂ ਭਾਵੇਂ ਮੈਂ ਸਕੂਲੇ ਜਾਵਾਂ ਜਾਂ ਕਿਤੇ ਹੋਰ। ਮੈਂ ਆਵਾਂਗਾ ਤਾਂ ਸਾਂ ਹੀ । ਰਾਹ ਵਿਚ ਇਕ ਕੋਠੇ 'ਤੇ ਮੇਰੇ ਵਰਗੇ ਵਿਹਲੇ ਤੇ ਸ਼ੌਂਕੀ ਲੋਕ ਗੁੱਡੀਆਂ ਉਡਾਂਦੇ ਸਨ। ਮੈਂ ਫੱਟੀ ਤੇ ਬਸਤੇ ਸਮੇਤ ਉਪਰ ਚੜ੍ਹ ਜਾਂਦਾ ਤੇ ਸ਼ਾਮ ਤਕ ਅਸਮਾਨੇ ਗੁੱਡੀਆਂ ਉਡਾਂਦਾ, ਪੇਚਿਆਂ ਵਿਚ ਫਸਦਾ, ਬੋ-ਕਾਟਾ ਹੁੰਦਾ ਵੇਖਦਾ ਰਹਿੰਦਾ ਤੇ ਫੇਰ ਸਕੂਲੋਂ ਪਰਤਦੇ ਮੁੰਡਿਆਂ ਨਾਲ ਵੇ਼ਲੇ ਸਿਰ ਘਰ ਪਰਤ ਜਾਂਦਾ। ਭਾਬੀ ਦੂਰੋਂ ਆਉਂਦੇ ਨੂੰ ਵੇਖ ਲੈਂਦੀ। ਖੁਸ਼ ਹੁੰਦੀ, ਮੁੰਡਾ ਕਮਾਈਆਂ ਕਰਕੇ ਮੁੜ ਆਇਐ। ਕੁਝ ਨਾ ਪੁੱਛਦੀ, ਕੀ ਪੜ੍ਹ ਕੇ ਆਇਐ, ਕੁਝ ਘਰ ਕਰਨ ਨੂੰ ਵੀ ਮਿਲਿਆ ਈ ਕਿ ਨਹੀਂ। ਉਹ ਮੇਰੀ ਫੱਟੀ ਤੇ ਬਸਤਾ ਰੱਖ ਲੈਂਦੀ ਤੇ ਕੁਝ ਖੁਆ ਪਿਆ ਬਾਹਰ ਗ਼ਲੀ 'ਚ ਖੇਡਣ ਨੂੰ ਘੱਲ ਦੇਂਦੀ। ਸੁਰਖ਼ਰੂ ਮਹਿਸੂਸ ਕਰਦੀ।

ਇਹ ਸੁਰਖ਼ਰੂਈ ਹੀ ਭਾਬੀ ਦੀ ਜ਼ਿੰਦਗੀ ਸੀ।

ਮੇਰੇ ਵਾਂਗ ਹੀ ਉਹ ਪਰਿਵਾਰ ਦੇ ਹਰ ਜੀਅ ਨੂੰ ਉਹਦੇ ਆਹਰ ਲਈ ਤਿਆਰ ਕਰਾਉਂਦੀ। ਘਰੋਂ ਬਾਹਰ ਜਾਣ ਵਾਲੇ ਨੂੰ ਵੇਲੇ ਸਿਰ ਬਾਹਰ ਘੱਲਦੀ ਤੇ ਫੇਰ ਉਹਦੇ ਪਰਤਣ ਦੀ ਉਡੀਕ ਲਾ ਲੈਂਦੀ। ਪਰਤਦਿਆਂ ਨੂੰ ਬੂਹੇ 'ਤੇ ਮਿਲਦੀ। ਖੁਆਂਦੀ ਪਿਆਂਦੀ ਤੇ ਫੇਰ ਟੋਰਦੀ। ਤੇ ਅਖੀਰ, ਰਾਤ ਦੀ ਰੋਟੀ ਖੁਆ ਸੁਆਂਦੀ ਤੇ ਫੇਰ ਆਪ ਸੌਂਦੀ। ਇਹ ਉਹਦਾ ਨਿੱਤ ਨੇਮ ਸੀ। ਉਹਦਾ ਧਰਮ ਕਰਮ। ਇਸ ਤੋਂ ਏਧਰ ਓਧਰ ਉਹਦਾ ਹੋਰ ਕੁਝ ਨਹੀਂ ਸੀ।

ਭਾਬੀ ਕਿਸੇ ਨੂੰ ਕੋਈ ਸਿੱਖਿਆ ਨਹੀਂ ਸੀ ਦੇਂਦੀ। ਕਿਸੇ ਉੱਤੇ ਵੀ ਆਪਣੇ ਵੱਡੇ ਹੋਣ ਦਾ ਰੁਅਬ ਨਾ ਪਾਉਂਦੀ। ਨਾ ਝਿੜਕਦੀ ਝੰਬਦੀ। ਨਾ ਖਿਝਦੀ। ਖਿੜੇ ਮੱਥੇ ਰਹਿੰਦੀ। ਮੂੰਹ ਉਹਦੇ 'ਤੇ ਮਾੜੀ ਜਿਹੀ ਲੋਅ ਹੁੰਦੀ।

ਆਪਣੀ ਨੂੰਹ ਨੂੰ ਉਹ ਧੀਆਂ ਤੋਂ ਦੀ ਜਾਣਦੀ। ਐਵੇਂ ਉਹਨੂੰ ਵਗਾਰਾਂ ਨਾ ਪਾਉਂਦੀ ਰਹਿੰਦੀ। ਭਰਜਾਈ ਤਾਂ ਉਹਨੂੰ ਸਾਡੇ ਵਾਂਗ ਹੀ *ਭਾਬੀ* ਸੱਦਦੀ, ਪਰ ਭਾਬੀ ਹਮੇਸ਼ਾ ਉਹਦਾ ਪੂਰਾ ਨਾਂ ਲੈਂਦੀ।

ਜੇ ਓਦੋਂ ਕੋਈ ਭਾਬੀ ਨੂੰ ਪੁੱਛਦਾ, 'ਵੀਰਾਂ, ਕਿਸੇ ਚੀਜ਼ ਦੀ ਥੋੜ ਲਗਦੀ ਆ, ਤਾਂ ਜ਼ਰੂਰ ਹੀ ਉਹਦਾ ਜਵਾਬ ਇਹ ਹੁੰਦਾ, 'ਥੋੜ ਕਾਹਦੀ ! ਦਾਤੇ ਦੀਆਂ ਮਿਹਰਾਂ ਨੇ। ਬਾਗ਼ ਪਰਿਵਾਰ ਏ। ਵਸ ਰਸ ਰਿਹੈ। ਇਵੇਂ ਹੀ ਵਸਦਾ ਰਸਦਾ ਰਹੇ। ਕਾਰ ਵਿਹਾਰ ਚੱਲ ਰਿਹੈ ... ਹਾਂ ਕਦੀ ਕਦੀ ਜੀਅ ਹੁੱਸੜ ਜਾਂਦੈ। ਆਪਣੀ ਮਾਯਾ ਯਾਦ ਆ ਜਾਂਦੀ ਏ। ਮਿਲ ਲਾਂਗੀ ਉਹਨੂੰ ਵੀ, ਜਦੋਂ *ਪ੍ਰਾਬਲਮ* ਹੋਈ ...

ਨਸੀਬਾਂ ਲਈ ਇਹ ਸ਼ਬਦ ਮੈਂ ਪਹਿਲੀ ਵਾਰੀ ਭਾਬੀ ਦੇ ਮੂਹੋਂ ਸੁਣਿਆ। ਭਾਬੀ ਦੀ ਬੋਲੀ ਕਮਾਲ ਦੀ ਹੁੰਦੀ ਸੀ। ਸੰਸਕ੍ਰਿਤ ਤੇ ਅਰਬੀ ਫ਼ਾਰਸੀ ਨਾਲ ਭਰੀ ਹੋਈ। ਲਗਦਾ ਸੀ, ਉਹਨੇ ਸਾਰੇ ਵੇਦ ਪੁਰਾਣ ਪੜ੍ਹੇ ਹੋਏ ਨੇ ਤੇ ਸਾਰੇ ਸੂਫ਼ੀ ਦੀਵਾਨ। ਕਦੀ ਕਦੀ ਮੈਨੂੰ ਪੁੱਛਦੀ, 'ਕਾਹਦੇ 'ਚ ਗ਼ਲਤਾਨ ਏਂ?' ਬਾਲ ਨੂੰ ਉਹ *ਜਾਤਕ* ਕਹਿੰਦੀ।

ਖ਼ੈਰ ਛੋਟੀ ਭੈਣ ਮਾਯਾ ਦਾ ਤਰਸੇਂਵਾਂ ਭਾਬੀ ਨੂੰ ਐਵੇਂ ਹੀ ਸੁੱਝ ਪਿਆ ਸੀ। ਉਹਨੂੰ ਮਿਲਣਾ ਤਾਂ ਮੁਹਾਲ ਨਹੀਂ ਸੀ। ਉਹਦਾ ਪਿੰਡ ਸਾਡੇ ਸ਼ਹਿਰੋਂ ਗੱਡੀ ਦੇ ਸਿਰਫ਼ ਚਾਰ ਸਟੇਸ਼ਨ ਸਨ। ਜੋ ਭਾਬੀ ਨੂੰ ਜੁੜਿਆ ਹੋਇਆ ਸੀ, ਉਸ ਤੋਂ ਵੱਧ ਦੀ ਉਹਨੂੰ ਤਾਂਘ ਹੀ ਨਹੀਂ ਸੀ। ਉਹਦੇ ਸਾਰੇ ਜੀਅ ਰਾਜ਼ੀ ਸਨ। ਕਾਰੇ ਵਿਹਾਰੇ ਲੱਗੇ ਹੋਏ ਸਨ। ਇਕੱਠੇ ਸਨ। ਇਕੋ ਚੌਂਕੇ ਵਿਚ ਰੋਟੀ ਖਾਂਦੇ ਸਨ। ਇਕੋ ਚਾਟੀ ਦੀ ਲੱਸੀ ਪੀਂਦੇ ਸਨ। ਵੇਲੇ ਸਿਰ ਆਉਂਦੇ ਜਾਂਦੇ ਸਨ। ਇਕੋ ਛੱਤ ਹੇਠ ਤੇ ਇਕੋ ਕੋਠੇ ਉੱਤੇ ਸੌਂਦੇ ਸਨ। ਨਾਲੋ ਨਾਲ ਮੰਜੀ ਡਾਹ ਕੇ। ਹੋਰ ਕੀ ਚਾਹੀਦਾ ਸੀ। ਉਹਦੇ ਲਈ ਸੁਰਗ ਸੀ ਤਾਂ ਉਹ ਇਹੀਓ ਸੀ। ਕਿਤੇ ਅਰਸ਼ੀਂ ਜਾਣ ਦੀ ਲੋੜ ਨਹੀਂ ਸੀ।

ਭਾਬੀ ਨੂੰ ਤ੍ਰਿਪਤੀ ਸਭ ਤੋਂ ਵੱਧ ਇਹ ਮਹਿਸੂਸ ਕਰਨ ਤੋਂ ਸੀ ਕਿ ਏਸ ਧਰਤਲੇ ਸੁਰਗ ਦੀ ਚਿਣਾਈ ਉਹਨੇ ਵੀ ਕੀਤੀ ਸੀ।

ਸੰਨ ਸੰਤਾਲੀ ਦੇ ਵੰਡਾਰੇ ਨੇ ਭਾਬੀ ਤੋਂ ਉਹਦਾ ਇਹ ਸੁਰਗ ਖੋਹ ਲਿਆ, ਪਹਿਲੋਂ ਕੁਝ ਮਹੀਨਿਆਂ ਲਈ ਤੇ ਫੇਰ ਬਾਅਦ ਵਿਚ ਸਦਾ ਲਈ।

ਭਾਬੀ ਤੇ ਉਹਦਾ ਪਰਿਵਾਰ ਪਾਕਿਸਤਾਨੋਂ ਆਪਣੇ ਸ਼ਹਿਰ ਤੋਂ ਬੁਰੇ ਹਾਲੀਂ ਨਿਕਲੇ। ਜਾਨਾਂ ਤਾਂ ਬਖ਼ਸ਼ ਦਿੱਤੀਆਂ ਗਈਆਂ, ਹੋਰ ਕੁਝ ਵੀ ਨਾ। ਸਿੱਖੀ ਸਰੂਪ ਵੀ ਨਾ। ਭਾਬੀ ਨੇ ਭਾਈਆ ਜੀ ਦੇ ਸਿਰ 'ਤੇ ਕੈਂਚੀ ਆਪ ਫੇਰੀ। ਚੰਗੇ ਭਾਗੀਂ, ਮੈਂ, ਮੇਰੀ ਭਰਜਾਈ ਤੇ ਮੇਰੀ ਭਤੀਜੀ, ਭਰਜਾਈ ਦੇ ਪੇਕੇ ਮੰਡੀ ਚੂਹੜਕਾਨੇ ਚਲੇ ਗਏ ਹੋਏ ਸਾਂ। ਅਸੀਂ ਓਥੋਂ ਵੱਖ ਨਿਕਲੇ। ਸਹੀ ਸਲਾਮਤ ਅੰਮ੍ਰਿਤਸਰ ਪਹੁੰਚ ਗਏ। ਭਾਬੀ ਤੇ ਉਹਦਾ ਬਾਕੀ ਦਾ ਪਰਿਵਾਰ ਸਾਨੂੰ ਦੋ ਤਿੰਨ ਹਫ਼ਤਿਆਂ ਬਾਅਦ ਓਥੇ ਬਹੁੜਿਆ। ਅਸੀਂ ਸਾਰੇ, ਆਪਣੇ ਚੌਂਕੇ ਜਿੱਡੀ ਇਕ ਨਿੱਕੀ ਜਿਹੀ ਮਿਆਨੀ ਵਿਚ ਜੁੜ ਬੈਠੇ। ਭਾਬੀ ਦੇ ਸਾਹ 'ਚ ਸਾਹ ਆਇਆ। ਉਹਨੂੰ ਲੱਗਾ, ਜੋ ਖੁੱਸਿਆ ਸੀ, ਉਹਨੂੰ ਫੇਰ ਮਿਲ ਗਿਐ। ਵੈਸੇ ਉਹਨੂੰ ਅਜੇ ਆਪਣੇ ਚੁੱਲ੍ਹੇ ਚੌਂਕੇ, ਵਿਹੜੇ, ਆਪਣੀ ਚਾਟੀ ਤੇ ਮਧਾਣੀ, ਆਪਣੇ ਟਰੰਕਾਂ ਦਾ ਵਿਗੋਚਾ ਤਾਂ ਹੈ ਸੀ। ਪਰ ਬਹੁਤਾ ਚਿਰ ਨਹੀਂ। ਉਹਨੇ ਮਿਆਨੀ ਦੇ ਭੀੜੇ ਜਿਹੇ ਲਾਂਘੇ ਵਿਚਾਲ਼ੇ ਰੱਖੀ ਅੰਗੀਠੀ ਨੂੰ ਹੀ ਆਪਣੇ ਸਭ ਕਾਸੇ ਦਾ ਚਿੰਨ੍ਹ ਸਮਝ ਲਿਆ।

ਭਾਬੀ ਦਾ ਸਾਰਾ ਪਰਿਵਾਰ ਓਥੋਂ ਪਹਿਲੋਂ ਦਿੱਲੀ ਆਇਆ ਤੇ ਕੁਝ ਮਹੀਨਿਆਂ ਬਾਅਦ ਗਾਜ਼ੀਆਬਾਦ ਚਲਾ ਗਿਆ ਤੇ ਓਥੇ ਹੀ ਵਸ ਗਿਆ। ਕੰਮ ਕਾਰ ਵੀ ਚੱਲ ਪਿਆ। ਸੁਖਾਲ ਹੋ ਗਈ। ਭਾਬੀ ਨੂੰ ਹੁਣ ਓਨਾ ਕੰਮ ਨਾ ਕਰਨਾ ਪੈਂਦਾ। ਕਾਫ਼ੀ ਜ਼ਿੰਮੇਵਾਰੀ ਭਰਜਾਈ ਨੇ ਸਾਂਭ ਲਈ ਸੀ। ਪਰ ਹੁੰਦਾ ਸਭ ਕੁਝ ਭਾਬੀ ਦੀ ਰਜ਼ਾ ਨਾਲ ਸੀ। ਪਰਦੇ ਪਿੱਛੇ ਉਹ ਆਪ ਹੀ ਸੀ। ਉਹਨੂੰ ਤਸੱਲੀ ਸੀ। ਨਿੱਤਨੇਮ ਚਲ ਰਿਹਾ ਸੀ।

ਮੈਂ ਦਿੱਲੀ ਹੀ ਰਹਿ ਗਿਆ ਸਾਂ। ਗਾਜ਼ੀਆਬਾਦ ਦਾ ਗੇੜਾ ਕਢਦਾ ਰਹਿੰਦਾ ਸਾਂ। ਕਦੀ ਕਦੀ ਮੇਰੇ ਸੱਦਣ 'ਤੇ ਭਾਬੀ ਵੀ ਫੇਰਾ ਪਾ ਜਾਂਦੀ। ਮੈਨੂੰ ਆਪਣੇ ਬੋਲ ਸੁਣਾ ਜਾਂਦੀ। ਆਪਣੇ ਅਖਾਣ ਪਾ ਜਾਂਦੀ। ਹੱਥੀਂ ਪਕਾ ਕੇ ਖੁਆ ਜਾਂਦੀ। ਗ਼ਲੀ ਬਾਜ਼ਾਰ ਦੀ ਰੌਣਕ ਵੇਖ ਜਾਂਦੀ। ਵੈਸੇ ਉਹਦੀ ਲੋੜ ਨਹੀਂ ਸੀ। ਮੇਰੇ ਕੋਲ ਭਗਤ ਰਾਮ ਨਾਂ ਦਾ ਬੜਾ ਹੀ ਸੁਚੱਜਾ ਪਹਾੜੀਆ ਨੌਕਰ ਹੁੰਦਾ ਸੀ। ਉਹ ਸਭ ਕਰ ਕਤਰ ਲੈਂਦਾ ਸੀ।



ਭਾਬੀ ਕੋਲ ਹੁਣ ਵਿਹਲ ਸੀ। ਗਾਜ਼ੀਆਬਾਦ ਉਹ ਆਪਣੇ ਮੁਹੱਲੇ ਦਾ ਚੱਕਰ ਲਾਉਣ ਲੱਗ ਪਈ। ਬਗ਼ਾਨਿਆਂ ਨਾਲ ਦੁਖ ਸੁਖ ਫੋਲਣ ਲੱਗ ਪਈ। ਉਹਦੇ ਗਵਾਂਢ ਇਕ ਮੁਸਲਮਾਨ ਧਨੀ ਦੀ ਹਵੇਲੀ ਸੀ। ਓਥੇ ਉਹਦਾ ਬੜਾ ਦਿਲ ਲਗਦਾ। ਓਥੇ ਉਹ ਪਰਿਵਾਰ ਦੀਆਂ ਬੀਬੀਆਂ ਨਾਲ *ਹਮਕੀ ਤੁਮਕੀ* ਮਾਰਦੀ ਰਹਿੰਦੀ। ਆਪਣੀ ਧੁਰ ਲਹਿੰਦੀ ਪੰਜਾਬੀ ਨੂੰ ਯੂ-ਪੀ ਦੀ ਉਰਦੂ ਦੀ ਸੇਧ ਦੇਣ ਦਾ ਉਹਦਾ ਇਹ ਉਪਰਾਲਾ ਬੜਾ ਹੀ ਹਸਾਉਣਾ ਲਗਦਾ।

ਕੁਝ ਸਾਲਾਂ ਵਿਚ ਮੇਰਾ ਛੋਟਾ ਭਰਾ ਅਮਰਜੀਤ ਪੜ੍ਹ ਲਿਖ ਗਿਆ ਤੇ ਦਿੱਲੀ ਨੌਕਰੀ ਕਰਨ ਆ ਗਿਆ। ਉਹਦਾ ਵਿਆਹ ਹੋ ਗਿਆ। ਉਹਦੀ ਬੱਚੀ ਹੋਈ। ਦੋਵੇਂ ਜੀਅ ਨੌਕਰੀ ਕਰਦੇ ਸਨ। ਬੱਚੀ ਤੇ ਘਰ ਦੀ ਸੰਭਾਲ ਲਈ ਉਹਨਾਂ ਨੂੰ ਭਾਬੀ ਦੀ ਲੋੜ ਪੈ ਗਈ। ਉਹਨਾਂ ਸੱਦ ਘੱਲੀ। ਛੋਟੇ ਪੁੱਤਰ ਦੇ ਨਿੱਤਨੇਮ ਵਿਚ ਵਿਘਨ ਪੈ ਰਿਹਾ ਸੀ। ਭਾਬੀ ਕਿਵੇਂ ਨਾ ਬਹੁੜਦੀ। ਭਾਬੀ ਹੁਣ ਦਿੱਲੀ ਆਈ ਤਾਂ ਵਾਪਸ ਗਾਜ਼ੀਆਬਾਦ ਜਾਣ ਜੋਗੀ ਨਾ ਰਹੀ। ਅਮਰਜੀਤ ਦੇ ਦੂਜੀ ਬੱਚੀ ਹੋ ਗਈ। ਭਾਬੀ ਦੋਵਾਂ ਬੱਚੀਆਂ ਨੂੰ ਪਾਲਣ ਤੇ ਘਰ ਸੰਭਾਲਣ ਲੱਗੀ। ਉਹਦਾ ਦਿਲ ਤਾਂ ਲੱਗ ਗਿਆ ਪਰ ਵਾਪਸ ਆਪਣੇ ਵੱਡੇ ਪਰਿਵਾਰ ਕੋਲ਼ ਜਾਣ ਦਾ ਹੁਸੜੇਵਾਂ ਵੀ ਰਿਹਾ। ਉਹ ਨਾ ਜਾ ਸਕੀ। ਜਾਂਦੀ ਤਾਂ ਪਿੱਛੇ ਘਰ ਤੇ ਬੱਚੀਆਂ ਰੁਲ਼ ਜਾਂਦੀਆਂ।

ਮੈਂ ਦਸੀਂ ਪੰਦਰੀਂ ਦਿਨੀਂ ਜਾ ਕੇ ਉਹਨੂੰ ਮਿਲ ਆਉਂਦਾ। ਮੇਰੇ ਆਪਣੇ ਘਰ ਮੇਰੇ ਕੋਲ ਪੂਰਾ ਬੰਦੋਬਸਤ ਸੀ। ਮੇਰੇ ਵੀ ਦੋ ਬੱਚੇ ਸਨ, ਪਰ ਮੇਰੀ ਸੁੱਘੜ, ਸੁਸ਼ੀਲ ਪਤਨੀ ਨੌਕਰੀ ਨਹੀਂ ਸੀ ਕਰਦੀ। ਉਹ ਆਪਣਾ ਕੰਮ ਆਪ ਸਾਰ ਸਕਦੀ ਸੀ। ਕਦੀ ਕਦੀ ਕਿਸੇ ਸਨਿੱਚਰ ਐਤ ਅਸੀਂ ਭਾਬੀ ਨੂੰ ਆਪਣੇ ਕੋਲ਼ ਲੈ ਆਉਂਦੇ। ਭਾਬੀ ਨੂੰ ਚੰਗਾ ਲਗਦਾ।

ਸਾਨੂੰ ਦਿੱਲੀ ਵਾਲਿਆ ਨੂੰ ਭਾਬੀ ਨਾਲ ਇਕ ਅਜੀਬ ਤਰ੍ਹਾਂ ਦੀ ਮੁਸ਼ਕਿਲ ਪੈਂਦੀ। ਭਾਬੀ ਸਿਰਫ਼ ਦੇਸੀ ਘਿਓ ਖਾਂਦੀ ਸੀ। ਕਹਿੰਦੀ, ਤੇਲ ਜਾਂ ਡਾਲਡੇ ਨਾਲ ਮੇਰਾ ਮੂੰਹ ਪੱਕ ਜਾਂਦੈ। ਵੰਡਾਰਿਓਂ ਪਹਿਲਾਂ ਤਾਂ ਹਰ ਸਰਦੇ ਪੁਜਦੇ ਘਰ ਆਪਣਾ ਦੇਸੀ ਘਿਓ ਹੁੰਦਾ ਸੀ। ਖਾਣੇ ਵਿਚ ਉਹੀਓ ਹੀ ਪੈਂਦਾ ਸੀ। ਡਾਲਡਾ ਤਾਂ ਗ਼ਰੀਬ ਗ਼ੁਰਬੇ ਹੀ ਵਰਤਦੇ ਸਨ। ਪਰ ਵੰਡਾਰਿਓਂ ਬਾਅਦ, ਖ਼ਾਸ ਕਰਕੇ ਸ਼ਹਿਰਾਂ ਵਿਚ, ਜਿੱਥੇ ਲੋਕਾਂ ਕੋਲ ਆਪਣਾ ਲਵੇਰਾ ਨਹੀਂ ਸੀ ਹੁੰਦਾ, ਇੰਝ ਨਹੀਂ ਸੀ ਹੁੰਦਾ। ਦਿੱਲੀ ਵਿਚ ਖਰਾ ਦੇਸੀ ਘਿਓ ਲੱਭਣਾ ਸੌਖਾ ਨਹੀਂ ਸੀ। ਪਰ ਮੇਰੀ ਜੁਗਤਣ ਪਤਨੀ ਆਮ ਵਰਤੋਂ ਦੇ ਦੁੱਧ 'ਚੋਂ ਹੀ ਭਾਬੀ ਜੋਗਾ ਘਿਓ ਕੱਢ ਲੈਂਦੀ ਸੀ। ਆਪਣੇ ਘਰ ਅਮਰਜੀਤ ਨੇ ਵੀ ਕੋਈ ਪ੍ਰਬੰਧ ਕੀਤਾ ਹੀ ਹੋਣੈਂ। ਜੇ ਅਸੀਂ ਕਦੀ ਕੋਈ ਠੀਆ ਠੱਪਾ ਨਾ ਕਰ ਸਕਦੇ ਤਾਂ ਉਹਦੇ ਖਾਣੇ ਵਿਚ ਕੁਝ ਹੋਰ ਪਾ ਦੇਂਦੇ। ਮੈਂ ਕਹਿ ਦੇਂਦਾ, 'ਭਾਬੀ ਦੇਸੀ ਹੀ ਏ।' ਉਹ ਮੰਨ ਜਾਂਦੀ ਤੇ ਖਾ ਲੈਂਦੀ। ਉਹਦਾ ਮੂੰਹ ਨਾ ਪਕਦਾ। ਉਹਨੂੰ ਦਿੱਲੀ ਦੇ ਖ਼ਾਸ ਦੇਸੀ ਘਿਓ ਦੀ ਗੇਝ ਪੈ ਗਈ ਹੋਈ ਲਗਦੀ ਸੀ।

ਭਾਬੀ ਨੂੰ ਇਕ ਹੋਰ ਆਦਤ ਨਹਾਉਣ ਵੇਲੇ ਸਰ੍ਹੋਂ ਦਾ ਤੇਲ ਮਲਣ ਦੀ ਸੀ। ਉਹ ਤਾਂ ਸਹਿਜੇ ਹੀ ਪੁੱਗ ਜਾਂਦੀ। ਇਹ ਤੇਲ ਆਮ ਮਿਲਦਾ ਸੀ ਤੇ ਅਕਸਰ ਘਰ ਹੁੰਦਾ ਹੀ ਸੀ।

ਕੁਝ ਵਰ੍ਹੇ ਬੀਤੇ। ਇਕ ਦਿਨ ਮੈਂ ਵੇਖਿਆ, ਭਾਬੀ ਦੀਆਂ ਅੱਖਾਂ ਸਿੱਜੀਆਂ ਹੋਈਆਂ ਸਨ। ਮੂੰਹ 'ਤੇ ਕਿਸੇ ਉਦਾਸੀ ਦੀ ਛਾਂ ਸੀ। ਧਿਆਨ ਵੀ ਬਹੁਤਾ ਅੰਦਰਵੰਨੇ ਸੀ। ਗੁਆਚੀ ਗੁਆਚੀ ਲਗਦੀ ਸੀ। ਮੈਂ ਪੁੱਛ ਹੀ ਲਿਆ, 'ਕੀ ਗੱਲ ਭਾਬੀ, ਤਬੀਅਤ ਤਾਂ ਠੀਕ ਹੀ ਨਾ? ਵੱਲ ਏਂ ਨਾ?' ਮੈਂ ਉਹਦੀ ਬੋਲੀ ਵਰਤੀ। ਭਾਬੀ ਦਾ ਜਵਾਬ ਸੀ, 'ਵੱਲ ਹਾਂ। ਐਵੇਂ ਕਦੀ ਗਾਜ਼ੀਆਬਾਦ ਜਾਣ ਨੂੰ ਦਿਲ ਕਰ ਆਂਦੈ। ਪਰ ਏਥੇ ਘਰ ਨੂੰ ਛੱਡ ਕੇ ਕਿਵੇਂ ਜਾਵਾਂ? ਕੌਣ ਸਾਂਭੇਗਾ। ਦੋਵੇਂ ਜੀਅ ਕੰਮ ਕਰਦੇ ਜੇ ...

ਮੈਂ ਅਮਰਜੀਤ ਤੇ ਆਪਣੀ ਛੋਟੀ ਭਰਜਾਈ ਨਾਲ ਗੱਲ ਕੀਤੀ। ਇਹਦਾ ਅਹਿਸਾਸ ਉਹਨਾਂ ਨੂੰ ਵੀ ਸੀ। ਉਹਨਾਂ ਹੱਸਦਿਆਂ ਹੱਸਦਿਆਂ ਦੱਸਿਆ, 'ਭਾਪੇ, ਕੁੜੀਆਂ ਹੁਣ ਭਾਬੀ ਦੇ ਆਖੇ ਨਹੀਂ ਲਗਦੀਆਂ। ਹੋਰ ਕੋਈ ਗੱਲ ਨਹੀਂ। ਅਸੀਂ ਗਾਜ਼ੀਆਬਾਦ ਸਭ ਨੂੰ ਮਿਲਾ ਲਿਆਏ ਹਾਂ। ਕਈ ਵਾਰੀ। ਫੇਰ ਲੈ ਜਾਂਗੇ ਸੂ ਕਿਸੇ ਛੁੱਟੀ ਵਾਲੇ ਦਿਨ।'

ਅਮਰਜੀਤ ਦੀਆਂ ਕੁੜੀਆਂ ਅੰਗ੍ਰੇਜ਼ੀ ਸਕੂਲ ਪੜ੍ਹਦੀਆਂ ਸਨ। ਹੋਰ ਤਰ੍ਹਾਂ ਦੇ ਕੱਪੜੇ ਪਾਉਂਦੀਆਂ ਸਨ। ਧੌਣ ਦੁਆਲੇ ਟਾਈ ਵੀ ਵਲਦੀਆ ਸਨ। ਆਪੋ ਵਿਚ ਗਿਟ-ਮਿਟ ਕਰਦੀਆਂ ਰਹਿੰਦੀਆਂ ਸਨ। ਬਾਬੀ ਦੇ ਪੱਲੇ ਕੁਝ ਨਹੀਂ ਸੀ ਪੈਂਦਾ। ਹੁਣ ਉਹਨਾਂ ਨੂੰ ਭਾਬੀ ਦੀ ਪੁਰਾਣੀ ਤਰ੍ਹਾਂ ਦੀ ਸਿੱਖਿਆ ਤੇ ਸੰਭਾਲ ਅਖਰਦੀ ਸੀ। ਭਾਬੀ ਕੋਲ ਕਰਨ ਨੂੰ ਕੁਝ ਨਹੀਂ ਸੀ ਰਿਹਾ। ਉਹਦੀ ਲੋੜ ਨਹੀਂ ਸੀ ਰਹੀ ਕਿਸੇ ਨੂੰ। ਭਾਬੀ ਨੂੰ ਲਗਦਾ, ਉਹ ਵਾਧੂ ਹੋ ਗਈ ਹੈ। ਹੁਣ ਸਿਰਫ਼ ਉਹ ਆਪਣੇ ਆਪ ਲਈ ਜਿਉਂ ਰਹੀ ਏ। ਇਹ ਵੀ ਕੀ ਜੀਣਾ ਹੋਇਆ।

ਅਮਰਜੀਤ ਕਹਿੰਦਾ, 'ਮੈਂ ਤਾਂ ਉਹਨੂੰ ਵਾਪਸ ਘਰ ਗਾਜ਼ੀਆਬਾਦ ਘੱਲ ਦੇਣ ਨੂੰ ਵੀ ਤਿਆਰ ਹਾਂ। ਹੁਣ ਸਾਡਾ ਭਾਬੀ ਬਿਨਾਂ ਸਰ ਸਕਦੈ। ਪਰ ਭਰਜਾਈ ਕਹਿੰਦੀ ਏ, ਬਾਬੀ ਨੂੰ ਓਥੇ ਹੀ ਰੱਖ। ਅਸੀਂ ਭਾਈਏ ਨੂੰ ਰੱਖਿਆ ਹੋਇਐ। ਹੁਣ ਏਥੇ ਆ ਕੇ ਕੀ ਕਰੇਗੀ ...'

ਭਾਬੀ ਦੀ ਲੰਮੀ ਗ਼ੈਰ-ਹਾਜ਼ਰੀ ਵਿਚ ਗ਼ਾਜ਼ੀਆਬਾਦ, ਭਰਜਾਈ ਨੇ ਮੂਲ ਘਰ ਤੇ ਪਰਿਵਾਰ ਦੀ, ਭਾਈਆ ਜੀ ਦੀ ਵੀ, ਕਮਾਨ, ਸੰਭਾਲ ਲਈ ਹੋਈ ਸੀ। ਹੁਣ ਸਭ ਦਾ ਨਿੱਤਨੇਮ ਉਹ ਚਲਾਂਦੀ ਸੀ। ਹੁਣ ਉਹ ਆਪਣੀ ਹੈਸੀਅਤ ਤੇ ਮਰਤਬਾ ਭਾਬੀ ਨਾਲ ਵੰਡਾਉਣ ਨੂੰ ਤਿਆਰ ਨਹੀਂ ਸੀ। ਮੁਕਟ ਇਕੋ ਸੀ ਤੇ ਉਹ ਉਹਨੂੰ ਸਿਰਫ਼ ਆਪਣੇ ਸਿਰ ਹੀ ਰੱਖਣਾ ਚਾਹੁੰਦੀ ਸੀ।

ਦਿੱਲੀ ਸਾਡੇ ਆਪਣੇ ਘਰ ਵਿਚ ਵੀ ਭਾਬੀ ਦੇ ਕਰਨ ਨੂੰ ਕੁਝ ਨਹੀਂ ਸੀ। ਸਾਰੇ ਆਪੋ ਆਪ ਵਿਚ ਮਸਤ ਸਨ। ਸਵੈਕਾਰ ਸਨ। ਭਾਬੀ ਓਥੇ ਆਉਂਦੀ ਵੀ ਤਾਂ ਇਕ ਅੱਧ ਦਿਨ ਬਾਅਦ ਹੀ ਕਹਿਣ ਲਗਦੀ, ਮੈਨੂੰ ਵਾਪਸ ਛੱਡ ਆਓ। ਦਿਲ ਨਹੀਂ ਲਗਦਾ। ਅਸੀਂ ਵਾਪਸ ਛੱਡ ਆਉਂਦੇ।

ਭਾਬੀ ਨੇ ਹੋਰ ਕੋਈ ਆਹਰ ਵੀ ਨਹੀਂ ਸੀ ਬਣਾਇਆ ਹੋਇਆ। ਪੂਜਾ ਪਾਠ ਉਹ ਕਰਦੀ ਨਹੀਂ ਸੀ। ਜ਼ਬਾਨੀ ਉਹਨੂੰ ਕੁਝ ਵੀ ਯਾਦ ਨਹੀਂ ਸੀ। ਬਸ ਕਦੀ ਕਦੀ *ਵਾਹਿਗੁਰੂ*! ਹੀ ਮੂੰਹੋ ਨਿਕਲਦਾ ਸੀ। ਆਂਢ ਗੁਆਂਢ ਕੋਈ ਸਹੇਲਪੁਣਾ ਵੀ ਨਹੀਂ ਸੀ। ਰਿਸ਼ਤੇਦਾਰੀ ਵੀ ਕੋਈ ਏਡੀ ਨਹੀਂ ਸੀ। ਮਾਸੀ ਮਾਯਾ ਵੀ ਪੂਰੀ ਹੋ ਚੁੱਕੀ ਸੀ। ਭਾਬੀ ਦੀ ਕੋਈ ਟੇਕ ਹੀ ਨਹੀਂ ਸੀ ਰਹੀ।

ਮੈਂ ਭਾਬੀ ਨੂੰ ਪਹਿਲੀ ਸਾਰੀ ਉਮਰ ਕਦੀ ਖਿਝਿਆ ਨਹੀਂ ਸੀ ਵੇਖਿਆ। ਨਾ ਹੀ ਕਿਸੇ ਨੂੰ ਝਿੜਕਦਿਆਂ ਝੰਭਦਿਆਂ। ਇਹ ਉਹਦੇ ਸੁਭਾਅ 'ਚ ਹੀ ਨਹੀਂ ਸੀ। ਮੈਂ ਕਦੀ ਉਹਨੂੰ ਘਰ ਦੇ ਕਾਮੇ ਨਾਲ ਵੀ ਉੱਚਾ ਬੋਲਦਿਆਂ ਨਹੀਂ ਸੀ ਸੁਣਿਆ। ਪਰ ਭਾਬੀ ਹੁਣ ਖਿਝਣ ਲੱਗ ਪਈ। ਭਾਵੇਂ ਐਵੇਂ ਮਾੜਾ ਮਾੜਾ ਹੀ। ਜਦੋਂ ਕਦੀ ਉਹ ਸਾਡੇ ਘਰ ਆਈ ਹੁੰਦੀ ਤੇ ਸਾਡੇ ਨਾਲ ਮੇਜ਼ 'ਤੇ ਖਾਣਾ ਖਾ ਰਹੀ ਹੁੰਦੀ ਤੇ ਮੈਂ ਉਹਨੂੰ ਪੁੱਛਦਾ, 'ਭਾਬੀ ਇਹ ਖਾਏਂਗੀ?' ਉਹਦਾ ਜਵਾਬ ਹੁੰਦਾ, 'ਕਿਉਂ ਮੈਨੂੰ ਚੁਭਦੈ?' ਤੇ ਫੇਰ ਅਸੀਂ ਜੋ ਵੀ ਉਹਦੇ ਅੱਗੇ ਰੱਖਦੇ, ਉਹ ਖਾ ਲੈਂਦੀ। ਇਸ ਤਰ੍ਹਾਂ ਚਿੜ ਪੈਣਾ ਅਜੀਬ ਗੱਲ ਸੀ।

ਭਾਬੀ ਹੁਣ ਆਪਣੇ ਜਾਣ ਦੀ ਉਡੀਕ ਕਰ ਰਹੀ ਲਗਦੀ ਸੀ। ਸਹਿਜ ਸੁਭਾਅ। ਰੜਕਾਏ ਬਿਨਾਂ। ਖ਼ਾਸ ਪ੍ਰਤੱਖ ਕੁਝ ਨਹੀਂ ਸੀ ਹੁੰਦਾ। ਦਿਲਗੀਰ ਰਹਿੰਦੀ ਸੀ। ਬੇ-ਮਲੂਮੀ ਜਿਹੀ। ਕਦੀ ਕਦੀ ਅੱਖਾਂ ਵੀ ਡੁਬਡੁਬਾ ਪੈਂਦੀਆਂ ਸਨ। ਪਰ ਹੰਝੂ ਕੋਈ ਕਿਰਨ ਨਹੀਂ ਸੀ ਦੇਂਦੀ। ਸਾਡੇ ਕੋਲ਼ ਉਹਦੀ ਅਹੁਰ ਦਾ ਇਲਾਜ ਨਹੀਂ ਸੀ। ਮੈਂ ਸਭ ਕੁਝ ਸਮਝਦਾ ਸਾਂ। ਭਾਬੀ ਦੀ ਹੋਂਦ ਦਾ ਧੁਰਾ



ਖੋਖਲਾ ਹੋ ਗਿਆ ਸੀ। ਉਹਦਾ ਕੋਈ ਵੀ ਜੀਅ ਹੁਣ ਉਹਦੇ ਉੱਤੇ ਨਿਰਭਰ ਨਹੀਂ ਸੀ ਕਰਦਾ। ਹੁਣ ਉਹ ਆਪਣਿਆਂ ਲਈ ਨਹੀਂ, ਸਿਰਫ਼ ਆਪਣੇ ਲਈ ਜੀਅ ਰਹੀ ਸੀ। ਸੁਆਦ ਨਹੀਂ ਸੀ ਆ ਰਿਹਾ ਉਹਨੂੰ। ਏਸ ਤਰ੍ਹਾਂ ਦੇ ਜੀਣ ਦਾ ਹੱਜ ਕੀ ਸੀ। ਜੇ ਉਹ ਵਾਪਸ ਗਾਜ਼ੀਆਬਾਦ ਆਪਣੇ ਮੂਲ ਘਰ ਪਰਤ ਜਾਂਦੀ ਤਾਂ ਸ਼ਾਇਦ ਕੁਝ ਫ਼ਰਕ ਪੈ ਜਾਂਦਾ। ਪਰ ਓਥੇ ਤਾਂ ਹੁਣ ਮੇਰੀ ਭਰਜਾਈ ਦਾ ਰਾਜ ਸੀ। ਭਾਬੀ ਜੋ ਕਰਦੀ ਹੁੰਦੀ ਸੀ, ਉਹ ਹੁਣ ਭਰਜਾਈ ਕਰ ਰਹੀ ਸੀ। ਉਹ ਹੁਣ ਪਾਸੇ ਹੋਣ ਨੂੰ ਤਿਆਰ ਨਹੀਂ ਸੀ। ਉਹਦਾ ਪਰਿਵਾਰ ਸੀ। ਹੁਣ ਜ਼ਿੰਮੇਵਾਰੀ ਉਹਦੀ ਸੀ। ਭਾਬੀ ਏਥੇ ਦਿੱਲੀ ਦਿਨਕਟੀ ਕਰਨ ਲੱਗ ਪਈ। ਵੈਸੇ ਤਾਂ ਏਥੇ ਉਹਨੂੰ ਸਾਰੇ ਸੁਖ ਸਨ। ਅਮਰਜੀਤ ਉਹਦਾ ਬੜਾ ਧਿਆਨ ਕਰਦਾ ਸੀ। ਪਰ ਇਹ ਸਭ ਕੁਝ ਉਹਨੂੰ ਨਹੀਂ ਸੀ ਪਹੁੰਦਾ।

ਉਹਨੀਂ ਦਿਨੀਂ ਭਾਬੀ ਜ਼ਰੂਰ ਹੀ ਸੋਚਦੀ ਹੋਵੇਗੀ, 'ਮੈਂ ਵੀ ਕਿਉਂ ਨਾ ਓਥੇ ਟੁਰ ਪਵਾਂ, ਜਿੱਥੇ ਮੇਰੀ ਲੋੜ ਏ। ਭਾਈਏ ਨੂੰ ਓਥੇ ਗਿਆਂ ਕਈ ਵਰ੍ਹੇ ਹੋ ਗਏ ਨੇ।' ਕੱਲਾ ਮਹਿਸੂਸ ਕਰਦਾ ਹੋਵੇਗਾ ਵਿਚਾਰਾ। ਕਿਉਂ ਨਾ ਚੱਲਾਂ ਉਹਦੇ ਕੋਲ਼ ਹੀ? ਕੁਝ ਤਾਂ ਸੰਵਾਰਾਂਗੀ ਉਹਦਾ ਹੁਣ ਵੀ।'

ਭਾਬੀ ਕੁਝ ਕੁਝ ਬੀਮਾਰ ਰਹਿਣ ਲੱਗ ਪਈ। ਦਵਾ ਦਾਰੂ ਹੋ ਜਾਂਦਾ। ਉਹਦੀ ਨਿਗਾਹ ਘਟਦੀ ਗਈ। ਅਖ਼ੀਰ ਇਕ ਅੱਧ ਵਰ੍ਹੇ ਬਾਅਦ ਉਹ ਲੇਟ ਗਈ। ਖਾਣਾ ਪੀਣਾ ਘਟਾ ਦਿੱਤਾ। ਕਹਿੰਦੀ, 'ਬਸ, ਹੋਰ ਅੰਦਰ ਨਹੀਂ ਪੈਂਦਾ।'

ਮੈਨੂੰ ਉਹਦੇ ਆਖ਼ਰੀ ਦਿਨ ਯਾਦ ਨੇ। ਉਹ ਆਪਣੇ ਛੋਟੇ ਜਿਹੇ ਕਮਰੇ ਵਿਚ ਕੰਧ ਨਾਲ ਲੱਗੇ ਬਿਸਤਰੇ 'ਤੇ ਪਈ ਰਹਿੰਦੀ। ਅੱਖਾਂ ਮੀਟ। ਬੁਲ੍ਹ ਸੀੜ੍ਹ। ਪਤਾ ਨਹੀਂ, ਕੀ ਚਿਤਵਦੀ। ਮੈਂ ਜਦੋਂ ਉਹਦੇ ਵੱਲ ਜਾਂਦਾ, ਉਹਦਾ ਕੋਸਾ ਹੱਥ ਫੜੀ ਬੈਠਾ ਰਹਿੰਦਾ। ਕਦੀ ਉਹ ਉਹਨੂੰ ਰਤਾ ਘੁੱਟ ਵੀ ਲੈਂਦੀ। ਕਦੀ ਅੱਖਾਂ ਉਘੇੜਦੀ। ਹੁਣ ਉਹ ਦਿਲਗੀਰ ਨਹੀਂ ਸੀ ਲੱਗਦੀ। ਅਸਲੋਂ ਅਡੋਲ ਹੁੰਦੀ। ਜਾਪਦਾ, ਆਪਣੇ ਆਪ ਨੂੰ ਕਹਿ ਰਹੀ ਹੋਵੇ, 'ਹੁਣ ਕਾਹਦੀਆਂ ਦਿਲਗੀਰੀਆਂ। ਛੇਤੀ ਹੀ ਮੈਂ ਓਥੇ ਚਲੇ ਜਾਣੈਂ, ਜਿੱਥੇ ਮੇਰੀ ਲੋੜ ਏ...'

ਭਾਬੀ ਫੇਰ ਛੇਤੀ ਹੀ ਚਲੀ ਗਈ।

ਸਾਨੂੰ ਉਹਦੀ ਉਮਰ ਦਾ ਅੰਦਾਜ਼ਾ ਨਹੀਂ ਸੀ। ਫੇਰ ਵੀ ਸਾਡੇ ਮੋਟੇ ਹਿਸਾਬ ਅਨੁਸਾਰ ਉਹ ਓਦੋਂ ਨੱਬਿਆਂ ਤੋਂ ਉਪਰ ਸੀ।

ਜੇ ਭਾਬੀ ਠੀਕ ਖਾਂਦੀ ਪੀਂਦੀ ਰਹਿੰਦੀ ਤਾਂ ਜ਼ਰੂਰ ਹੀ ਦੋ ਚਾਰ ਸਾਲ ਹੋਰ ਕੱਢ ਜਾਂਦੀ। ਪਰ ਉਹਨੂੰ ਬੇ-ਟੇਕ, ਬੇ-ਲੋੜੇ ਜਿਊਣ ਦਾ ਕੋਈ ਲਾਹਾ ਨਹੀਂ ਸੀ ਲੱਗਦਾ। ਉਹਨੂੰ ਕਿਤੇ ਹੋਰੋਂ ਖਿੱਚ ਪੈਣ ਲੱਗ ਪਈ ਸੀ।

ਇਸ ਤਰ੍ਹਾਂ ਦੇ ਜਿਊਣ ਦਾ ਭਾਬੀ ਕੋਲ ਜ਼ਰੂਰ ਹੀ ਕੋਈ ਅਖਾਣ ਹੋਵੇਗਾ। ਉਹਨੂੰ ਪਤਾ ਨਹੀਂ ਕਿਉਂ ਨਹੀਂ ਸੀ ਅਹੁੜਿਆ। ਨਹੀਂ ਤਾਂ ਮੈਨੂੰ ਜ਼ਰੂਰ ਸੁਣਾ ਜਾਂਦੀ। 000

***(C-13, Greater Kailash Enclave 1, New Dehi- 110 048)***

# ਮਸਖਰਾ ਵਿਦਵਾਨ ਪ੍ਰੋ. ਬ੍ਰਹਮਜਗਦੀਸ਼ ਸਿੰਘ

## ਹਰਜਿੰਦਰ ਸਿੰਘ ਸੂਰੇਵਾਲੀਆ

ਸਰਕਾਰੀ ਬਰਜਿੰਦਰਾ ਕਾਲਜ ਫਰੀਦਕੋਟ ਦੀ ਕੰਟੀਨ ਵਿਚ ਬੈਠੇ ਕੁੱਝ ਪ੍ਰੋਫੈਸਰ ਚਾਹ ਦੀਆਂ ਚੁਸਕੀਆਂ ਲੈ ਰਹੇ ਸਨ ਤੇ ਨਾਲੇ ਹਾਸਾ-ਠੱਠਾ ਕਰ ਰਹੇ ਸਨ। ਮੁਕਤਸਰ ਦੇ ਸਰਕਾਰੀ ਕਾਲਜ ਤੋਂ ਬੀ. ਏ. ਕਰਕੇ ਇੱਥੇ ਪੰਜਾਬੀ ਦੀ ਐੱਮ .ਏ. ਕਰਨ ਆਈ ਕੁੜੀ ਨੇ ਮੁਕਤਸਰ ਕਾਲਜ ਦੇ ਕਿਸੇ ਪ੍ਰੋਫੈਸਰ ਵੱਲੋਂ ਲਿਖਿਆ ਇਕ ਰੁੱਕਾ ਪ੍ਰੋਫੈਸਰ ਬ੍ਰਹਮਜਗਦੀਸ਼ ਸਿੰਘ ਦੇ ਹੱਥ ਫੜਾ ਦਿੱਤਾ। ਨਸ਼ੀਲੀਆਂ ਅੱਖਾਂ ਵਾਲੀ ਇਸ ਕੁੜੀ ਨੂੰ ਮੁਕਤਸਰ ਦੇ ਮਨਚਲੇ ਕਾਲਜੀਏਟ 'ਮੈਂਡਰਿਕਸ' ਕਹਿੰਦੇ ਸਨ। ਬ੍ਰਹਮਜਗਦੀਸ਼ ਨੇ ਨਜ਼ਰਾਂ ਕੁੜੀ ਦੇ ਚਿਹਰੇ 'ਤੇ ਗੱਡ ਲਈਆਂ ਤੇ ਨਾਲ ਬੈਠੇ ਪ੍ਰੋ. ਸੁਖਜਿੰਦਰ ਸਿੰਘ ਨੂੰ ਕਾਗ਼ਜ਼ ਫੜਾ ਕੇ ਕਿਹਾ, 'ਪੜ੍ਹ।'

ਪ੍ਰੋ. ਸੁਖਜਿੰਦਰ ਸਿੰਘ ਨੇ ਕਾਗ਼ਜ਼ ਦੀ ਤਹਿ ਖੋਲ੍ਹੀ ਤੇ ਪੜ੍ਹਨਾ ਸ਼ੁਰੂ ਕੀਤਾ ,'ਪਿਆਰੇ ਮਿੱਤਰ ਬ੍ਰਹਮ, ਸਤਿ ਸ੍ਰੀ ਅਕਾਲ ।'

'ਸਤਿ ਸ੍ਰੀ ਅਕਾਲ ਜੀ ' ਬ੍ਰਹਮਜਗਦੀਸ਼ ਲੋਰ ਜਿਹੀ 'ਚ ਬੋਲਿਆ ।

ਸੁਖਜਿੰਦਰ ਸਿੰਘ ਨੇ ਅੱਗੇ ਪੜ੍ਹਨਾ ਸ਼ੁਰੂ ਕੀਤਾ , 'ਤੁਹਾਡੇ ਪਾਸ ਆਪਣੀ ਅਜ਼ੀਜ਼ ਸ਼ਿਸ਼ ਭੇਜ ਰਿਹਾ ਹਾਂ। ਤੁਸੀਂ ਇਸਦੀ ਬਾਂਹ ਫੜਨੀ।'

ਸੁਖਜਿੰਦਰ ਸਿੰਘ ਨੇ ਅਜੇ ਵਾਕ ਪੂਰਾ ਕੀਤਾ ਹੀ ਸੀ ਕਿ ਬ੍ਰਹਮਜਗਦੀਸ਼ ਨੇ ਕੋਲ਼ ਖੜ੍ਹੀ ਕੁੜੀ ਦਾ ਗੁੱਟ ਫੜ ਲਿਆ ਤੇ ਬੋਲਿਆ, 'ਅੱਗੇ ਪੜ੍ਹ ਕੀ ਲਿਖਿਆ ਹੈ ? ਕੀ ਕਰਨਾ ਹੈ ?'

ਪ੍ਰੋ. ਬ੍ਰਹਮਜਗਦੀਸ਼ ਸਿੰਘ ਅਜਿਹਾ ਖੁਸ਼ ਮਿਜ਼ਾਜ ਤਬੀਅਤ ਦਾ ਬੰਦਾ ਹੈ ਕਿ ਜਿੱਥੇ ਉਹ ਬੈਠ ਜਾਂਦਾ ਹੈ ਉੱਥੇ ਹੀ ਠਹਾਕੇ ਗੂੰਜਣ ਲੱਗਦੇ ਹਨ ਤੇ ਹਾਸੇ ਦੇ ਫੁਹਾਰੇ ਛੁੱਟਦੇ ਹਨ। ਹਾਸਾ-ਠੱਠਾ, ਮਖੌਲ, ਮਸ਼ਕਰੀ, ਟਿੱਚਰ, ਚੋਭਾਂ, ਚੂੰਢੀਆਂ ਉਸਦੇ ਜੀਵਨ ਦੇ ਨਿਤਾ ਪ੍ਰਤੀ ਵਿਹਾਰ ਦਾ ਬੜਾ ਅਹਿਮ ਅਤੇ ਅਨਿੱਖੜਵਾਂ ਅੰਗ ਹਨ। ਉਹ ਨਿਸ਼ੰਗ ਅਤੇ ਜ਼ਿੰਦਾ ਦਿਲ ਇਨਸਾਨ ਬਰਜਿੰਦਰਾ ਕਾਲਜ ਦੀਆਂ ਮਹਿਫਲਾਂ ਦਾ ਨਾਇਕ ਤੇ ਕਾਲਜ ਦੀ ਰੂਹ ਸੀ। ਜਦੋਂ ਉਹ ਸਰਕਾਰੀ ਕਾਲਜ ਜ਼ੀਰਾ ਤੋਂ ਬਦਲ ਕੇ ਫਰੀਦਕੋਟ ਆਇਆ ਸੀ ਤਾਂ ਉਸ ਸਮੇਂ ਪੰਜਾਬੀ ਵਿਭਾਗ ਦੇ ਤਿੰਨ ਮਹਾਂਰਥੀਆਂ ਗੁਰਦਿਆਲ ਸਿੰਘ, ਟੀ ਆਰ ਵਿਨੋਦ ਅਤੇ ਕਰਮਜੀਤ ਸਿੰਘ ਦੀ ਕਾਲਜ ਵਿਚ ਤੂਤੀ ਬੋਲਦੀ ਸੀ। ਬ੍ਰਹਮਜਗਦੀਸ਼ ਦੇ ਆਉਣ ਨਾਲ ਇਸ ਤਿੱਕੜੀ ਦੇ ਸਮਾਨਅੰਤਰ ਇਕ ਹੋਰ ਤਿੱਕੜੀ ਹਰਬੰਸ ਸਿੰਘ ਗਿੱਲ, ਦਲਬੀਰ ਸਿੰਘ ਅਤੇ ਬ੍ਰਹਮਜਗਦੀਸ਼ ਸਿੰਘ ਦੀ ਪੈਦਾ ਹੋ ਗਈ। ਇਨਾਂ ਨੂੰ ਪੜ੍ਹਾਉਣ ਦਾ ਸ਼ੌਕ ਸੀ, ਸਭਿਆਚਾਰਕ ਗਤੀਵਿਧੀਆਂ ਵਿਚ ਦਿਲਚਸਪੀ ਸੀ ਤੇ ਕੰਮ ਕਰਨ ਦਾ ਜਜ਼ਬਾ ਸੀ, ਜਿਸ ਕਰਕੇ ਇਸ ਨਵੀਂ ਤਿਕੜੀ ਨੇ ਪਹਿਲੀ ਤਿੱਕੜੀ ਨੂੰ ਪਿਛਾੜ ਦਿੱਤਾ। ਗੁਰਦਿਆਲ ਸਿੰਘ ਅਤੇ ਟੀ ਆਰ ਵਿਨੋਦ ਦੇ ਅੱਗੜ ਪਿੱਛੜ ਪੰਜਾਬੀ ਯੂਨੀਵਰਸਿਟੀ ਦੇ ਰਿਜਨਲ ਸੈਂਟਰ ਬਠਿੰਡਾ ਵਿਚ ਚਲੇ ਜਾਣ ਤੇ ਕਰਮਜੀਤ ਸਿੰਘ ਦੀ ਇਕ ਸੜਕ ਹਾਦਸੇ ਵਿਚ ਮੌਤ ਹੋਣ ਤੋਂ ਬਾਅਦ ਤਾਂ ਇਹ ਤਿੱਕੜੀ ਕਾਲਜ ਦੀ ਫਿਜ਼ਾ ਉਪਰ ਪੂਰੀ ਤਰ੍ਹਾਂ ਨਾਲ ਛਾ ਗਈ ਤੇ ਪੂਰੇ ਪੱਚੀ ਸਾਲ ਇਹ ਕਾਲਜ ਦੇ ਬੇਤਾਜ ਬਾਦਸ਼ਾਹ ਰਹੇ। ਇਸ ਸਮੇਂ ਦੌਰਾਨ ਇਹਨਾਂ ਨੂੰ ਕਾਲਜ ਦੇ ਵਿਦਿਆਰਥੀਆਂ ਤੋਂ ਪਿਆਰ ਤੇ ਸਤਿਕਾਰ ਵੀ ਬਹੁਤ ਮਿਲਿਆ। ਬ੍ਰਹਮਜਗਦੀਸ਼ ਸਿੰਘ ਦੀ ਪੁੱਛ ਪ੍ਰਤੀਤ ਤਾਂ ਹੁਣ ਫਰੀਦਕੋਟ ਅਤੇ ਆਲੇ ਦੁਆਲੇ ਦੇ ਸਾਹਿਤਕ ਹਲਕਿਆਂ ਵਿਚ ਵੀ ਵਧ ਗਈ ਸੀ। ਉਸ ਬਿਨਾਂ ਕਾਲਜ ਦੇ ਤਾਂ ਕੀ, ਫਰੀਦਕੋਟ ਅਤੇ ਆਸ ਪਾਸ ਹੋਣ ਵਾਲੇ ਸਾਹਿਤਕ ਸਭਿਆਚਾਰਕ ਸਮਾਗਮ ਅਧੂਰੇ ਹੀ ਮੰਨੇ ਜਾਂਦੇ ਸਨ। ਉਸਨੂੰ ਕਦੇ ਕਿਸੇ ਨੇ ਸਰੋਤਿਆਂ ਵਿਚ ਬੈਠਾ ਨਹੀਂ ਵੇਖਿਆ ਹੋਣਾ।



ਉਸਦੀ ਕੁਰਸੀ ਹਮੇਸ਼ਾ ਹੀ ਪ੍ਰਧਾਨਗੀ ਮੰਡਲ ਵਿਚ ਡਹਿੰਦੀ ਰਹੀ ਹੈ । ਬ੍ਰਹਮਜਗਦੀਸ਼ ਸਿੰਘ ਨੇ ਇਕ ਸਦੀ ਦਾ ਚੌਥਾ ਹਿੱਸਾ ਬਰਜਿੰਦਰਾ ਕਾਲਜ ਵਿਚ ਪੜ੍ਹਾ ਕੇ ਇੱਥੋਂ ਹੀ ਪੜ੍ਹਾਉਣ ਤੋਂ ਮੁਕਤੀ ਪ੍ਰਾਪਤ ਕੀਤੀ। ਸੇਵਾ ਮੁਕਤੀ ਸਮੇਂ ਉਹ ਪੋਸਟ ਗ੍ਰੈਜੂਏਟ ਵਿਭਾਗ ਦਾ ਮੁਖੀ ਸੀ। ਪੰਜਾਬ ਦੇ ਬਹੁਤ ਸਾਰੇ ਪਿੰਡਾਂ ਅਤੇ ਸ਼ਹਿਰਾਂ ਵਿਚ ਮੇਲੇ ਲਗਦੇ ਹਨ ਪਰ ਫਰੀਦਕੋਟ ਹੀ ਇਕ ਅਜਿਹਾ ਸ਼ਹਿਰ ਸੀ ਜਿੱਥੇ ਕੋਈ ਮੇਲਾ ਨਹੀਂ ਸੀ ਲੱਗਦਾ। ਨਾਰਥ ਜ਼ੋਨ ਕਲਚਰਲ ਸੈਂਟਰ ਪਟਿਆਲਾ ਵੱਲੋ ਇੱਥੇ ਬਾਬੇ ਫਰੀਦ ਦਾ ਮੇਲਾ ਲਾਇਆ ਜਾਣ ਲੱਗਾ। ਮੇਲੇ ਦੇ ਨਾਮਕਰਨ ਤੋਂ ਲੈ ਕੇ ਹੁਣ ਤਕ ਉਹ ਇਸ ਮੇਲੇ ਨਾਲ ਜੁੜਿਆ ਹੋਇਆ ਹੈ। ਮੇਲੇ ਦੇ ਸਰਪ੍ਰਸਤ ਡਿਪਟੀ ਕਮਿਸ਼ਨਰ ਬਦਲਦੇ ਰਹੇ ਪਰ ਬ੍ਰਹਮਜਗਦੀਸ਼ ਦਾ ਰੋਲ ਨਹੀਂ ਬਦਲਿਆ। ਫਰੀਦਕੋਟ ਸ਼ਹਿਰ ਨੇ ਉਸਨੂੰ ਬਹੁਤ ਹੀ ਮਾਣ-ਸਨਮਾਨ ਤੇ ਪਿਆਰ ਦਿੱਤਾ ਤੇ ਉਹ ਆਪਣਾ ਕੋਟਕਪੂਰਾ ਛੱਡ ਕੇ ਪੱਕਾ ਹੀ ਫਰੀਦਕੋਟੀਆ ਬਣ ਗਿਆ।

ਫਰੀਦਕੋਟ ਦੀ ਪੌਸ਼ ਕਲੋਨੀ ਹਰਿੰਦਰ ਨਗਰ ਦੀ ਬਾਰਾਂ ਨੰਬਰ ਅੰਨ੍ਹੀ ਗਲੀ ਦੇ ਅਖੀਰ 'ਤੇ ਬਾਹਰੋਂ ਇਕ ਵੱਡਾ ਦਰਵਾਜ਼ਾ ਜਾਪਦੇ ਘਰ ਵਿਚ ਉਸਦਾ ਰੈਣ ਬਸੇਰਾ ਹੈ। ਸ਼ਹਿਰ ਵਿਚ ਵਸਣ ਵਾਲਾ ਜਦੋਂ ਕੋਈ ਪੈਸੇ ਵਿਚ ਹੋ ਜਾਂਦਾ ਹੈ ਤਾਂ ਉਹ ਸ਼ਹਿਰ ਦੇ ਵਧੀਆ ਇਲਾਕੇ ਵਿਚ ਕੋਠੀ ਪਾਉਂਦਾ ਹੈ, ਜਿਵੇਂ ਪਿੰਡਾਂ ਵਿਚ ਜਦੋਂ ਜੱਟ ਕੋਲ਼ ਪੈਸੇ ਆ ਜਾਣ ਤਾਂ ਉਹ ਦਰਵਾਜ਼ਾ ਪਾਉਂਦਾ ਹੈ। ਖ਼ੈਰ ਹੁਣ ਤਾਂ ਪਿੰਡਾਂ ਵਾਲੇ ਵੀ ਕੋਠੀਆਂ ਪਾਉਣ ਲੱਗ ਪਏ ਹਨ। ਬ੍ਰਹਮਜਗਦੀਸ਼ ਨੇ ਵੀ ਸ਼ਹਿਰ ਵਿਚ ਦਰਵਾਜ਼ਾ ਪਾਇਆ ਹੋਇਆ ਹੈ। ਆਸੇ ਪਾਸੇ ਕੋਠੀਆਂ ਹਨ ਤੇ ਬ੍ਰਹਮਜਗਦੀਸ਼ ਦਾ ਦਰਵਾਜ਼ਾ ਤੇ ਦਰਵਾਜ਼ਾ ਹੀ ਉਸਦਾ ਸਮੁੱਚਾ ਘਰ ਹੈ। ਪਿੰਡ ਦੇ ਕਿਸੇ ਦਰਵਾਜ਼ੇ ਵਿਚ ਵੜਨ 'ਤੇ ਉੱਥੇ ਬੰਨ੍ਹੇ ਪਸ਼ੂ ਡੰਗਰ ਵੇਖ ਕੇ ਘਰ ਦੀ ਹੈਸੀਅਤ ਅਤੇ ਰੁਚੀਆਂ ਦਾ ਪਤਾ ਲੱਗ ਜਾਂਦਾ ਹੈ। ਘੋੜੇ ਘੋੜੀਆਂ ਦੇ ਸ਼ੁਕੀਨਾਂ ਦੇ ਘਰ ਘੋੜਾ ਘੋੜੀ ਬੰਨ੍ਹੇ ਦਿੱਸਦੇ ਹਨ, ਬ੍ਰਹਮਜਗਦੀਸ਼ ਦੇ ਦਰਵਾਜ਼ੇ ਵਿਚ ਵੜਨ ਸਾਰ ਸਾਹਮਣੇ ਕਿਤਾਬਾਂ ਵਾਲੇ ਰੈਕ ਦਿੱਸਦੇ ਹਨ। ਤੇ ਜਿੰਨੀਆਂ ਕਿਤਾਬਾਂ ਇਨ੍ਹਾਂ ਰੈਕਾਂ ਵਿਚ ਹਨ ਉਨੀਆਂ ਤਾਂ ਕਿਸੇ ਸਕੂਲ ਵਿਚ ਤਾਂ ਕੀ ਹੋਣੀਆਂ ਹਨ, ਕਿਸੇ ਮਾੜੇ ਧੀੜੇ ਕਾਲਜ ਵਿਚ ਵੀ ਨਹੀਂ ਹੁੰਦੀਆਂ। ਗਲੀ ਵਿਚ ਭਰਤ ਪੈ ਜਾਣ ਕਾਰਨ ਦਰਵਾਜ਼ੇ ਦੀ ਪਰਦੀ ਬਨੇਰਾ ਜਾਪਦੀ ਹੈ। ਇਸ ਪਰਦੀ 'ਤੇ ਕਈ ਥਾਂਵਾਂ 'ਤੇ ੴ ਤੇ ਸਤਿ ਨਾਮ ਵਾਹਿਗੁਰੂ ਲਿਖੇ ਵਾਲੀਆਂ ਟੁਕੜੀਆਂ ਲੱਗੀਆਂ ਹੋਈਆਂ ਹਨ ਜੋ ਬ੍ਰਹਮਜਗਦੀਸ਼, ਰਾਜਬੀਰ ਜਾਂ ਮਿਸਤਰੀ ਦੀ ਸਿੱਖ ਧਰਮ ਵਿਚ ਆਸਥਾ ਨੂੰ ਦਰਸਾਉਂਦੀਆਂ ਹਨ। ਦਰਵਾਜ਼ੇ ਦੇ ਕੌਲੇ 'ਤੇ ਇਕ ਵੱਡੀ ਕਾਲੇ ਰੰਗ ਦੀ ਨੇਮ ਪਲੇਟ ਲੱਗੀ ਹੋਈ ਹੈ ਜਿਸ ਉੱਤੇ ਚਿੱਟੇ ਮੋਟੇ ਅੱਖਰਾਂ ਵਿਚ ਲਿਖਿਆ ਹੋਇਆ ਹੈ '*ਬ੍ਰਹਮ ਨਿਵਾਸ*' ਅਤੇ ਹੇਠਾਂ ਉਸਦਾ ਤੇ ਉਸਦੀ ਜੀਵਨ ਸਾਥਣ ਦਾ ਨਾਂ ਲਿਖਿਆ ਹੈ, ਪ੍ਰੋ. ਬ੍ਰਹਮਜਗਦੀਸ਼ ਸਿੰਘ ਪੀ. ਈ .ਐੱਸ. ,ਪ੍ਰੋ. ਰਾਜਬੀਰ ਕੌਰ ਪੀ. ਈ. ਐੱਸ.। ਦਰਵਾਜ਼ੇ ਵਿਚ ਵੜਨ ਸਾਰ ਸੱਜੇ ਹੱਥ ਇਸ ਵਿਚ ਬੈੱਡਰੂਮ ਦਾ ਬੂਹਾ ਖੁੱਲ੍ਹਦਾ ਹੈ। ਅੱਗੇ ਡਰਾਇੰਗ ਰੂਮ ਦਾ ਬੂਹਾ ਹੈ ਤੇ ਅੱਗੇ ਛੋਟੀ ਜਿਹੀ ਰਸੋਈ ਜਿਸ ਵਿਚ ਇਕ ਵਿਅਕਤੀ ਹੀ ਖੜ੍ਹ ਸਕਦਾ ਹੈ। ਡਰਾਇੰਗ ਰੂਮ ਤੇ ਬੈੱਡ ਰੂਮ ਤੋਂ ਅੱਗੇ ਘਚੋਰਾਂ ਵਰਗੇ ਕਮਰੇ ਜਾਂ ਸਟੋਰ ਹਨ। ਰਸੋਈ ਦੇ ਅੱਗੇ ਛੋਟਾ ਜਿਹਾ ਬਰਾਂਡਾ ਹੈ ਜਿਸ ਵਿਚ ਛੋਟਾ ਜਿਹਾ ਡਾਇਨਿੰਗ ਟੇਬਲ ਤੇ ਚਾਰ ਕੁਰਸੀਆਂ ਪਈਆਂ ਹਨ। ਬਰਾਂਡੇ ਦੇ ਅੱਗੇ ਤਿਕੋਨਾ ਵਿਹੜਾ ਹੈ ਜਿਸ ਵਿਚ ਉਸ ਦੇ ਸਾਰੇ ਪਰਿਵਾਰ ਦੇ ਮੰਜੇ ਅਸਾਨੀ ਨਾਲ ਡਾਹ ਕੇ ਲੰਘਣ ਟੱਪਣ ਜੋਗਾ ਥਾਂ ਬਚ ਜਾਂਦਾ ਹੈ। ਵਿਹੜਾ ਖੱਬੇ ਪਾਸੇ ਤੋਂ ਛੋਟੀ ਜਿਹੀ ਭੀੜੀ ਗਲੀ ਦਾ ਰੂਪ ਧਾਰਨ ਕਰ ਲੈਂਦਾ ਹੈ ਜੋ ਅੱਗੇ ਦਰਵਾਜ਼ੇ ਵਿਚ ਬਾਰ ਰਾਹੀਂ ਖੁੱਲ੍ਹਦੀ ਹੈ। ਘਰ ਵਿਚ ਥਾਂ ਥਾਂ ਕਿਤਾਬਾਂ ਪਈਆਂ ਜਾਂ ਖਿਲਰੀਆਂ ਦਿੱਸਦੀਆਂ ਹਨ। ਡਾਇਨਿੰਗ ਟੇਬਲ 'ਤੇ ਵੀ ਕਿਤਾਬਾਂ ਅਤੇ ਲਿਖੇ ਅਣਲਿਖੇ ਵਰਕਿਆਂ ਦਾ ਢੇਰ ਪਿਆ ਹੁੰਦਾ ਹੈ, ਜਿਵੇਂ ਬ੍ਰਹਮਜਗਦੀਸ਼ ਰੋਟੀ ਨਹੀਂ ਕਿਤਾਬਾਂ ਹੀ ਖਾਂਦਾ ਹੋਵੇ। ਤੇ ਸੱਚਮੁੱਚ ਬ੍ਰਹਮਜਗਦੀਸ਼ ਕਿਤਾਬਾਂ

ਹੀ ਖਾਂਦਾ ਹੈ। ਉਹ ਸਵੇਰੇ ਪੰਜ ਵਜੇ ਤੋਂ ਉੱਠ ਕੇ ਰਾਤ ਦੇ ਦਸ ਵਜੇ ਤਕ ਇੱਥੇ ਬੈਠਾ ਕਿਤਾਬਾਂ ਚਰਦਾ ਹੈ ਜਾਂ ਵਰਕੇ ਕਾਲ਼ੇ ਕਰਦਾ ਹੈ।

ਬ੍ਰਹਮਜਗਦੀਸ਼ ਸਿੰਘ ਨੇ ਹੁਣ ਤਕ ਹਜ਼ਾਰਾਂ ਹੀ ਕਿਤਾਬਾਂ ਦੇ ਰਿਵਿਊ ਲਿਖੇ ਹਨ ਜੋ ਪਿਛਲੇ ਚਾਰ ਦਹਾਕਿਆਂ ਤੋਂ ਲਗਾਤਾਰ ਪੰਜਾਬੀ ਦੇ ਵੱਖ ਵੱਖ ਅਖਬਾਰਾਂ ਵਿਚ ਛਪ ਰਹੇ ਹਨ। ਬ੍ਰਹਮਜਗਦੀਸ਼ ਕੋਲ਼ ਇਨ੍ਹਾਂ ਦਾ ਕੋਈ ਰਿਕਾਰਡ ਨਹੀਂ। ਅੰਦਾਜ਼ੇ ਨਾਲ ਇਨ੍ਹਾਂ ਦੀ ਗਿਣਤੀ ਤਿੰਨ ਹਜ਼ਾਰ ਦੇ ਕਰੀਬ ਬਣਦੀ ਹੈ। ਬ੍ਰਹਮਜਗਦੀਸ਼ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਉਹ ਹੁਣ ਤਕ ਕਿੰਨੀਆਂ ਕਿਤਾਬਾਂ ਲਿਖ ਚੁੱਕਾ ਹੈ, ਹਾਂ ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੁਸਾਇਟੀ ਦੇ ਕਰਤਾ ਧਰਤਾ ਡਾ. ਬਿਕਰਮ ਸਿੰਘ ਘੁੰਮਣ ਭਾਵੇਂ ਦੱਸ ਦੇਣ। ਅੰਦਾਜ਼ਾ ਹੀ ਹੈ ਕਿ ਉਹ ਆਪਣੀ ਉਮਰ ਦੇ ਵਰ੍ਹਿਆਂ ਦੀ ਗਿਣਤੀ ਤੋਂ ਦੁੱਗਣੀਆਂ ਕਿਤਾਬਾਂ ਲਿਖ ਚੁੱਕਾ ਹੈ। ਇਕ ਦਰਜਨ ਤੋਂ ਵੱਧ ਪੁਸਤਕਾਂ ਉਸਨੇ ਅਨੁਵਾਦਤ ਜਾਂ ਸੰਪਾਦਤ ਕੀਤੀਆਂ ਹਨ। ਸੈਂਕੜਿਆਂ ਦੀ ਗਿਣਤੀ ਵਿਚ ਨਵੇਂ ਪੁਰਾਣੇ ਲੇਖਕਾਂ ਦੀਆਂ ਕਿਤਾਬਾਂ ਦੇ ਮੁੱਖ ਬੰਦ ਅਤੇ ਉਹਨਾਂ ਉੱਪਰ ਪਰਚੇ ਲਿਖੇ ਹਨ। ਉਸਨੇ ਸਾਹਿਤ ਦੀ ਹਰ ਵਿਧਾ 'ਤੇ ਛਪੀ ਪੁਸਤਕ ਦਾ ਰੀਵਿਊ ਕੀਤਾ ਹੈ ਜਾਂ ਉਸ 'ਤੇ ਪੇਪਰ ਲਿਖਿਆ ਜਾਂ ਪੜ੍ਹਿਆ ਹੈ। ਗੁਰਬਾਣੀ 'ਤੇ ਤਾਂ ਉਸਨੂੰ ਪੂਰੀ ਮੁਹਾਰਤ ਹਾਸਲ ਹੈ। ਉਸਨੇ ਐੱਮ.ਏ. ਪੰਜਾਬੀ, ਪੀ. ਸੀ. ਐੱਸ., ਆਈ .ਏ. ਐੱਸ. ਦੇ ਪੰਜਾਬੀ ਵਿਸ਼ੇ ਵਾਲੇ ਉਮੀਦਵਾਰਾਂ ਲਈ ਇਮਤਿਹਾਨੀ ਨਜ਼ਰੀਏ ਤੋਂ ਕਿਤਾਬਾਂ ਲਿਖੀਆਂ ਹਨ। ਉਸ ਦਵਾਰਾ ਲਿਖਿਆ ਪੰਜਾਬੀ ਸਾਹਿਤ ਦਾ ਇਤਿਹਾਸ ਅਤੇ 'ਸਮਾਲੋਚਨਾ ਸ਼ਾਸ਼ਤਰ' ਐੱਮ.ਏ. ਪੰਜਾਬੀ ਦੇ ਵਿਦਿਆਰਥੀਆਂ ਲਈ ਬੜੀਆਂ ਮੁੱਲਵਾਨ ਪੁਸਤਕਾਂ ਹਨ। ਡਾ. ਘੁੰਮਣ ਦਾ ਕਹਿਣਾ ਹੈ ਕਿ ਬ੍ਰਹਮਜਗਦੀਸ਼ ਦਾ ਨਾਂ ਵਿਕਦਾ ਹੈ। *ਇਕਨਾਂ ਦਾ ਦੁੱਧ ਨਾ ਵਿਕੇ, ਤੇਰਾ ਵਿਕਦਾ ਜੈ ਕੁਰੇ ਪਾਣੀ* ਵਾਂਗ ਬ੍ਰਹਮਜਗਦੀਸ਼ ਪਾਣੀ ਨਹੀਂ ਦੁੱਧ ਹੀ ਵੇਚਦਾ ਹੈ।

ਬ੍ਰਹਮਜਗਦੀਸ਼ ਦੇ ਪਿਤਾ ਗਿਆਨੀ ਕਰਤਾਰ ਸਿੰਘ ਪੰਜਾਬੀ ਭਾਸ਼ਾ, ਸਾਹਿਤ ਅਤੇ ਅਧਿਆਤਮਵਾਦ ਨੂੰ ਪ੍ਰਣਾਏ ਹੋਏ ਮਿਸ਼ਨਰੀ ਸਕੂਲ ਅਮ੍ਰਿਤਸਰ ਦੇ ਪੜ੍ਹੇ ਹੋਏ ਮਿਸ਼ਨਰੀ ਅਧਿਆਪਕ ਸਨ, ਜੋ ਫਰੀਦਕੋਟੀਏ ਰਾਜੇ ਦੇ ਮਨਜੀਤ ਇੰਦਰਾ ਹਾਈ ਸਕੂਲ ਕੋਟਕਪੂਰਾ ਦੇ ਬਰਾਂਚ ਲੋਅਰ ਮਿਡਲ ਸਕੂਲ ਵਿਚ ਪੰਜਾਬੀ ਦੇ ਅਧਿਆਪਕ ਸਨ। ਗਿਆਨੀ ਜੀ ਇਲਾਕੇ ਦੀ ਸਤਿਕਾਰਯੋਗ ਸ਼ਖਸੀਅਤ ਸਨ ਜਿਨ੍ਹਾਂ ਦੇ ਪੜ੍ਹਾਏ ਅਨੇਕਾਂ ਹੀ ਵਿਦਿਆਰਥੀ ਆਪਣੇ ਖੇਤਰਾਂ ਵਿਚ ਨਾਮਣਾ ਖੱਟ ਚੁੱਕੇ ਹਨ। ਹਰ ਅਧਿਆਪਕ ਪਿਤਾ ਵਾਂਗ ਉਹ ਵੀ ਆਪਣੇ ਵੱਡੇ ਪੁੱਤ ਨੂੰ ਡਾਕਟਰ ਜਾਂ ਇੰਜਨੀਅਰ ਬਣਿਆ ਵੇਖਣਾ ਚਾਹੁੰਦੇ ਸਨ ਤੇ ਜਦੋਂ ਬ੍ਰਹਮਜਗਦੀਸ਼ ਦਸਵੀਂ ਵਿਚੋਂ ਮੈਰਿਟ ਹਾਸਲ ਕਰ ਗਿਆ ਤਾਂ ਉਸਨੂੰ ਸਰਕਾਰੀ ਕਾਲਜ ਮੁਕਤਸਰ ਵਿਖੇ ਐੱਫ.ਐੱਸ.ਸੀ. ਵਿਚ ਦਾਖਲ ਕਰਵਾ ਦਿੱਤਾ ਗਿਆ ਪਰ ਇਸ ਪਾਸੇ ਰੁਚੀ ਨਾ ਹੋਣ ਕਾਰਨ ਉਹ ਸਾਇੰਸ ਦੀ ਪੜ੍ਹਾਈ ਵਿਚੇ ਹੀ ਛੱਡ ਗਿਆ। ਸੁੰਦਰ ਲਿਖਣ ਦੇ ਹੁਨਰ ਸਦਕਾ ਉਸ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਕੈਲੀਗ੍ਰਾਫਿਸਟ ਦੀ ਨੌਕਰੀ ਹਾਸਲ ਹੋ ਗਈ ਅਤੇ ਉਹ ਕਈ ਸਾਲ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਡਿਗਰੀਆਂ ਲਿਖਦਾ ਰਿਹਾ ਤੇ ਨਾਲੋ ਨਾਲ ਪ੍ਰਾਈਵੇਟ ਤੌਰ 'ਤੇ ਯੂਨੀਵਰਸਿਟੀ ਦੇ ਇਮਤਿਹਾਨਾਂ ਦੀਆਂ ਪੌੜੀਆਂ ਚੜ੍ਹਦਾ ਗਿਆ। ਐੱਮ.ਏ. ਪੰਜਾਬੀ ਵਿਚ ਯੂਨੀਵਰਸਿਟੀ 'ਚ ਪੁਜ਼ੀਸ਼ਨ ਹਾਸਲ ਕਰਕੇ ਉੱਥੇ ਹੀ ਰੀਸਰਚ ਸਕਾਲਰ ਬਣ ਗਿਆ। ਫਿਰ ਉਹ ਰੀਸਰਚ ਵਿਚਾਲੇ ਛੱਡ ਕੇ ਪ੍ਰਾਈਵੇਟ ਕਾਲਜਾਂ ਵਿਚ ਪ੍ਰੋਫੈਸਰੀ ਕਰਨ ਲੱਗ ਪਿਆ। ਇਸ ਸਮੇਂ ਦੌਰਾਨ ਉਸਨੇ ਦੇਵ ਸਮਾਜ ਵਿਮੈਨ ਕਾਲਜ,ਫਿਰੋਜ਼ਪੁਰ ਅਤੇ ਦਮਦਮਾ ਸਾਹਿਬ ਦੇ ਕਾਲਜਾਂ ਵਿਚ ਨੌਕਰੀ ਕੀਤੀ। ਫਿਰ ਪੀ.ਪੀ.ਐੱਸ.ਸੀ. ਦਵਾਰਾ ਪੰਜਾਬ ਦੇ ਸਰਕਾਰੀ ਕਾਲਜਾਂ ਲਈ ਚੁਣ ਲਿਆ ਗਿਆ ਤਾਂ ਉਸਦੀ ਜ਼ਿੰਦਗੀ ਦੀ ਗੱਡੀ ਸਾਵੀਂ ਪੱਧਰੀ ਸੜਕ 'ਤੇ ਰਿੜ੍ਹਨ ਲੱਗ ਪਈ ।

ਪੰਜਾਬੀ ਦੇ ਸਾਹਿਤਕ ਹਲਕਿਆਂ ਵਿਚ ਅਕਸਰ ਹੀ ਇਕ ਭੂਤ ਵਾੜੇ ਦਾ ਜ਼ਿਕਰ ਆਉਂਦਾ



ਹੈ। ਬ੍ਰਹਮਜਗਦੀਸ਼ ਭਾਵੇਂ ਭੂਤ ਵਾੜੇ ਦਾ ਮੈਂਬਰ ਤਾਂ ਨਹੀਂ ਸੀ ਪਰ ਜਦੋਂ ਉਹ ਪੰਜਾਬੀ ਯੂਨੀਵਰਸਿਟੀ ਪਟਿਆਲੇ ਵਿਖੇ ਹੁੰਦਾ ਸੀ ਤਾਂ ਵੱਡੇ ਭੂਤ ਬਾਬੇ ਲਾਲੀ ਨਾਲ ਉਸਦੀ ਬਹੁਤ ਨੇੜਤਾ ਬਣੀ ਰਹੀ। ਉਦੋਂ ਹੀ ਉਸਨੇ ਅੰਗਰੇਜ਼ੀ ਵਿਚ ਪ੍ਰਕਾਸ਼ਤ ਵਿਦੇਸ਼ੀ ਸਾਹਿਤ ਦਾ ਗੰਭੀਰ ਅਧਿਐਨ ਕੀਤਾ। ਉਹ ਪੰਜਾਬੀ ਪੜ੍ਹਨ ਤੇ ਲਿਖਣ ਵਾਲਿਆਂ 'ਤੇ ਹੱਸਿਆ ਕਰਦਾ ਸੀ ਪਰ ਉਸਨੂੰ ਉਦੋਂ ਨਹੀਂ ਪਤਾ ਸੀ ਕਿ ਇਕ ਦਿਨ ਉਹ ਵੀ ਪੰਜਾਬੀ ਦਾ ਵੱਡਾ ਆਲੋਚਕ ਸਥਾਪਤ ਹੋ ਜਾਵੇਗਾ। ਕਹਿੰਦੇ ਹਨ ਕਿ ਪਿਆਸਾ ਹੀ ਖੂਹ ਕੋਲ ਜਾਂਦਾ ਹੈ ਪਰ ਬ੍ਰਹਮਜਗਦੀਸ਼ ਨਾਲ ਗੱਲ ਉਲਟ ਵਾਪਰੀ ਹੈ ਕਿਉਂਕਿ ਖੂਹ ਹੀ ਉਸ ਕੋਲ ਚੱਲ ਕੇ ਆ ਗਿਆ ਸੀ। ਇਹ ਗੱਲ ਉਦੋਂ ਦੀ ਹੈ ਜਦੋਂ ਬਰਜਿੰਦਰ ਸਿੰਘ *ਪੰਜਾਬੀ ਟ੍ਰਿਬਿਊਨ* ਦਾ ਐਡੀਟਰ ਸੀ ਤੇ ਇਕ ਦਿਨ ਉਹ ਗੁਰਮੀਤ ਸਿੰਘ ਕੋਲ ਕੋਟਕਪੂਰੇ ਆਇਆ ਸੀ। ਉਸਨੂੰ ਨਾਲ ਲੈ ਕੇ ਗੁਰਦਿਆਲ ਸਿੰਘ ਕੋਲ ਜੈਤੋ ਜਾਣਾ ਸੀ। ਉਦੋਂ ਨਵਾਂ ਵਿਆਹਿਆ ਬ੍ਰਹਮਜਗਦੀਸ਼ ਸਿੰਘ, ਗੁਰਮੀਤ ਸਿੰਘ ਦੇ ਸਾਹਮਣੇ ਵਾਲੇ ਮਕਾਨ ਵਿਚ ਕਿਰਾਏ 'ਤੇ ਰਹਿੰਦਾ ਸੀ। ਸੰਪਾਦਕ ਨੇ ਪ੍ਰੋਫੈਸਰ ਨੂੰ ਅਖਬਾਰ ਲਈ ਪੱਤਰਕਾਰੀ ਕਰਨ ਵਾਸਤੇ ਆਖਿਆ ਪਰ ਬ੍ਰਹਮਜਗਦੀਸ਼ ਨੇ ਅਸਮਰੱਥਾ ਪ੍ਰਗਟਾ ਦਿੱਤੀ। ਫਿਰ ਬਰਜਿੰਦਰ ਸਿੰਘ ਨੇ ਉਸਨੂੰ ਕਿਤਾਬਾਂ ਦੇ ਰਿਵਿਊ ਲਿਖਣ ਲਈ ਮਨਾ ਲਿਆ ਤੇ ਕੋਟਕਪੂਰੇ ਤੋਂ ਪੱਤਰਕਾਰੀ ਗੁਰਮੀਤ ਸਿੰਘ ਨੂੰ ਦੇ ਦਿੱਤੀ। ਇਹ ਕੰਮ ਦੋਹਾਂ ਦੇ ਰਾਸ ਆ ਗਿਆ। ਗੁਰਮੀਤ ਸਿੰਘ ਨੇ ਪੱਤਰਕਾਰੀ 'ਚ ਨਾਮਣਾ ਖੱਟ ਲਿਆ ਤੇ ਬ੍ਰਹਮਜਗਦੀਸ਼ ਨੇ ਰਿਵਿਊਕਾਰੀ ਵਿਚ। ਜਿਸ ਅਖਬਾਰ ਦਾ ਬਰਜਿੰਦਰ ਸਿੰਘ ਐਡੀਟਰ ਰਿਹਾ, ਉਸ ਅਖਬਾਰ ਦਾ ਸ਼ਾਇਦ ਹੀ ਕੋਈ ਹਫਤਾਵਾਰੀ ਅੰਕ ਹੋਵੇ ਜਿਸ ਵਿਚ ਬ੍ਰਹਮਜਗਦੀਸ਼ ਵੱਲੋਂ ਕੀਤਾ ਕਿਸੇ ਪੁਸਤਕ ਦਾ ਕੋਈ ਰਿਵਿਊ ਨਾ ਛਪਿਆ ਹੋਵੇ । ਬ੍ਰਹਮਜਗਦੀਸ਼ ਨੂੰ ਰਿਵਿਊ ਲਿਖਣ ਦਾ ਵੈਲ ਲੱਗ ਗਿਆ ਹੈ ਜੋ ਛੁੱਟ ਨਹੀਂ ਰਿਹਾ ਤੇ ਨਾ ਹੀ ਉਹ ਛੱਡਣਾ ਚਾਹੁੰਦਾ ਹੈ।

ਉਹ ਆਲੋਚਕ ਤਾਂ ਹੈ ਪਰ ਉਸਦੇ ਕੋਲ਼ ਆਲੋਚਕਾਂ ਵਾਲੀ ਡਾਂਗ ਨਹੀਂ। ਉਹ ਤਾਂ ਨਵੇਂ ਲੇਖਕਾਂ ਨੂੰ ਉਤਸ਼ਾਹਤ ਕਰਦਾ ਹੈ। ਉਹ ਅੰਤਰ ਅਨੁਸ਼ਾਸਨੀ ਆਲੋਚਕ ਹੈ ਤੇ ਆਲੋਚਨਾ ਕਰਨ ਸਮੇਂ ਸਾਹਿਤ ਸ਼ਾਸ਼ਤਰ, ਮਨੋਵਿਗਿਆਨ, ਸਮਾਜ ਵਿਗਿਆਨ, ਭਾਸ਼ਾ ਵਿਗਿਆਨ ਅਤੇ ਚਿਹਨ ਵਿਗਿਆਨ ਆਦਿ ਅਨੁਸ਼ਾਸਨਾਂ ਦਾ ਸੰਤੁਲਤ ਪ੍ਰਯੋਗ ਕਰਦਾ ਹੈ। ਉਹ ਸਿਧਾਂਤ ਤੋਂ ਟੈਕਸਟ ਵੱਲ ਨਹੀਂ ਜਾਂਦਾ, ਬਲਕਿ ਟੈਕਸਟ ਦੀ ਰੋਸ਼ਨੀ ਵਿਚ ਸਿਧਾਂਤ ਬਣਾਉਂਦਾ ਤੇ ਵਰਤਦਾ ਹੈ। ਇਸ ਤਰ੍ਹਾਂ ਉਸਦੀ ਆਲੋਚਨਾ ਵਧੇਰੇ ਸੰਤੁਲਤ ਅਤੇ ਵਿਹਾਰਕ ਹੋ ਨਿਬੜਦੀ ਹੈ। ਬ੍ਰਹਮਜਗਦੀਸ਼ ਸਿੰਘ ਜੀਵਨ ਦੀ ਵਿਆਖਿਆ ਨਹੀਂ ਕਰਦਾ ਬਲਕਿ ਇਸ ਨੂੰ ਬਦਲਣ ਦਾ ਸੰਦੇਸ਼ ਦਿੰਦਾ ਹੈ। ਉਹ ਜਾਣਦਾ ਹੈ ਕਿ ਮਨੁੱਖੀ ਜੀਵਨ ਵਿਚ ਅਨੇਕਾਂ ਲੋਕ-ਪੱਖੀ ਪਰਿਵਰਤਨਾਂ ਦੀ ਗੁੰਜਾਇਸ਼ ਹੈ ।

ਉਹ ਇਸਤਰੀ ਦੀ ਸਮਾਨਤਾ ਅਤੇ ਸੁਤੰਤਰਤਾ ਦਾ ਮੁਦਈ ਹੈ ਪਰ ਸੁੰਦਰਤਾ ਦਾ ਸ਼ੈਦਾਈ ਹੈ। ਜਦੋਂ ਉਹ ਔਰਤਾਂ ਵਿਚ ਵਿਚਰਦਾ ਹੈ ਤਾਂ ਉਹਨਾਂ ਨੂੰ ਮਰਦਾਂ ਦੇ ਬਰੋਬਰ ਮੰਨ ਕੇ ਚਲਦਾ ਹੈ ਅਤੇ ਉਹ ਲਿੰਗ ਭੇਦ ਭਾਵ ਨੂੰ ਨਹੀਂ ਮੰਨਦਾ। ਉਸਨੂੰ ਔਰਤ ਜਾਤ ਨਾਲ ਹਮਦਰਦੀ ਹੈ ਅਤੇ ਉਹ ਉਹਨਾਂ ਦੀ ਮਾਨਸਿਕ ਪੀੜਾ ਸਮਝਦਾ ਹੈ। ਉਹ ਆਪਣੇ ਮਸਖਰੇ ਅੰਦਾਜ਼ 'ਚ ਕਹਿੰਦਾ ਹੈ ਕਿ ਮਰਦ ਉਸਨੂੰ ਉਸਦੇ ਮਾਪਿਆਂ ਤੋਂ ਖੋਹ ਲਿਆਉਂਦਾ ਹੈ ਤੇ ਸਾਰੀ ਉਮਰ ਉਸਨੂੰ ਥੱਲੇ ਹੀ ਲਾਈ ਰੱਖਦਾ ਹੈ। ਉਸਦੇ ਵਿਚਾਰਾਂ ਮੁਤਾਬਕ ਔਰਤ ਦੇ ਅੰਦਰ ਇਕ ਗੰਢ ਹੁੰਦੀ ਹੈ ਤੇ ਉਹ ਚਾਹੁੰਦੀ ਹੈ ਕਿ ਮਰਦ ਨੂੰ ਮਾਰ ਹੀ ਦੇਵੇ। ਇਸ ਲਈ ਉਹ ਟੀ. ਵੀ. 'ਤੇ ਔਰਤਾਂ ਵਾਲੇ ਹਿੰਸਕ ਸੀਰੀਅਲ ਵੇਖ ਕੇ ਖੁਸ਼ ਹੁੰਦੀ ਹੈ। ਵਿਡੰਬਨਾ ਇਹ ਹੈ ਕਿ ਔਰਤ ਮਰਦ ਨੂੰ ਮਾਰਨਾ ਚਾਹੁੰਦੀ ਹੈ ਪਰ ਉਲਟਾ ਉਸਦੀ ਸਲਾਮਤੀ ਵਾਸਤੇ ਵਰਤ ਰੱਖਦੀ ਹੈ। ਬ੍ਰਹਮਜਗਦੀਸ਼ ਦੀ ਔਰਤਾਂ ਬਾਰੇ ਕਥਨੀ ਤੇ ਕਰਨੀ 'ਚ ਕੋਈ ਫਰਕ ਨਹੀਂ। ਉਸ ਨੇ ਆਪਣੀ ਪਤਨੀ ਨੂੰ ਬਰਾਬਰ ਦੇ ਹੱਕ ਦਿੱਤੇ ਹੋਏ ਹਨ ਅਤੇ ਉਹਨਾਂ ਦੀ ਆਪਸੀ ਅੰਡਰਸਟੈਂਡਿੰਗ ਕਮਾਲ ਦੀ ਹੈ। ਉਹਨਾਂ ਦੀ ਸੰਤਾਨ ਇਕਲੌਤੀ ਲੜਕੀ ਸ਼ੈਰੀ ਸਿੰਘ

ਹੈ ਅਤੇ ਦੋਹਾਂ ਜੀਆਂ ਨੇ ਕਦੇ ਵੀ ਨਹੀਂ ਸੋਚਿਆ ਜਾਂ ਚਾਹਿਆ ਕਿ ਉਹਨਾਂ ਦੇ ਲੜਕਾ ਵੀ ਹੁੰਦਾ। ਲੜਕੀ ਦੇ ਨਾਂ ਨਾਲ ਹੀ ਸਿੰਘ ਲਾ ਕੇ ਉਹਨਾਂ ਨੇ ਹੋਰ ਸਿੰਘ ਨਾ ਲੈਣ ਦਾ ਪ੍ਰਣ ਕਰ ਲਿਆ ਸੀ। ਦੂਜੀ ਗੱਲ ਦੋਵੇਂ ਜੀਅ ਵੱਡੇ ਪਰਿਵਾਰਾਂ 'ਚੋਂ ਹਨ। ਬ੍ਰਹਮਜਗਦੀਸ਼ ਹੁਰੀਂ ਵੀ ਛੇ ਸੱਤ ਭੈਣ ਭਰਾ ਸਨ ਤੇ ਰਾਜਬੀਰ ਕਾ ਟੱਬਰ ਵੀ ਤਕੜਾ ਸੀ। ਬ੍ਰਹਮਜਗਦੀਸ਼ ਦੱਸਦਾ ਹੈ ਕਿ ਅਸੀਂ ਤਾਂ ਗਰਮੀਆਂ ਵਿਚ ਕੋਠੇ ਉੱਤੇ ਮੰਜੇ ਲਾਹੁੰਦੇ ਚੜ੍ਹਾਉਂਦੇ ਹੀ ਅੱਕ ਥੱਕ ਜਾਂਦੇ ਸਾਂ। ਇਸੇ ਕਰਕੇ ਛੋਟੇ ਪਰਿਵਾਰ ਦਾ ਸੰਕਲਪ ਦੋਹਾਂ ਦੇ ਮਨਾਂ ਵਿਚ ਸੀ ।

ਬ੍ਰਹਮਜਗਦੀਸ਼ ਨਿਮਰ,ਨਿਰਮਾਣ,ਸੁਹਿਰਦ ਅਤੇ ਸੰਵੇਦਨਸ਼ੀਲ ਵਿਅਕਤੀ ਹੈ। ਉਸਦਾ ਕਿਸੇ ਅਦਿੱਖ ਸ਼ਕਤੀ 'ਤੇ ਵਿਸ਼ਵਾਸ ਹੈ ਜਿਸਨੂੰ ਪਰਮਾਤਮਾ ਕਿਹਾ ਜਾ ਸਕਦਾ ਹੈ। ਉਹ ਕਹਿੰਦਾ ਹੈ ਕਿ ਹਰ ਵਿਅਕਤੀ ਨੂੰ ਉਹੀ ਕੁੱਝ ਮਿਲਦਾ ਹੈ ਜਿਸਦੇ ਉਹ ਯੋਗ ਹੈ। ਪੰਜਾਬ ਨੂੰ ਬਾਦਲ ਜਿਹਾ ਮੁੱਖ ਮੰਤਰੀ ਤਾਂ ਹੀ ਮਿਲਿਆ ਹੈ ਕਿਉਂਕਿ ਪੰਜਾਬ ਵਾਸੀ ਅਜੇਹੇ ਵਿਅਕਤੀ ਨੂੰ ਹੀ ਡੀਜ਼ਰਵ ਕਰਦੇ ਹਨ। ਗੱਲਾਂ ਕਰਦਾ ਕਰਦਾ ਉਹ ਸੂਖਮ ਤੇ ਗੁੱਝਾ ਵਿਅੰਗ ਕਰ ਜਾਂਦਾ ਹੈ। ਸਿਆਸਤ ਅਤੇ ਖਬਰਾਂ ਬਾਰੇ ਜਦੋਂ ਸਾਥੀ ਜਾਭਾਂ ਦਾ ਭੇੜ ਕਰਦੇ ਹਨ ਤਾਂ ਬ੍ਰਹਮਜਗਦੀਸ਼ ਦੀ ਨਾਪਵੀਂ ਤੋਲਵੀਂ ਟਿੱਪਣੀ ਸਭ ਨੂੰ ਚਕਾਚੌਂਧ ਕਰ ਜਾਂਦੀ ਹੈ। ਹਰ ਸਮਾਜਕ ਵਰਤਾਰੇ ਪ੍ਰਤੀ ਉਸਦੀ ਟਿੱਪਣੀ ਗੌਲਣਯੋਗ ਹੁੰਦੀ ਹੈ। ਇਕ ਦਿਨ ਕਾਲਜ ਵਿਚ ਗੜਦੂੰਬਾ ਆ ਵੜਿਆ। ਉਨ੍ਹਾਂ ਦਿਨਾਂ ਵਿਚ ਫਰੀਦਕੋਟ ਇਲਾਕੇ ਦੇ ਪੇਂਡੂ ਟੂਰਨਾਮੈਂਟਾਂ ਵਿਚ ਇਕ ਹੱਟਾ ਕੱਟਾ ਕੱਦ ਕਾਠ ਵਾਲਾ ਸਿੱਧਰਾ ਨੌਜਵਾਨ ਪੁੱਠੀਆਂ ਸਿੱਧੀਆਂ ਛਾਲ਼ਾਂ ਮਾਰਦਾ ਤੇ ਉੱਚੀ ਉੱਚੀ ਬੋਲਦਾ ਫਿਰਦਾ ਅਕਸਰ ਹੀ ਦੇਖਿਆ ਜਾਂਦਾ ਸੀ। ਅਸਲ ਨਾਂ ਤਾਂ ਉਸਦਾ ਕਿਸੇ ਨੂੰ ਵੀ ਪਤਾ ਨਹੀਂ ਸੀ ਪਰ ਸਾਰੇ ਉਸਨੂੰ ਗੜਦੂੰਬਾ ਕਹਿੰਦੇ ਸਨ। 'ਗੜਦੂੰਬਾ ਆ ਗਿਆ' ਦੀਆਂ ਆਵਾਜ਼ਾਂ ਆਉਣ ਲੱਗੀਆਂ ਤੇ ਕਈ ਵਿਦਿਆਰਥੀ ਉਸਨੂੰ ਕਾਲਜੋਂ ਕੱਢਣ ਲਈ ਦੌੜੇ। ਬ੍ਰਹਮਜਗਦੀਸ਼ ਵੀ ਬਾਹਰ ਕਲਾਸ ਲਾਈ ਬੈਠਾ ਸੀ, ਬੋਲਿਆ, 'ਓਏ ਇਹ ਸੋਡਾ ਕੀ ਲੈਂਦਾ ਹੈ? ਉਹਨਾਂ ਗੜਦੂੰਬਿਆਂ ਨੂੰ ਤਾਂ ਕਾਲਜ 'ਚੋਂ ਕੋਈ ਕੱਢਦਾ ਨਹੀਂ ਜਿਹੜੇ ਸਰਕਾਰ ਤੋਂ ਵੀਹ ਵੀਹ ਹਜ਼ਾਰ ਲਈ ਜਾਂਦੇ ਐ।' ਉਦੋਂ ਪ੍ਰੋਫੈਸਰਾਂ ਦੀ ਤਨਖਾਹ ਇੰਨੀ ਕੁ ਹੀ ਹੁੰਦੀ ਸੀ ਤੇ ਉਸਦਾ ਇਸ਼ਾਰਾ ਪੀਰੀਅਡ ਛੱਡ ਕੇ ਧੁੱਪ ਸੇਕ ਰਹੀ ਪ੍ਰੋਫੈਸਰਾਂ ਦੀ ਇਕ ਜੁੰਡਲੀ ਵੱਲ ਸੀ।

ਬ੍ਰਹਮਜਗਦੀਸ਼ ਸਿੰਘ ਆਪਣੀ ਜ਼ਿੰਦਗੀ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੈ। ਉਹ ਜੁੜੀਆਂ ਮਹਿਫਲਾਂ ਵਿਚ ਠਹਾਕੇ ਲਗਾ ਕੇ ਵੀ ਖੁਸ਼ ਰਹਿੰਦਾ ਹੈ ਤੇ ਸਾਰਾ ਦਿਨ ਘਰੇ ਇਕੱਲਾ ਬੈਠਾ ਇਕੱਲਤਾ ਮਾਣ ਕੇ ਵੀ ਖੁਸ਼ ਹੈ। ਦਿਨ ਚੜ੍ਹਨ ਤੋਂ ਰਾਤ ਹੋਣ ਤਕ ਉਹ ਪੜ੍ਹਦਾ ਰਹਿੰਦਾ ਹੈ ਜਾਂ ਲਿਖਦਾ ਰਹਿੰਦਾ ਹੈ। ਫਾਲਤੂ ਕੰਮਾਂ ਲਈ ਉਸ ਕੋਲ਼ ਵਿਹਲ ਹੀ ਨਹੀਂ ਹੈ। ਉਹ ਤਾਂ ਸੈਰ ਕਰਨ ਨੂੰ ਵੀ ਫਾਲਤੂ ਕੰਮ ਹੀ ਸਮਝਦਾ ਹੈ। ਉਹ ਕਹਿੰਦਾ ਹੈ, 'ਐਵੇਂ ਸਵੇਰੇ ਸਵੇਰੇ ਸੜਕਾਂ 'ਤੇ ਨਿਕਲ ਕੇ ਟਰੱਕ ਥੱਲੇ ਆਉਣਾ? ਕੋਟਕਪੂਰੇ ਵਾਲਾ ਕਹਾਣੀਕਾਰ ਬਲਵੰਤ ਸਿੰਘ ਵੀ ਐਂ ਹੀ ਸਵੇਰ ਦੀ ਸੈਰ ਕਰਦਾ ਟਰੱਕ ਥੱਲੇ ਆ ਕੇ ਮਾਰਿਆ ਗਿਆ ਸੀ। ਆਪਾਂ ਨੀ ਬਈ ਸੈਰ ਸੂਰ ਕਰਦੇ।' ਪਰ ਉਸਦਾ ਸਰੀਰ ਐਨ ਫਿੱਟ ਹੈ। ਜ਼ਿੰਦਗੀ ਦੇ ਉਹ ਸੱਤ ਦਹਾਕੇ ਪੂਰੇ ਕਰ ਚੁੱਕਾ ਹੈ ਪਰ ਅੱਜ ਵੀ ਵੇਖਣ ਨੂੰ ਤਿੰਨ ਦਹਾਕਿਆਂ ਦਾ ਹੀ ਲੱਗਦਾ ਹੈ। ਮੈਂ ਉਸਨੂੰ ਬਿਆਸੀ ਤੋਂ ਸਾਹਿਤਕ ਸਮਾਗਮਾਂ 'ਤੇ ਪੇਪਰ ਪੜ੍ਹਦਿਆਂ, ਭਾਸ਼ਣ ਦਿੰਦਿਆਂ ਤੇ ਪ੍ਰਧਾਨਗੀ ਕਰਦਿਆਂ ਵੇਖ ਰਿਹਾ ਹਾਂ, ਉਹ ਉਹੇ ਜਿਹਾ ਹੀ ਹੈ ਜਿਹੋ ਜਿਹਾ ਅੱਜ ਤੋਂ ਚੌਂਤੀ ਸਾਲ ਪਹਿਲਾਂ ਸੀ। ਬ੍ਰਹਮਜਗਦੀਸ਼ ਵਰਗੇ ਜ਼ਿੰਦਾਦਿਲ ਬੰਦੇ ਕਦੇ ਬੁੱਢੇ ਹੋ ਹੀ ਨਹੀਂ ਸਕਦੇ।

ਬ੍ਰਹਮਜਗਦੀਸ਼ ਦੀ ਵੱਖਰੀ ਤੇ ਨਿਵੇਕ਼ਲੀ ਜੀਵਨ ਸ਼ੈਲੀ ਹੈ। ਰਾਜਬੀਰ ਉਸਦੀ ਜੀਵਨ ਸ਼ੈਲੀ ਨੂੰ ਵਚਿੱਤਰ ਤੇ ਉੱਘੜ ਦੁੱਘੜੀ ਕਹਿੰਦੀ ਹੈ। ਉਸਦਾ ਪਟਿਆਲਾਸ਼ਾਹੀ ਪੱਗ ਬੰਨ੍ਹਣ ਦਾ ਸਟਾਈਲ ਮਹਾਰਾਜਾ ਪਟਿਆਲਾ ਦੀ ਫੌਜ ਦੇ ਅਫਸਰਾਂ ਦੀਆਂ ਪੱਗਾਂ ਵਾਲਾ ਹੈ। ਦਾੜ੍ਹੀ ਵੀ ਉਹ ਦੋ ਜੂੜੀਆਂ



ਕਰਕੇ ਬੰਨ੍ਹਦਾ ਹੈ, ਜਿਵੇਂ ਰਾਜੇ ਦੀ ਫੌਜ ਦੇ ਅਫਸਰ ਬੰਨ੍ਹਦੇ ਸਨ। ਉਹ ਕੁਦਰਤੀ ਰੰਗ ਪਸੰਦ ਕਰਦਾ ਹੈ ਤੇ ਰੰਗਾਂ ਦੀਆਂ ਸ਼ੇਡਾਂ ਵਾਲੇ ਕੱਪੜੇ ਨਹੀਂ ਪਾਉਂਦਾ। ਉਹ ਰੰਗੀਲਾ ਬੰਦਾ ਐ ਅਤੇ ਮਨ ਦਾ ਮੌਜੀ। ਉਹ ਨੀਲੀ ਪੈਂਟ ਨਾਲ ਲਾਲ ਸ਼ਰਟ ਪਾ ਕੇ ਪੀਲ਼ੀ ਪੱਗ ਬੰਨ ਸਕਦਾ ਹੈ। ਇਕ ਵਾਰ ਉਸਨੇ ਅਜਿਹੀ ਕਮੀਜ਼ ਪਹਿਨੀ ਹੋਈ ਸੀ ਜਿਸ 'ਤੇ ਚੀਨੀ ਭਾਸ਼ਾ ਦੇ ਕੁੱਕੜ ਘੋੜੇ ਜਿਹੇ ਪ੍ਰਿੰਟ ਹੋਏ ਸਨ। ਸਰਕਸ ਦੇ ਜੋਕਰਾਂ ਵਰਗੀ ਸ਼ਰਟ ਵੇਖ ਕੇ ਕਾਲਜ ਦਾ ਪ੍ਰਿੰਸੀਪਲ ਦਿਓਲ ਮਖੌਲ 'ਚ ਕਹਿਣ ਲੱਗਿਆ,'ਯਾਰ ਬ੍ਰਹਮ, ਮੈਨੂੰ ਵੀ ਇਹੋ ਜਿਹੀ ਸ਼ਰਟ ਲਿਆ ਦੇ। ਇਸ 'ਤੇ ਲਿਖਿਆ ਕੀ ਹੈ?' ਬ੍ਰਹਮਜਗਦੀਸ਼ ਨੇ ਦਹਿਲਾ ਮਾਰਦੇ ਹੋਏ ਕਿਹਾ,'ਸ਼ਰਟ ਤਾਂ ਲਿਆ ਦਿੰਦਾ ਹਾਂ ਪਰ ਤੁਸੀਂ ਪਾਉਣੀ ਨਹੀਂ, ਇਸ ਉੱਤੇ ਲਿਖਿਆ ਹੈ ਮੈਂ ਮੂਰਖ ਹਾਂ।' ਉਸਦੇ ਦਾੜ੍ਹੀ ਅਤੇ ਪੱਗ ਦੇ ਸਟਾਈਲ ਦੀ ਨਕਲ ਉਸਦੇ ਚਾਰਾਂ ਛੋਟੇ ਭਰਾਵਾਂ ਨੇ ਵੀ ਕੀਤੀ ਹੈ ਤੇ ਕਈ ਸ਼ਾਗਿਰਦਾਂ ਨੇ ਵੀ। ਉਹ ਦੁਨੀਆਂ ਤੋਂ ਵੱਖਰਾ ਹੀ ਦਿਸਣਾ ਚਾਹੁੰਦਾ ਹੈ। ਪਹਿਲਾਂ ਉਸ ਕੋਲ਼ ਲਾਲ ਰੰਗ ਦਾ ਸਟਾਈਲਿਸ਼ ਸਾਈਕਲ ਹੁੰਦਾ ਸੀ ਤੇ ਜਦੋਂ ਸਕੂਟਰ ਲੈਣ ਦੀ ਸਮਰੱਥਾ ਹੋਈ ਤਾਂ ਉਸਨੇ ਸਕੂਟਰ ਵੀ ਲਾਲ ਰੰਗ ਦਾ ਹੀ ਰੱਖਿਆ। ਉਹ ਕਹਿੰਦਾ ਹੈ ਕਿ ਕਿਸੇ ਦੇ ਸੁਝਾਏ ਰਸਤੇ 'ਤੇ ਚੱਲ ਕੇ ਕੋਈ ਬੁੱਧ ਨਹੀਂ ਬਣਦਾ। ਬੁੱਧ ਬਣਨ ਲਈ ਆਪਣੇ ਹੀ ਬੁੱਧ ਵਿਵੇਕ ਦੀ ਜ਼ਰੂਰਤ ਪੈਂਦੀ ਹੈ ।

ਬ੍ਰਹਮਜਗਦੀਸ਼ ਪੰਜਾਬੀ ਦਾ ਵਿਦਵਾਨ ਆਲੋਚਕ ਤੇ ਸ਼ਬਦਾਂ ਦਾ ਜਾਦੂਗਰ ਹੈ ਅਤੇ ਉਸਨੂੰ ਹਿੰਦੀ ਅੰਗਰੇਜ਼ੀ ਤੋਂ ਇਲਾਵਾ ਸੰਸਕ੍ਰਿਤ ਅਤੇ ਫਾਰਸੀ 'ਤੇ ਵੀ ਮੁਹਾਰਤ ਹਾਸਲ ਹੈ। ਪਰ ਕਈ ਵਾਰ ਅਕਸਰ ਅਜਿਹੇ ਸ਼ਬਦ ਭਰੜ ਦੇਣੇ ਮੂੰਹੋਂ ਕੱਢ ਦਿੰਦਾ ਹੈ ਜਿਹੜੇ ਪੜ੍ਹੇ ਲਿਖੇ ਤਾਂ ਕੀ ਉਜੱਡ ਬੰਦਾ ਵੀ ਬੋਲਣ ਲੱਗਿਆਂ ਸੰਗ ਜਾਂਦਾ ਹੈ। ਉਹ ਵੱਡੀ ਤੋਂ ਵੱਡੀ ਲੁੱਚੀ ਗੱਲ ਸਹਿਜ ਭਾਅ ਕਰ ਜਾਂਦਾ ਹੈ। ਇਕ ਦਿਨ ਮੈਨੂੰ ਕਹਿਣ ਲੱਗਾ ਕਿ ਤੂੰ ਮਾਸਟਰਾਂ ਦੀ ਚੁੰਝ ਚਰਚਾ ਲਿਖੀ ਜਾਂਦਾ ਹੈਂ ਤੇ ਲਾਭ ਸਿੰਘ ਸੰਧੂ ਖੁੰਢ ਚਰਚਾ ਲਿਖਦਾ ਹੈ, ਪਰ ਜਿਹੜੀ ਚਰਚਾ ਆਪਾਂ ਸਭ ਤੋਂ ਵੱਧ ਕਰਦੇ ਹਾਂ ਉਹ ਚਰਚਾ ਕੋਈ ਨਹੀਂ ਲਿਖਦਾ। ਸਟੇਜ 'ਤੇ ਬੋਲਦਾ ਹੋਇਆ ਵੀ ਕਈ ਵਾਰੀ ਅਜਿਹੀਆਂ ਹੀ ਖੁੱਲ੍ਹਾਂ ਮਾਣ ਜਾਂਦਾ ਹੈ। ਕਾਮਰਸ ਵਿਸ਼ੇ ਦੀ ਗੱਲ ਕਰਦਿਆਂ ਜਾਣ ਬੁੱਝ ਕੇ ਪਹਿਲੇ ਦੋ ਅੱਖਰਾਂ ਤੋਂ ਬਾਅਦ ਵਕ਼ਫ਼ਾ ਪਾ ਜਾਂਦਾ ਹੈ। ਉਹਦੀਆਂ ਖਚਰੀਆਂ ਤੇ ਮਿਸਕਮੀਣੀਆਂ ਘੁਣਤਰਾਂ ਨੂੰ ਉਹਦੇ ਨੇੜਲੇ ਸਾਥੀ ਤਾਂ ਸਮਝ ਜਾਂਦੇ ਪਰ ਦੂਜੇ ਖਾਸ ਤੌਰ 'ਤੇ ਔਰਤਾਂ ਉਹਨਾਂ ਨੂੰ ਨਹੀਂ ਸਮਝ ਸਕਦੀਆਂ। ਜਦੋਂ ਉਹ ਡਰਾਈਵਿੰਗ ਸਕੂਲ ਤੋਂ ਕਾਰ ਚਲਾਉਣੀ ਸਿੱਖ ਰਿਹਾ ਸੀ ਤਾਂ ਉਸਦੇ ਕਾਲਜ ਦੀ ਇਕ ਮੈਡਮ ਵੀ ਕਾਰ ਚਲਾਉਣੀ ਸਿੱਖ ਰਹੀ ਸੀ ਤੇ ਇਕ ਦਿਨ ਕਾਲਜ ਵਿਚ ਬ੍ਰਹਮਜਗਦੀਸ਼ ਨੂੰ ਪੁੱਛਣ ਲੱਗੀ ਕਿ 'ਪ੍ਰੋਫੈਸਰ ਸਾਹਿਬ ਕਾਰ ਕਿੰਨੀ ਕੁ ਸਿੱਖ ਗਏ ?' 'ਮੂਹਰ ਨੂੰ ਚਲਾਉਣੀ ਤਾਂ ਸਿੱਖ ਗਿਆ ਹਾਂ ਬੈਕ ਨਹੀਂ।' 'ਕਿਉਂ?' ਮੈਡਮ ਨੇ ਉਤਸੁਕਤਾ ਨਾਲ ਪੁੱਛਿਆ ਤਾਂ ਉਸਨੇ ਗੰਭੀਰ ਜਿਹਾ ਮੂੰਹ ਬਣਾ ਕੇ ਜਵਾਬ ਦਿੱਤਾ ਕਿ ਕੀ ਕਰਾਂ ਬੈਕ ਵਿਚ ਗੇਅਰ ਰਾਜਬੀਰ ਪਾਉਣ ਹੀ ਨਹੀਂ ਦਿੰਦੀ।

ਕਾਲਜ ਦੇ ਮੇਲ ਫੀਮੇਲ ਸਟਾਫ ਕੰਟੀਨ ਵਿਚ ਇਕੱਠੇ ਹੀ ਚਾਹ ਪੀਣ ਬੈਠ ਜਾਂਦੇ ਤੇ ਯੱਕੜ ਮਾਰਦੇ ਸਨ। ਇਕ ਦਿਨ ਦੋ ਮੈਡਮਾਂ ਇਕ ਮੋਟੀ ਤੇ ਦੂਜੀ ਸੁਕੜੀ ਜਿਹੀ ਇਕੱਠੀਆਂ ਚਾਹ ਪੀਣ ਆਈਆਂ। ਉੱਥੇ ਦੋ ਕੁਰਸੀਆਂ ਹੀ ਖਾਲੀ ਸਨ, ਜਿਨ੍ਹਾਂ ਵਿਚੋਂ ਇਕ ਤਾਂ ਲੱਕੜ ਦੀ ਸੀ ਤੇ ਦੂਜੀ ਗੱਦੇ ਵਾਲੀ ਸੀ। ਮੋਟੀ ਮੈਡਮ ਗੱਦੇ ਵਾਲੀ ਕੁਰਸੀ 'ਤੇ ਬੈਠਣ ਲੱਗੀ ਤਾਂ ਬ੍ਰਹਮਜਗਦੀਸ਼ ਬੋਲ ਪਿਆ, 'ਮੈਡਮ ਤੁਸੀਂ ਲੱਕੜ ਦੀ ਕੁਰਸੀ 'ਤੇ ਬੈਠੋ, ਗੱਦੇ ਤਾਂ ਤੁਹਾਡੇ ਆਪਣੇ ਕੋਲ ਹਨ ਹੀ।' ਕਾਲਜ ਵਿਚ ਸਲਾਨਾ ਐਥਲੈਟਿਕਸ ਮੀਟ ਹੋ ਰਹੀ ਸੀ ਤੇ ਕੁੜੀਆਂ ਦੀਆਂ ਰੇਸਾਂ ਦੀ ਈਵੈਂਟ ਹੋਣ ਵਾਲੀ ਸੀ। ਪੜ੍ਹਾਕੂ ਕਿਸਮ ਦੇ ਵਿਦਿਆਰਥੀ ਖਾਸ ਤੌਰ 'ਤੇ ਸਾਇੰਸ ਵਾਲੇ ਖੇਡਾਂ 'ਚ ਭਾਗ ਤਾਂ ਕੀ ਲੈਣਾ ਹੈ, ਖੇਡਾਂ ਵੇਖਣੀਆਂ ਵੀ ਸਮੇਂ ਦੀ ਬਰਬਾਦੀ ਸਮਝਦੇ ਹਨ। ਗਰਾਊਂਡਾਂ ਵੱਲ ਜਾਂਦਾ ਬ੍ਰਹਮਜਗਦੀਸ਼ ਕਿਤਾਬਾਂ ਖੋਲ੍ਹੀ ਬੈਠੇ ਮੁੰਡਿਆਂ ਨੂੰ ਸੱਦਾ ਦਿੰਦਾ ਬੋਲਿਆ, ' ਆ ਜੋ ਬਈ ਸੋਨੂੰ ਦੋ ਦੋ

ਬਾਲਾਂ ਇਕੱਠੀਆਂ ਉੱਛਲਦੀਆਂ ਵਿਖਾਈਏ।' ਇਕ ਨਵੇਂ ਨੌਕਰੀ 'ਚ ਆਏ ਪ੍ਰੋਫੈਸਰ ਮੁੰਡੇ ਦਾ ਵਿਆਹ ਸੀ ਤੇ ਕੰਟੀਨ 'ਚ ਬੈਠਾ ਬ੍ਰਹਮਜਗਦੀਸ਼ ਉਹਨੂੰ ਮੱਤਾਂ ਦੇ ਰਿਹਾ ਸੀ, 'ਪਹਿਲਾਂ ਹੀ ਲਾ ਕੇ ਕੰਨਾਂ ਨੂੰ ਹੱਥ, ਮੱਥਾ ਟੇਕ ਕੇ ਕਹਿ ਦੇਈਦਾ ਹੁੰਦਾ ਬਈ ਭੈਣਜੀ ਹੁਣ ਤਕ ਮੀਟਰ ਜਿੰਨਾ ਚੱਲਣਾ ਸੀ ਚੱਲ ਗਿਆ, ਹੁਣ ਉਨਾਂ ਹੀ ਚੱਲੇ ਜਿੰਨਾ ਅਸੀਂ ਚਲਾਈਏ।' ਕੋਲ ਬੈਠੀਆਂ ਮੈਡਮਾਂ 'ਚ ਇਕ ਸ਼ਹਿਰਨ ਪ੍ਰੋਫੈਸਰਨੀ ਨਾਲ ਦੀ ਨੂੰ ਪੁੱਛ ਰਹੀ ਸੀ, 'ਇਹ ਮੀਟਰ ਕੀ ਹੁੰਦੈ।' ਇਕ ਦਿਨ ਕਾਲਜ ਦੀ ਲਾਇਬਰੇਰੀ 'ਚ ਉਹ ਤੇ ਉਸਦਾ ਇਕ ਹੋਰ ਸਾਥੀ ਗੁਰਮੀਤ ਸਿੰਘ ਕੋਲ ਬੈਠੇ ਤੋਤਕੜੇ ਛੱਡ ਰਹੇ ਸਨ। ਕੋਲ ਬੈਠੇ ਪੰਜਾਬੀ ਦੇ ਪ੍ਰੋਫੈਸਰ ਜਗਦੀਪ ਸਿੰਘ ਤੇ ਇਕ ਹਿੰਦੀ ਵਾਲੀ ਮੈਡਮ ਉਹਨਾਂ ਦੀ ਮਹਿਫਲ ਦਾ ਆਨੰਦ ਮਾਣ ਰਹੇ ਸਨ। ਗੁਰਮੀਤ ਸਿੰਘ ਨੇ ਸਾਰਿਆਂ ਲਈ ਚਾਹ ਦੇ ਨਾਲ ਰਸਗੁੱਲੇ ਮੰਗਵਾ ਲਏ। ਮੈਡਮ ਨੇ ਚਾਹ ਦਾ ਕੱਪ ਤਾਂ ਫੜ ਲਿਆ ਪਰ ਰਸਗੁੱਲਿਆਂ ਨੂੰ ਇਨਕਾਰ ਕਰਦੀ ਬੋਲੀ,'ਇਤਨਾ ਰਸ? ਯੇ ਰਸਗੁੱਲਾ ਨਹੀਂ ਮੈਂ ਲੇਤੀ।' 'ਕੋਈ ਗੱਲ ਨਹੀਂ ਮੈਡਮ ਰਸ ਅਸੀਂ ਲੈ ਲੈਂਦੇ ਹਾਂ, ਗੁੱਲਾ ਤੁਸੀਂ ਲੈ ਲੈਣਾ।' ਰਸਗੁੱਲਾ ਮੂੰਹ ਵਿਚ ਪਾਉਂਦਾ ਬ੍ਰਹਮਜਗਦੀਸ਼ ਬੋਲਿਆ। ਇਕ ਦਿਨ ਇਕ ਮਹਿਫਲ ਵਿਚ ਇਕ ਬੰਦਾ ਪਸ਼ੂ ਮੇਲੇ ਵਿਚ ਵੇਖੇ ਸੱਤ ਕਰੋੜੀ ਸ੍ਹਾਨ ਦੀ ਖੁਰਾਕ ਬਾਰੇ ਦੱਸ ਰਿਹਾ ਸੀ ਕਿ ਉਸਨੂੰ ਰੋਜ਼ਾਨਾ ਵੀਹ ਕਿੱਲੋ ਸੇਬ ਵੀ ਚਾਰਦੇ ਹਨ। ਬ੍ਰਹਮਜਗਦੀਸ਼ ਉਹਦੀ ਗੱਲ ਕੱਟ ਕੇ ਬੋਲ ਪਿਆ, 'ਸ਼੍ਰੀਮਤੀ ਨੂੰ ਨਾ ਦੱਸ ਦੇਵੀਂ, ਉਹਨੇ ਕਹਿਣੈ ਕਿ ਤੂੰ ਵੀ ਕਦੇ ਇਕ ਅੱਧਾ ਸੇਬ ਖਾ ਲਿਆ ਕਰ।' ਬ੍ਰਹਮਜਗਦੀਸ਼ ਨੇ ਹਮੇਸ਼ਾ ਹੀ ਕਲਾਸ ਵਿਚ ਬਿਨਾਂ ਕਿਤਾਬ ਤੋਂ ਹੀ ਪੜ੍ਹਾਇਆ ਹੈ। ਉਸਨੇ ਐੱਮ.ਏ. ਦੀਆਂ ਕਲਾਸਾਂ ਦੇ ਚਾਰੇ ਪੇਪਰ ਹੀ ਪੜ੍ਹਾਏ ਹਨ ਤੇ ਕਦੇ ਉਹ ਕਲਾਸ ਵਿਚ ਕਿਤਾਬ ਲੈ ਕੇ ਨਹੀਂ ਗਿਆ। ਜਿੱਥੋਂ ਵਿਦਿਆਰਥੀ ਕਹਿੰਦੇ ਉਹ ਉੱਥੋਂ ਹੀ ਸ਼ੁਰੂ ਹੋ ਜਾਂਦਾ ਤੇ ਪੂਰਾ ਪੀਰੀਅਡ ਉਸ ਵਿਸ਼ੇ 'ਤੇ ਲੈਕਚਰ ਦੇ ਕੇ ਤਸੱਲੀ ਕਰਵਾ ਦਿੰਦਾ। ਪਰ ਉਹ ਕਲਾਸ ਵਿਚ ਵੀ ਵਲਗਰ ਟਿੱਪਣੀਆਂ ਕਰਨੋਂ ਨਹੀਂ ਸੀ ਹਟਦਾ। *'ਸਾਹਿਬਾਂ ਗਈ ਤੇਲ ਨੂੰ ਗਈ ਪੰਸਾਰੀ ਦੀ ਹੱਟ'* ਵਾਲੀ ਲਾਈਨ ਪੜ੍ਹਦਿਆਂ ਅਚਾਨਕ ਰੁਕ ਗਿਆ ਤੇ ਬੋਲਿਆ, 'ਗ਼ਲਤ ਲਿਖ ਗਿਆ ਪੀਲੂ, ਸਾਹਿਬਾਂ ਨੂੰ ਕੀ ਲੋੜ ਸੀ ਤੇਲ ਲੈਣ ਜਾਣ ਦੀ, ਮਿਰਜ਼ਾ ਜਾਂਦਾ ਬਈ।'

ਬ੍ਰਹਮਜਗਦੀਸ਼ ਜਦੋਂ ਪਟਿਆਲੇ ਯੂਨੀਵਰਸਿਟੀ 'ਚ ਹੁੰਦਾ ਸੀ ਤਾਂ ਨਾਟਕਕਾਰ ਸੁਰਜੀਤ ਸਿੰਘ ਸੇਠੀ ਨੇ ਬਹੁਤ ਜ਼ੋਰ ਲਾਇਆ ਕਿ ਉਹ ਨਾਟਕਾਂ ਵਿਚ ਭਾਗ ਲਿਆ ਕਰੇ। ਪਰ ਉਸਨੇ ਲੱਤ ਨਹੀਂ ਸੀ ਲਾਈ। ਉਸਨੂੰ ਆਪਣਾ ਸਵੈ ਬਹੁਤ ਪਸੰਦ ਹੈ ਤੇ ਉਸ ਵਿਚ ਸਵੈਮਾਣ ਵੀ ਬਹੁਤ ਹੈ। ਉਹ ਕਿਉਂ ਕਿਸੇ ਦਾ ਮਖੌਟਾ ਪਾਵੇ? ਇਸ ਲਈ ਉਸਨੂੰ ਨਾਟਕਾਂ ਵਿਚ ਕੰਮ ਕਰਨਾ ਚੰਗਾ ਨਹੀਂ ਸੀ ਲੱਗਦਾ। ਪਰ ਊਂ ਉਹ ਹੈ ਬਹੁਤ ਨੌਟੰਕੀਬਾਜ਼। ਕਿਸੇ ਨੂੰ ਪਤਾ ਨਹੀਂ ਲੱਗਦਾ ਕਿ ਉਸ ਨਾਲ ਗੱਲ ਕਰ ਰਿਹਾ ਬ੍ਰਹਮਜਗਦੀਸ਼ ਸਾਧਾਰਣ ਗੱਲ ਕਰ ਰਿਹਾ ਹੈ ਜਾਂ ਨਾਟਕ ਕਰ ਰਿਹਾ ਹੈ। ਇਕ ਵਾਰੀ ਉਹ ਸਾਥੀ ਪ੍ਰੋਫੈਸਰਾਂ ਨਾਲ ਠਹਾਕੇ ਲਾਉਂਦਾ ਕੰਟੀਨ ਵੱਲ ਆ ਰਿਹਾ ਸੀ ਤਾਂ ਸਾਹਮਣੇ ਇਕ ਟੇਬਲ 'ਤੇ ਉਹ ਮੈਡਮ ਬੈਠੀ ਦਿਸ ਗਈ ਜਿਸ ਦੀ ਮਾਂ ਕੁੱਝ ਦਿਨ ਪਹਿਲਾਂ ਹੀ ਪ੍ਰਲੋਕ ਸਿਧਾਰੀ ਸੀ। ਉਸੇ ਵਕਤ ਬ੍ਰਹਮਜਗਦੀਸ਼ ਨੇ ਚਿਹਰਾ ਗੰਭੀਰ ਬਣਾਇਆ ਤੇ ਮੈਡਮ ਕੋਲ ਜਾ ਕੇ ਸ਼ਬਦਾਂ ਦੀ ਜਾਦੂਗਰੀ ਤੇ ਕਲਾ ਦਾ ਅਜਿਹਾ ਅਭਿਨੈ ਵਿਖਾਇਆ ਕਿ ਉਹ ਮੈਡਮ ਇਸ ਤਰ੍ਹਾਂ ਰੋਣ ਲੱਗੀ ਜਿਵੇਂ ਉਸਦੀ ਮਾਂ ਹੁਣੇ ਹੀ ਮਰੀ ਹੋਵੇ ।

ਇਕ ਦਿਨ ਉਹ ਆਪਣੇ ਵਿਦਿਆਰਥੀ ਰਹੇ ਕੁਲੀਗ ਮਰਹੂਮ ਰੁਪਿੰਦਰ ਮਾਨ ਨੂੰ ਕਹਿਣ ਲੱਗਾ ਕਿ ਉਹ ਇਕ ਬੱਚਾ ਹੋਰ ਲੈ ਲੈਣ ਤਾਂ ਮਾਨ ਨੇ ਜਵਾਬ ਦਿੱਤਾ ਕਿ ਪ੍ਰੋਫੈਸਰ ਸਾਹਿਬ, ਅਸੀਂ ਤੁਹਾਡੇ ਹੀ ਚੇਲੇ ਬਾਲਕੇ ਹਾਂ ਤੇ ਤੁਹਾਡੇ ਵਾਂਗ ਇਕ ਲੜਕੀ ਹੀ ਸਾਡੀ ਸੰਤਾਨ ਰਹੇਗੀ।' ' ਉਹ ਮਾਨਾ, ਸਾਡੀ ਰੀਸ ਤੂੰ ਨਾ ਕਰ। ਸਾਡਾ ਕੀ ਐ? ਅਸੀਂ ਹੋਈਆਂ ਨਿੱਕੀਆਂ ਸੁੱਕੀਆਂ ਜਾਤਾਂ ਤੇ ਤੂੰ ਜੱਟ



ਬੰਦਾ।' ਰੁਪਿੰਦਰ ਮਾਨ ਨੇ ਬ੍ਰਹਮਜਗਦੀਸ਼ ਦੇ ਚਿਹਰੇ ਵੱਲ ਗਹੁ ਨਾਲ ਵੇਖਿਆ ਪਰ ਬ੍ਰਹਮਜਗਦੀਸ਼ ਦੇ ਚਿਹਰੇ ਤੋਂ ਇਹ ਪੜ੍ਹਨਾ ਬੇਹੱਦ ਮੁਸ਼ਕਲ ਸੀ ਕਿ ਉਹ ਉਸ ਨੂੰ ਸੱਚਮੁੱਚ ਹੀ ਸੁਝਾਉ ਦੇ ਰਿਹਾ ਹੈ ਜਾਂ ਉਹ ਆਪਣੀ ਜਾਂ ਉਸਦੀ ਜਾਤ 'ਤੇ ਤਨਜ਼ ਕਸ ਰਿਹਾ ਹੈ ।

ਮੂਡ 'ਚ ਆਇਆ ਕਿਸੇ ਮਹਿਫਲ ਦੀ ਸਮਾਪਤੀ 'ਤੇ ਵੀ ਨੌਟੰਕੀ ਕਰ ਜਾਂਦਾ ਹੈ। ਆਪਣੀ ਸੀਟ ਤੋਂ ਖੜ੍ਹਾ ਹੋ ਕੇ ਤੇ ਹੱਥ ਜੋੜ ਕੇ ਬੜੀ ਗੰਭੀਰ ਅਤੇ ਧੰਨਵਾਦੀ ਮੁਦਰਾ 'ਚ ਕਹੇਗਾ,'ਅਸੀਂ ਸ੍ਰੀਮਾਨ ਜੀ ਦੇ ਬੜੇ ਹੀ ਰਿਣੀ ਹਾਂ ਜਿਨ੍ਹਾਂ ਨੇ ਅੱਜ ਸਾਨੂੰ ਮਦੁਰਾ ਪਾਨ ਕਰਵਾਇਆ ਹੈ ਤੇ ਮੁਰਗਾ ਖਵਾਇਆ ਹੈ।' ਕਿਸੇ ਠੇਕੇ ਦੇ ਕਾਰਿੰਦੇ ਨੂੰ ਜਾ ਕੇ ਕਹੇਗਾ, 'ਮੁਦਰਾ ਲੈ ਲਾ ਤੇ ਮਦੁਰਾ ਦੇ ਦੇ '। ਤੇ ਵਿਚਾਰਾ ਕਾਰਿੰਦਾ ਉਸਦੇ ਮੂੰਹ ਵੱਲ ਵੇਖਦਾ ਰਹਿ ਜਾਂਦਾ ਹੈ ।

ਰੰਗੀਨ ਤਬੀਅਤ ਦਾ ਮਾਲਕ ਬ੍ਰਹਮਜਗਦੀਸ਼ ਹੁਸੀਨਾਵਾਂ ਦੇ ਸਾਥ ਦਾ ਸਦਾ ਇੱਛੁਕ ਰਹਿੰਦਾ ਹੈ। ਜਦੋਂ ਉਹ ਫਰੀਦਕੋਟ ਤੋਂ ਪੜ੍ਹਾ ਕੇ ਵਾਪਸ ਕੋਟਕਪੂਰੇ ਜਾਂਦਾ ਸੀ ਤਾਂ ਉਸ ਬੱਸ ਵਿਚ ਸਫਰ ਕਰਦਾ ਜਿਸ ਵਿਚ ਹੁਸੀਨ ਚਿਹਰੇ ਹੁੰਦੇ ਅਤੇ ਕਈ ਵਾਰ ਬੱਸ ਵਿਚੋਂ ਇਹ ਕਹਿ ਕੇ ਉਤਰ ਆਉਂਦਾ ਸੀ ਕਿ ਇਸ ਬੱਸ ਵਿਚ ਕੀ ਸਫਰ ਕਰਨਾ ਜਿਸ ਵਿਚ ਕੋਈ ਚੱਜ ਦਾ ਚਿਹਰਾ ਹੀ ਨਹੀਂ ਹੈ। ਜੇ ਕੋਈ ਹੁਸੀਨਾ ਉਸਦੇ ਨਾਲ ਬੈਠ ਜਾਂਦੀ ਤਾਂ ਉਹ ਖਿੜ ਜਾਂਦਾ ਤੇ ਜੇ ਕੋਈ ਨਾਲ ਨਾ ਬੈਠਦੀ ਤਾਂ ਵੀ ਸਾਥੀ ਨੂੰ ਕਹਿੰਦਾ, 'ਆਪਾਂ ਕੋਈ ਗਏ ਗੁਜ਼ਰੇ ਨਹੀਂ, ਕੋਈ ਚੀਜ਼ ਹਾਂ। ਇਹ ਸੋਹਣੀਆਂ ਸਵਾਰੀਆਂ ਵੀ ਕਿਸੇ ਗਏ ਗੁਜ਼ਰੇ ਗੰਦੇ ਜਿਹੇ ਬੰਦੇ ਨਾਲ ਬੈਠ ਕੇ ਹੀ ਖੁਸ਼ ਰਹਿੰਦੀਆਂ ਹਨ।'

ਰਾਜਬੀਰ ਅਜੇ ਤਕ ਇਹ ਨਹੀਂ ਸਮਝ ਸਕੀ ਕਿ ਉਸਦਾ ਘਰਵਾਲਾ ਔਰਤਾਂ ਵਿਚ ਇੰਨਾ ਮਕਬੂਲ ਕਿਉਂ ਹੈ ? ਹਰ ਉਮਰ ਤੇ ਹਰ ਵਰਗ ਦੀਆਂ ਔਰਤਾਂ ਉਸ ਵੱਲ ਖਿੱਚੀਆਂ ਤੁਰੀਆਂ ਕਿਉਂ ਆਉਂਦੀਆਂ ਹਨ? ਉਸਦੀ ਸੇਵਾ ਮੁਕਤੀ 'ਤੇ ਉਸਨੇ ਕਿਹਾ ਸੀ ਕਿ ਹੁਣ ਮੈਨੂੰ ਇਨ੍ਹਾਂ ਦੀ ਪਹਿਰੇਦਾਰੀ ਨਹੀਂ ਕਰਨੀ ਪੈਣੀ। ਮੈਡਮ ਰਾਜਬੀਰ ਉਸਦੀ ਪਹਿਰੇਦਾਰੀ ਕਰਦੀ ਹੈ ਜਾਂ ਨਹੀਂ ਇਹ ਤਾਂ ਪਤਾ ਨਹੀਂ, ਪਰ ਉਸਦੀ ਸੇਵਾ ਮੁਕਤੀ ਨੂੰ ਡੇਢ ਦਹਾਕਾ ਹੋਣ ਵਾਲਾ ਹੈ ਤੇ ਉਹ ਅਜੇ ਵੀ ਉਨ੍ਹਾਂ ਕੰਮਾਂ ਤੋਂ ਬਾਜ ਨਹੀਂ ਆਉਂਦਾ। ਇਹ ਵੱਖਰੀ ਗੱਲ ਹੈ ਕਿ ਉਹ ਰਾਂਝਾ ਹੀ ਬਣਿਆ ਰਹਿੰਦਾ ਹੈ ਕਦੇ ਮਿਰਜ਼ਾ ਨਹੀਂ ਬਣ ਸਕਿਆ।

ਸ਼ਬਾਬ ਦੇ ਨਾਲ ਨਾਲ ਉਹ ਸ਼ਰਾਬ ਦਾ ਵੀ ਸ਼ੌਕੀਨ ਹੈ। ਹਰ ਸ਼ਾਮ ਉਹ ਰੰਗੀਨ ਬਣਾਉਂਦਾ ਹੈ। ਕਦੇ ਦੋਸਤਾਂ ਸੰਗ ਕਦੇ ਇਕੱਲਾ। ਕਦੇ ਉਸਨੂੰ ਮੁਫਤ ਦੀ ਮਿਲ ਜਾਂਦੀ ਹੈ ਤੇ ਕਦੇ ਉਸਨੂੰ ਆਪਣੀ ਵੀ ਪੀਣੀ ਪੈ ਜਾਂਦੀ ਹੈ। ਉਹ ਤੇ ਉਹਦੀ ਜੁੰਡਲੀ ਕਈ ਵਾਰ ਕਿਸੇ ਨੂੰ ਸ਼ਿਕਾਰ ਵੀ ਬਣਾ ਲੈਂਦੇ ਸਨ ਜਿਸ ਨੂੰ ਉਹ ਝੋਟਾ ਚੋਣਾ ਕਹਿੰਦੇ ਸਨ। ਉਹ ਛੇਤੀ ਕੀਤੇ ਕਿਸੇ ਨੂੰ ਘਰੇ ਚਾਹ ਪੀਣ ਨੂੰ ਵੀ ਨਹੀਂ ਸੱਦਦਾ, ਦਾਰੂ ਤਾਂ ਉਸਨੇ ਕਿਸੇ ਨੂੰ ਕੀ ਪਿਆਉਣੀ ਹੈ। ਪਰ ਹਰ ਵਕਤ ਵਧੀਆ ਸ਼ਰਾਬ ਦਾ ਸਟਾਕ ਉਸ ਪਾਸ ਜ਼ਰੂਰ ਹੁੰਦਾ ਹੈ। ਜਦੋਂ ਬਾਬਾ ਫਰੀਦ ਆਗਮਨ ਪੁਰਬ ਮਨਾਇਆ ਜਾਣਾ ਸ਼ੁਰੂ ਹੋਇਆ ਸੀ ਤਾਂ ਦਿੱਲੀ ਤੋਂ ਡਾ. ਸਤਿੰਦਰ ਸਿੰਘ ਨੂਰ ਤੇ ਡਾ. ਜਗਬੀਰ ਸਿੰਘ ਪੇਪਰ ਪੜ੍ਹਨ ਆਏ ਗੱਡੀਉਂ ਉਤਰਦੇ ਸਿੱਧੇ ਉਸ ਕੋਲ ਆ ਗਏ। ਸਮਾਗਮ ਖਤਮ ਹੋਣ ਤੋਂ ਬਾਅਦ ਜਦੋਂ ਘਰ ਮੁੜੇ ਤਾਂ ਬ੍ਰਹਮਜਗਦੀਸ਼ ਨੇ ਸਿਗਨੇਚਰ ਦੀਆਂ ਦੋ ਬੋਤਲਾਂ ਉਹਨਾਂ ਮੂਹਰੇ ਲਿਆ ਰੱਖੀਆਂ। ਡਾ. ਜਗਬੀਰ ਬੋਲਿਆ ,'ਸਵੇਰੇ ਕਿਉਂ ਨਾ ਰੱਖੀਆਂ।' ' ਸਵੇਰੇ ਤਾਂ ਆਪਾਂ ਜਾ ਕੇ ਪੇਪਰ ਪੜ੍ਹਨੇ ਸਨ।' ਹੈਰਾਨ ਹੋਏ ਬ੍ਰਹਮਜਗਦੀਸ਼ ਨੇ ਜਵਾਬ ਦਿੱਤਾ। ਬਾਬਾ ਫਰੀਦ ਦੇ ਜੀਵਨ ਤੇ ਸਿੱਖਿਆਵਾਂ ਲੋਕਾਂ ਨੂੰ ਦੱਸਣ ਆਇਆ ਵਿਦਵਾਨ ਪੈੱਗ ਮੂੰਹ ਨੂੰ ਲਾ ਕੇ ਕਹਿਣ ਲੱਗਾ, 'ਪੀ ਕੇ ਤਾਂ ਪੇਪਰ ਪੜ੍ਹਨ ਦਾ ਸਵਾਦ ਹੀ ਆ ਜਾਂਦੈ।'

ਬ੍ਰਹਮਜਗਦੀਸ਼ ਸਿੰਘ ਬੇਫਿਕਰ,ਲਾਪ੍ਰਵਾਹ,ਫੱਕਰ ਤੇ ਗ਼ੈਰ ਸੰਜੀਦਾ ਬੰਦਾ ਹੈ ਪਰ ਆਪਣੀ ਸੇਵਾ ਮੁਕਤੀ ਤੋਂ ਬਾਅਦ ਉਹ ਕੁੱਝ ਸੰਜੀਦਾ ਹੋ ਗਿਆ ਹੈ, ਖਾਸ ਤੌਰ 'ਤੇ ਲਿਖਣ ਦੇ ਮਾਮਲੇ

ਵਿਚ। ਜੇ ਕਿਤੇ ਉਹ ਪਹਿਲਾਂ ਹੀ ਸੰਜੀਦਾ ਹੋ ਗਿਆ ਹੁੰਦਾ ਤਾਂ ਪਤਾ ਨਹੀਂ ਕਿੰਨਾ ਕੁਝ ਹੋਰ ਲਿਖ ਚੁੱਕਿਆ ਹੁੰਦਾ। ਉਸਦੀ ਯਾਦਸ਼ਕਤੀ ਕਮਾਲ ਦੀ ਹੈ। ਜਿਹੜੀ ਵੀ ਕਿਤਾਬ ਉਹ ਪੜ੍ਹ ਲੈਂਦਾ ਹੈ, ਉਹ ਉਸਦੇ ਕੰਪਿਊਟਰੀ ਦਿਮਾਗ਼ ਵਿਚ ਉਕਰੀ ਜਾਂਦੀ ਹੈ। ਉਸ ਕਿਤਾਬ ਵਿਚੋਂ ਕਿਤੋਂ ਵੀ, ਕੁਝ ਵੀ ਤੇ ਕਦੋਂ ਵੀ ਉਸ ਕੋਲੋਂ ਪੁੱਛਿਆ ਜਾ ਸਕਦਾ ਹੈ। ਉਹ ਪੰਜਾਬੀ ਸਾਹਿਤ ਦਾ ਜਾਣੋਂ ਲਾਲਾ ਹਰਦਿਆਲ ਹੈ ਤੇ ਵਿਦਵਾਨ ਮਸਖਰਾ ਵੀ ।

ਬ੍ਰਹਮਜਗਦੀਸ਼ ਨੇ ਜੋ ਲਿਖਿਆ ਹੈ, ਸਾਰਾ ਆਲੋਚਨਾਤਮਕ ਹੀ ਲਿਖਿਆ ਹੈ। ਉਹ ਮੰਨਦਾ ਹੈ ਕਿ ਉਹ ਕਰੀਏਟਿਵ ਰਾਈਟਰ ਨਹੀਂ, ਕਿਉਂਕਿ ਕਰੀਏਟਿਵ ਰਾਈਟਰ ਹੋਣ ਵਾਸਤੇ ਭਾਵੁਕ ਤੇ ਜਨੂੰਨੀ ਹੋਣਾ ਜ਼ਰੂਰੀ ਹੈ। ਪਰ ਮੈਨੂੰ ਉਸਦੀਆਂ ਦੋਨੇ ਗੱਲਾਂ ਗ਼ਲਤ ਲੱਗਦੀਆਂ ਹਨ। ਉਹ ਭਾਵੁਕ ਵੀ ਹੈ ਤੇ ਜਨੂੰਨੀ ਵੀ। ਜਿੰਨਾ ਕੰਮ ਉਸਨੇ ਕੀਤਾ ਹੈ ਕੋਈ ਜਨੂੰਨੀ ਹੀ ਕਰ ਸਕਦਾ ਹੈ। ਰਹੀ ਗੱਲ ਭਾਵੁਕਤਾ ਦੀ, ਉਸਨੇ ਜਦੋਂ ਕਿਸੇ ਚੰਗੀ ਰਚਨਾ ਦਾ ਆਨੰਦ ਮਾਣਿਆ ਹੈ ਤਾਂ ਉਸਦੀਆਂ ਅੱਖਾਂ ਸਿੱਲ੍ਹੀਆਂ ਹੋਈਆਂ ਹਨ। ਇਕ ਦਿਨ ਫਰੀਦਕੋਟ ਤੋਂ ਕੋਟਕਪੂਰਾ ਜਾਣ ਵਾਲੀ ਬੱਸ ਹਾਦਸੇ ਦਾ ਸ਼ਿਕਾਰ ਹੋ ਗਈ ਤੇ ਇਸ ਵਿਚ ਸਵਾਰ ਪੰਦਰਾਂ ਵੀਹ ਬਦਕਿਸਮਤ ਮਾਰੇ ਗਏ। ਉਹਨਾਂ ਦਿਨਾਂ ਵਿਚ ਬ੍ਰਹਮਜਗਦੀਸ਼ ਫਰੀਦਕੋਟ ਤੋਂ ਕੋਟਕਪੂਰੇ ਜਾਂਦਾ ਹੁੰਦਾ ਸੀ ਤੇ ਹਾਦਸਾ ਵੀ ਤਕਰੀਬਨ ਉਸੇ ਸਮੇਂ ਜਿਹੇ ਹੋਇਆ। ਪਰ ਉਸ ਦਿਨ ਉਹ ਤੇ ਪ੍ਰੋਫੈਸਰ ਸੁਖਜਿੰਦਰ ਸਿੰਘ ਕਿਸੇ ਅਹਾਤੇ ਵਿਚ ਮੂਡ ਬਣਾਉਣ ਬੈਠ ਗਏ ਸਨ ਤੇ ਟੀ.ਟੀ. ਬਣੇ ਹਨੇਰੇ ਹੋਏ ਘਰ ਪਹੁੰਚੇ। ਉਹਨਾਂ ਨੂੰ ਬੱਸ ਹਾਦਸੇ ਦਾ ਕੋਈ ਇਲਮ ਨਹੀਂ ਸੀ। ਅਗਲੇ ਦਿਨ ਉਹਨਾਂ ਨੂੰ ਕਾਲਜ ਆ ਕੇ ਹੀ ਇਸ ਘਟਨਾ ਦਾ ਪਤਾ ਲੱਗਿਆ। ਘਰ ਜਾ ਕੇ ਬ੍ਰਹਮਜਗਦੀਸ਼ ਨੇ ਰਾਜਬੀਰ ਕੋਲ ਗਿਲਾ ਕੀਤਾ ਕਿ 'ਕੱਲ੍ਹ ਏਡਾ ਵੱਡਾ ਹਾਦਸਾ ਵਾਪਰਿਆ ਹੈ, ਤੂੰ ਪੁੱਛਿਆ ਦੱਸਿਆ ਹੀ ਨਹੀਂ। ਜੇ ਕੱਲ੍ਹ ਉਸ ਬੱਸ 'ਚ ਮੈਂ ਵੀ ਸਵਾਰ ਹੁੰਦਾ?' 'ਪੁੱਛਿਆ ਕਿਉਂ ਨਹੀਂ? ਪੁੱਛਿਆ ਸੀ। ਪਰ ਜਦੋਂ ਮੈਨੂੰ ਪਤਾ ਲੱਗਿਆ ਕਿ ਬੱਸ ਵਿਚ ਤੇਤੀ ਸਵਾਰੀਆਂ ਸਨ ਤੇ ਵੀਹਾਂ ਦੀ ਮੌਤ ਹੋਈ ਹੈ ਤਾਂ ਮੈ ਨਿਸਚਿੰਤ ਹੋ ਗਈ ਸੀ। ਜੇ ਕੱਲ੍ਹ ਵਾਲੇ ਐਕਸੀਡੈਂਟ ਵਿਚ ਬੱਤੀਆਂ ਦੀ ਮੌਤ ਹੋਈ ਹੁੰਦੀ ਤਾਂ ਬਚਣ ਵਾਲਾ ਤੇਤੀਵਾਂ ਤੂੰ ਹੋਣਾ ਸੀ, ਇਹ ਮੇਰਾ ਵਿਸ਼ਵਾਸ ਹੈ।' ਬ੍ਰਹਮਜਗਦੀਸ਼ ਜਦੋਂ ਇਹ ਗੱਲ ਦੱਸਦਾ ਹੈ ਤਾਂ ਉਸਦੀਆਂ ਛਲਕਦੀਆਂ ਅੱਖਾਂ ਵਿਚੋਂ ਹੰਝੂਆਂ ਦੀਆਂ ਧਰਾਲਾਂ ਚੱਲ ਪੈਂਦੀਆਂ ਹਨ ।

ਰਾਜਬੀਰ ਦੇ ਲਈ ਤਾਂ ਬ੍ਰਹਮਜਗਦੀਸ਼ ਸਿੰਘ 'ਬ੍ਰਹਮ' ਹੀ ਹੈ ।

ਜਦੋਂ ਬ੍ਰਹਮਜਗਦੀਸ਼ ਨੇ ਲਿਖਣਾ ਸ਼ੁਰੂ ਕੀਤਾ ਸੀ ਤਾਂ ਕੋਟਕਪੂਰੇ ਦੇ ਸਾਹਿਤਕ ਹਲਕਿਆਂ ਵਿਚ ਉਸਦੇ ਨਾਂ ਨੂੰ ਲੈ ਕੇ ਹਲਚਲ ਜਿਹੀ ਮੱਚੀ ਸੀ। ਇੱਥੇ ਹੋਏ ਇਕ ਸਮਾਗਮ ਦੌਰਾਨ ਲੇਖਕ ਅਲੇਖਕ ਲੋਕ ਚਟਖਾਰੇ ਲਾ ਲਾ ਉਸਦੀਆਂ ਗੱਲਾਂ ਕਰ ਰਹੇ ਸਨ, 'ਜਿਵੇਂ ਰਜਨੀਸ਼ ਨੇ ਆਪਣੇ ਆਪ ਨੂੰ ਭਗਵਾਨ ਐਲਾਨਿਆ ਹੋਇਆ ਹੈ, ਉਸੇ ਤਰ੍ਹਾਂ ਆਪਣੇ ਕੋਟਕਪੂਰੇ ਦੇ ਗਿਆਨੀ ਕਰਤਾਰ ਸਿੰਘ ਦੇ ਵੱਡੇ ਮੁੰਡੇ ਜਗਦੀਸ਼ ਨੇ ਆਪਣੇ ਆਪ ਨੂੰ 'ਬ੍ਰਹਮ' ਐਲਾਨ ਦਿੱਤਾ ਹੈ, ਬਾਈ ਉਏ...।'

ਬ੍ਰਹਮਾ ਨੇ ਸਮੁੰਦਰ ਰਿੜਕਿਆ ਸੀ ਤੇ ਸਾਡੇ ਇਸ 'ਬ੍ਰਹਮ' ਨੇ ਕਿਤਾਬਾਂ ਦਾ ਸਮੁੰਦਰ ਰਿੜਕ ਦਿੱਤਾ ਹੈ। ਬ੍ਰਹਮਜਗਦੀਸ਼ ਸਿੰਘ 'ਬ੍ਰਹਮ' ਜਗਦੀਸ਼ ਹੀ ਹੈ।000

***(ਸੂਰੇਵਾਲੀਆ ਕੰਪਲੈਕਸ, ਬਠਿੰਡਾ ਰੋਡ ਬਾਈਪਾਸ, ਮੁਕਤਸਰ-ਫੋਨ: 95010-50016)***



# ਸੰਤੋਖ ਸਿੰਘ ਸੰਤੋਖ ਨਾਲ ਮੁਲਾਕਾਤ: ਸਤਨਾਮ ਸਿੰਘ ਢਾਅ

*(ਇਹ ਮੁਲਾਕਾਤ ਇੰਗਲੈਂਡ ਵਿਚ ਵਸਦੇ ਸ਼ਾਇਰ ਸੰਤੋਖ ਸਿੰਘ ਸੰਤੋਖ ਨਾਲ ਕੁਝ ਸਮਾਂ ਪਹਿਲਾਂ ਹੀ ਕੀਤੀ ਗਈ ਸੀ। ਪਰ ਮੁਲਾਕਾਤ ਕੀਤੇ ਜਾਣ ਤੋਂ ਛੇਤੀ ਪਿੱਛੋਂ ਪਿਛਲੇ ਦਿਨੀਂ ਉਹ ਸਾਨੂੰ ਵਿਛੋੜਾ ਦੇ ਗਏ। ਮੁਲਾਕਾਤ ਕੀਤੇ ਜਾਣ ਸਮੇਂ ਭਾਵੇਂ ਸੰਤੋਖ ਹੁਰਾਂ ਦੀ ਸਿਹਤ ਕੋਈ ਬਹੁਤੀ ਚੰਗੀ ਨਹੀਂ ਸੀ, ਤਦ ਵੀ ਇਹ ਚਿੱਤ-ਚੇਤੇ ਨਹੀਂ ਸੀ ਕਿ ਉਹ ਏਨੀ ਛੇਤੀ ਵਿਛੋੜਾ ਦੇ ਜਾਣਗੇ। ਇਹ ਮੁਲਾਕਾਤ ਤਾਂ ਸਗੋਂ ਮੁੜ ਮਿਲਣ ਅਤੇ ਹੋਰ ਅਗਾਂਹ ਗੱਲਬਾਤ ਕਰਨ ਦੀ ਉਮੀਦ 'ਤੇ ਖਤਮ ਹੋਈ ਸੀ। ਹੁਣ ਇਸ ਮੁਲਾਕਤ ਦਾ ਛਪਣਾ ਇਕ ਤਰ੍ਹਾਂ ਸਾਡੇ ਵੱਲੋਂ ਇਸ ਜੁਝਾਰੂ ਕਵੀ ਤੇ ਮਨੁੱਖ ਨੂੰ ਸ਼ਰਧਾਂਜਲੀ ਹੈ।)*

**ਸੰਤੋਖ ਸਿੰਘ ਜੀ, ਯਾਦ ਹੋਵੇਗਾ ਕਵਿਤਾ ਨੇ ਕਦੋਂ ਕੁ ਤੁਹਾਨੂੰ ਕਿਹਾ ਕਿ ਕਲਮ ਫੜੋ ਤੇ ਮੈਨੂੰ ਲਿਖੋ?**

: ਸਤਨਾਮ ਜੀ, ਮੈਂ ਛੇਵੀਂ ਜਾਂ ਸੱਤਵੀਂ ਜਮਾਤ ਵਿਚ ਪੜ੍ਹਦਾ ਸੀ ਜਦੋਂ ਕਵਿਤਾ ਲਿਖਣੀ ਸ਼ੁਰੂ ਕੀਤੀ। ਇਸ ਤੋਂ ਪਹਿਲਾਂ ਮੇਰਾ ਨਾਨਾ ਗੱਲਾਂ ਗੱਲਾਂ ਵਿੱਚ ਕਵਿਤਾ ਦੇ ਟੋਟਕੇ ਸੁਣਾਉਂਦਾ ਹੁੰਦਾ ਸੀ, ਜਿਹੜੇ ਮੈਂ ਜ਼ੁਬਾਨੀ ਚੇਤੇ ਕਰ ਲੈਂਦਾ ਸੀ।

**ਆਮ ਤੌਰ 'ਤੇ ਜੁਆਨੀ ਵਿਚ ਹਰ ਇਨਸਾਨ ਅਨੋਖੇ ਰੰਗ ਵਿਚ ਹੁੰਦਾ ਹੈ ਅਤੇ ਨਾਲ ਹੀ ਕਵੀ ਵੀ। ਅਕਸਰ ਲੇਖਕਾਂ ਨੇ ਪਿਆਰ ਕਵਿਤਾਵਾਂ ਲਿਖਣ ਨਾਲ ਹੀ ਲਿਖਣ ਦੀ ਸ਼ੁਰੂਆਤ ਕੀਤੀ ਹੁੰਦੀ ਹੈ। ਕੀ ਤੁਹਾਡੀ ਵੀ ਸ਼ੁਰੂਆਤ ਇੰਝ ਦੀ ਸੀ?**

: ਮੇਰੀ ਕਵਿਤਾ ਦੀ ਸ਼ੁਰੂਆਤ ਪਿਆਰ ਤੋਂ ਨਹੀਂ, ਸਗੋਂ ਗ਼ਰੀਬੀ ਅਮੀਰੀ ਤੋਂ ਹੋਈ। ਪਿੰਡ ਵਿਚ ਦੋ ਗੁਰਪੁਰਬ ਹਰ ਸਾਲ ਮਨਾਏ ਜਾਂਦੇ ਸਨ। ਸਾਡੇ ਪਿੰਡ ਵਿਚ ਸਾਹਿਤ ਸਭਾ ਬਣੀ ਹੋਈ ਸੀ,ਜੋ ਉਨ੍ਹਾਂ ਵਿਚ ਉਚੇਚਾ ਭਾਗ ਲੈਂਦੀ ਸੀ। ਕਿਸੇ ਸਮੱਸਿਆ ਨੂੰ ਲੈ ਕੇ ਕਵਿਤਾਵਾਂ ਲਿਖੀਆਂ ਜਾਂਦੀਆਂ ਸਨ। ਮੁਣਸ਼ਾ ਸਿੰਘ ਦੁਖੀ, ਗੁਰਦਾਸ ਰਾਮ ਆਲਮ, ਗੁਰਦੀਪ ਸਿੰਘ ਅਣਖੀ, ਭਗਤ ਰਾਮ ਪਤੰਗਾ, ਬਿਸ਼ਨ ਸਿੰਘ ਉਪਾਸ਼ਕ, ਸਰਵਣ ਸਿੰਘ ਅਮੋਲਕ, ਰਵਿੰਦਰ ਰਵੀ, ਮੁਹਿੰਦਰ ਦੁਸਾਂਝ, ਓਮ ਪ੍ਰਕਾਸ਼ ਜੋਸ਼, ਡਾ. ਸਾਧੂ ਸਿੰਘ ਅਤੇ ਸ਼ੌਕਤ ਢੰਡਵਾੜਵੀ ਆਦਿ ਪਿੰਡ ਤੋਂ ਬਿਨਾਂ ਇਲਾਕੇ ਦੇ ਕਵੀ ਇਨ੍ਹਾਂ ਵਿਚ ਭਾਗ ਲੈਂਦੇ ਸਨ।

**ਬਹੁਤ ਸਾਰੇ ਪਾਠਕਾਂ ਨੂੰ ਤੁਹਾਡੇ ਪਿਛੋਕੜ ਬਾਰੇ ਹੋ ਸਕਦਾ ਹੈ ਪਤਾ ਨਾ ਹੋਵੇ, ਆਪਣੇ ਬਾਰੇ ਕੁਝ ਦੱਸੋ?**

: ਮੇਰਾ ਜਨਮ ਮੇਰੇ ਨਾਨਕੇ ਪਿੰਡ ਬਿਲਗਾ ਵਿਖੇ ਹੋਇਆ। ਮੇਰੇ ਪਿਤਾ ਦਾ ਨਾਂ ਤਾਰਾ ਸਿੰਘ ਅਤੇ ਮਾਤਾ ਦਾ ਨਾਂ ਸੁਰਜੀਤ ਕੌਰ ਸੀ। ਮੇਰੀ ਵਿੱਦਿਆ ਮੈਟ੍ਰਿਕ ਤਕ ਹੈ। ਅਸੀਂ ਦੋ ਭਰਾ ਤੇ ਦੋ ਭੈਣਾਂ ਸਾਂ। ਮੈਂ ਜੇਠਾ ਪੁੱਤਰ ਸੀ। ਮੇਰੇ ਬਾਬਾ ਜੀ ਪਹਿਲੀ ਵਿਸ਼ਵ ਜੰਗ ਸਮੇਂ ਫੌਜ ਵਿਚ ਸਨ। ਉਹਨਾਂ ਦੀ ਇਕ ਲੱਤ ਜੰਗ ਸਮੇਂ ਬਰ੍ਹਮਾ ਬਾਰਡਰ 'ਤੇ ਨਕਾਰੀ ਹੋ ਗਈ ਸੀ। ਉਦੋਂ ਰਿਟਾਇਰ ਫੌਜੀਆਂ ਨੂੰ ਬਾਰ ਵਿਚ ਮੁਰੱਬੇ ਮਿਲਦੇ ਸਨ। ਮੇਰੇ ਬਾਬਾ ਜੀ ਨੂੰ ਤਿੰਨ ਪੁਸ਼ਤਾਂ ਤਕ ਪੈਨਸ਼ਨ ਦੀ ਜਾਗੀਰ ਦਿੱਤੀ ਗਈ ਸੀ, ਜੋ ਮੇਰੇ ਤਕ ਆਉਣੀ ਸੀ। 1919 ਨੂੰ ਲੱਗੀ ਪੈਨਸ਼ਨ ਹੁਣ ਤਕ 15 ਰੁਪਏ ਮਹੀਨਾ ਹੀ ਹੈ। ਹੁਣ ਤਾਂ ਇੰਨਾ ਇੱਕ ਚਿੱਠੀ ਲਿਖਣ ਦਾ ਖ਼ਰਚ ਆਉਂਦਾ ਹੈ, ਸੋ ਮੈਂ ਕਲੇਮ ਹੀ ਨਹੀਂ ਕੀਤੀ।

**ਉਂਝ ਤਾਂ ਤੁਸੀਂ ਸੰਤੋਖ ਸਿੰਘ ਦੋਸਾਂਝ ਹੋ। ਸੰਤੋਖ ਸਿੰਘ ਸੰਤੋਖ ਕਦੋਂ ਕੁ ਬਣੇ, ਇਹ**

**ਤਖ਼ੱਲਸ ਤੁਹਾਡੇ ਨਾਂ ਨਾਲ ਕਿਵੇਂ ਜੁੜਿਆ?**

: ਜਦੋਂ ਮੈਂ ਕਵਿਤਾ ਲਿਖਣੀ ਸ਼ੁਰੂ ਕੀਤੀ ਤਾਂ ਤਖੱਲਸ ਰੱਖਣ ਦਾ ਆਮ ਰਿਵਾਜ ਸੀ। ਬਾਕੀਆਂ ਨਾਲ਼ੋਂ ਵੱਖਰਾ ਤੇ ਨਿਆਰਾ ਨਾਂ ਮੈਂ ਜੱਬਲ ਰੱਖਿਆ ਸੀ। ਜਦੋਂ ਮੈਂ ਰਾਮਗੜ੍ਹੀਆ ਕਾਲਿਜ ਵਿਚ ਪ੍ਰਿੰਟਿੰਗ ਦਾ ਕੰਮ ਸਿੱਖਦਾ ਸੀ। ਮੇਰੀ ਕਵਿਤਾ ਅਖ਼ਬਾਰ ਵਿਚ ਛਪੀ ਤਾਂ ਇਕ ਸਟਾਫ ਮੈਂਬਰ ਮੇਰੇ ਪਾਸ ਆਇਆ ਤੇ ਕਹਿਣ ਲੱਗਾ ਤੂੰ ਜੱਬਲ ਏਂ? ਮੇਰੇ ਹਾਂ ਕਹਿਣ 'ਤੇ ਉਹ ਕਹਿਣ ਲੱਗਾ ਅਸੀਂ ਵੀ ਜੱਬਲ ਹਾਂ, ਉਸ ਨੇ ਦੱਸਿਆ ਕਿ ਸਾਡਾ ਗੋਤ ਵੀ ਜੱਬਲ ਹੈ। ਇਹ ਜਾਣਕਾਰੀ ਹੋਣ ਨਾਲਂ ਮੈਂ ਜੱਬਲ ਤੋਂ ਸੰਤੋਖ ਹੋ ਗਿਆ। ਮੈਟ੍ਰਿਕ ਦੇ ਸਰਟੀਫੀਕੇਟ 'ਤੇ ਮੇਰਾ ਨਾਂ ਸੰਤੋਖ ਸਿੰਘ ਦੁਸਾਂਝ ਹੀ ਹੈ।

**ਇੰਗਲੈਂਡ ਆਉਣ ਦਾ ਸਬੱਬ ਕਦੋਂ ਤੇ ਕਿਵੇਂ ਬਣਿਆ? ਸਾਰੇ ਦੁਆਬੀਆਂ ਦੀ ਤਰ੍ਹਾਂ ਰੀਸੋ ਰੀਸੀ ਜਾਂ ਫੇਰ ਵਧੀਆ ਭਵਿੱਖ ਦਾ ਸੋਚ ਕੇ?**

: ਪਹਿਲਾਂ ਦਸਵੀਂ ਪਾਸ ਕਰਕੇ ਟਰਾਈ ਕੀਤੀ ਸੀ।ਮੇਰੇ ਫੁੱਫੜ ਜੀ ਇੰਗਲੈਂਡ ਸਨ। ਮੈਂ ਬਾਹਰ ਜਾਣ ਵਾਸਤੇ ਇਕ ਮਹੀਨਾ ਬੰਬਈ ਰਿਹਾ ਸੀ। ਉੱਥੇ ਇਕ ਬੰਦਾ ਰੁੜਕਾ ਕਲਾਂ ਦਾ ਸੀ, ਜਿਸ ਨੇ ਕੁਝ ਬੰਦੇ ਸਮੁੰਦਰੀ ਜਹਾਜ਼ ਵਿਚ ਭਰਤੀ ਕਰਵਾ ਕੇ ਭੇਜੇ ਸਨ।ਪਰ ਉਸ ਬੰਦੇ ਨੇ ਮੇਰੇ ਫੁੱਫੜ ਤੋਂ ਦੋ ਵਾਰ ਮਨੀਆਡਰ ਰਾਹੀਂ ਮੰਗਵਾਏ ਪੈਸੇ ਖਰਚਣ ਦੇ ਬਾਵਜੂਦ ਮੇਰਾ ਕੰਮ ਨਾ ਕੀਤਾ ਤੇ ਮੈਂ ਵਾਪਸ ਚਲਿਆ ਗਿਆ। ਪਿੰਡ ਪਰਤਣ 'ਤੇ ਮੇਰਾ ਵਿਆਹ ਹੋ ਗਿਆ ਅਤੇ ਦੋ ਬੱਚਿਆਂ ਦਾ ਬਾਪ ਵੀ ਬਣ ਗਿਆ। ਮੁੜ 1962 ਵਿਚ ਮੇਰੇ ਫੁੱਫੜ ਜੀ ਰਾਹੀਂ ਹੀ ਮੇਰਾ ਇੰਗਲੈਂਡ ਆਉਣ ਦਾ ਪ੍ਰਬੰਧ ਹੋ ਗਿਆ।

**ਸੰਤੋਖ ਜੀ, ਸੁਣਿਆ ਤੁਸੀਂ ਪਟਵਾਰ ਦੀ ਸਿੱਖਿਆ ਵੀ ਲਈ ਸੀ ਪਰ ਲੋਕਾਂ ਦੀਆਂ ਜ਼ਮੀਨਾਂ ਮਿਣਨ ਦੀ ਥਾਂ ਤੁਸੀਂ ਕਵਿਤਾ ਦੀ ਜ਼ਰੀਬ ਨਾਲ ਲੋਕ-ਹਿਤੂ ਕੰਮਾਂ ਅਤੇ ਸਥਾਪਤੀ ਵਿਰੋਧੀ ਜ਼ਮੀਨ ਨੂੰ ਮਿਣਦੇ ਆ ਰਹੇ ਹੋ। ਇਹਦੇ ਬਾਰੇ ਕੁਝ ਦੱਸੋ? ਇਹ ਕਿਵੇਂ ਹੋਇਆ?**

: ਹਾਂ ਜੀ, ਉਹ ਗੱਲ ਇਸ ਤਰ੍ਹਾਂ ਸੀ ਕਿ 1957 ਵਿਚ ਕੈਰੋਂ ਸਰਕਾਰ ਸਮੇਂ ਪਟਵਾਰੀਆਂ ਨੇ ਹੜਤਾਲ ਕੀਤੀ ਤਾਂ ਨਵੇਂ ਪਟਵਾਰੀਆਂ ਨੂੰ ਭਰਤੀ ਕਰਕੇ ਟਰੇਨਿੰਗ ਦੇਣੀ ਸ਼ੁਰੂ ਕਰ ਦਿੱਤੀ। ਟਰੇਨਿੰਗ ਮੈਂ ਬਾਬਾ ਬਕਾਲਾ ਦੇ ਪਟਵਾਰੀ ਬਸੰਤ ਸਿੰਘ ਅਤੇ ਆਪਣੇ ਪਿੰਡ ਦੁਸਾਂਝ ਕਲਾਂ ਦੇ ਪਟਵਾਰੀ ਪਾਸੋਂ ਲਈ। ਸਾਡਾ ਇਮਤਿਹਾਨ ਅੰਮ੍ਰਿਤਸਰ ਨਹਿਰੀ ਵਿਭਾਗ ਦੇ ਵੱਡੇ ਦਫਤਰ ਵਿਚ ਸੀ। ਨਹਿਰਾਂ ਦਾ ਐਕਸੀਅਨ ਸਾਡੇ ਪਿੰਡ ਵਿਆਹਿਆ ਹੋਇਆ ਸੀ। ਉਸ ਨੂੰ ਸਿਫਾਰਸ਼ ਕੀਤੀ। ਸਾਡੇ ਪਿੰਡ ਵਾਲਾ ਪਟਵਾਰੀ ਉਸਦੇ ਸਾਲ਼ੇ ਨੂੰ ਲੈ ਕੇ ਮੇਰੇ ਸਾਹਮਣੇ ਇਮਤਿਹਾਨ ਸਮੇਂ ਮਿਲਿਆ। ਇਸ ਤੋਂ ਪਹਿਲਾਂ ਮੈਂ ਬਸੰਤ ਸਿੰਘ ਪਟਵਾਰੀ ਨਾਲ ਗੱਲ ਕੀਤੀ ਤਾਂ ਉਸ ਨੇ ਕਿਹਾ ਸੀ ਕਿ ਦੇਸੀ ਘਿਓ ਦਾ ਇਕ ਪੀਪਾ, ਜੋ ਉਨ੍ਹਾਂ ਵੇਲਿਆਂ ਵਿਚ 88 ਰੁਪਏ ਦਾ ਆਉਂਦਾ ਸੀ, ਦੇ ਦੇ। ਸਿਫਾਰਸ਼ ਦੀ ਕੋਈ ਗਰੰਟੀ ਨਹੀਂ। ਰਿਜ਼ਲਟ ਆਏ ਤਾਂ ਮੈਂ ਫ਼ੇਲ੍ਹ ਸੀ। ਜਦੋਂ ਇਸ ਬਾਰੇ ਐਕਸੀਅਨ ਦੇ ਸਾਲ਼ੇ ਨੂੰ ਪਿੰਡ ਦੇ ਪਟਵਾਰੀ ਨੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਮੈਂ ਕਿਹਾ ਸੀ ਕਿ ਇਸ ਨੂੰ ਫ਼ੇਲ੍ਹ ਕਰਨਾ ਹੈ, ਕਿਉਂਕਿ ਇਹ ਮੈਨੂੰ ਆਪਣੇ ਵਿਆਹ ਸਮੇਂ ਜਨੇਤੇ ਲੈ ਕੇ ਨਹੀਂ ਸੀ ਗਿਆ।

**ਪੰਜਾਬ ਵਿਚ ਰਹਿੰਦਿਆਂ ਫਿਰ ਹੋਰ ਕਿਹੜਾ ਕੰਮ ਕੀਤਾ? ਉਸ ਕੰਮ ਲਈ ਤਾਂ ਘਿਉ ਦੇ ਪੀਪੇ ਦੀ ਲੋੜ ਨਹੀਂ ਪਈ?**

: ਦਸਵੀਂ ਕਰਕੇ ਵਿਹਲੇ ਸੀ, ਇਸ ਸਮੇਂ ਕਪਾਹ ਬੀਜੀ ਸੀ, ਜਿਸ ਨੂੰ ਨਹਿਰ ਦੇ ਪਾਣੀ ਨਾਲ ਪਾਲ਼ਿਆ ਸੀ। ਏਨਾ ਕੁ ਜ਼ਿੰਦਗੀ ਵਿਚ ਖੇਤੀ ਦਾ ਸੁਆਦ ਦੇਖਿਆ। ਕੁਝ ਚਿਰ ਬਿਜਲੀ ਦਾ ਕੰਮ ਕੀਤਾ। ਪਿੰਡ ਵਿਚ ਪਹਿਲੇ ਪੱਕੇ ਘਰਾਂ ਦੀ ਬਿਜਲੀ ਫਿਟਿੰਗ ਦਾ ਕੰਮ ਕੀਤਾ, ਸਮੇਤ ਆਪਣੇ ਘਰ ਦੇ। ਇਸ ਤੋਂ ਬਿਨਾਂ ਕੰਪੋਜ਼ੀਟਰ ਦਾ ਕੰਮ ਰਾਮਗੜ੍ਹੀਆ ਕਾਲਜ ਦੀ ਪ੍ਰਿਟਿੰਗ ਪ੍ਰੈੱਸ ਤੋਂ



ਸਿੱਖਿਆ। ਫ਼ਗਵਾੜੇ ਦੀਆਂ ਸਾਰੀਆਂ ਪ੍ਰੈੱਸਾਂ ਤੇ ਜਲੰਧਰ ਦੀ 'ਅਕਾਲੀ ਪੱਤ੍ਰਕਾ' ਤੋਂ ਬਾਅਦ ਚਾਨਣ ਰਾਮ ਮਾਣਕ ਦੀ ਦੁਆਬਾ ਪ੍ਰੈੱਸ ਵਿਚ ਕੰਮ ਕਰਨ ਤੋਂ ਬਾਅਦਂ ਇੰਗਲੈਂਡ ਆ ਗਿਆ। ਉਦ

**ਲੋਕ-ਹਿਤੂ ਕੰਮਾਂ ਦਾ ਸੁਭਾਅ ਤਾਂ ਘਰੋਂ ਹੀ ਗੁੜ੍ਹਤੀ ਵਿਚ ਮਿਲਿਆ ਤੇ ਇਨਕਲਾਬੀ ਕੰਮਾਂ ਦੀ ਪ੍ਰੇਰਨਾ ਪਿੰਡ ਦੇ ਮਾਹੌਲ ਵਿਚੋਂ ਮਿਲੀ। ਕੀ ਕਵਿਤਾ ਵੀ ਪਿੰਡ ਦੇ ਇਨਕਲਾਬੀਆਂ ਦੇ ਪ੍ਰਭਾਵ ਨਾਲ ਹੀ ਲਿਖਣ ਲੱਗੇ?**

: ਸਾਡੇ ਪਿੰਡ ਪੰਜਾਬੀ ਸਾਹਿਤ ਸਭਾ ਦੁਸਾਂਝ ਕਲਾਂ ਮੇਰੀ ਸੁਰਤ ਤੋਂ ਪਹਿਲਾਂ ਕੰਮ ਕਰਦੀ ਸੀ। ਇਸੇ ਤਰ੍ਹਾਂ ਸਾਡੇ ਸਕੂਲ ਵਿਚ ਵੀ ਹਰ ਸ਼ਨਿੱਚਰਵਾਰ ਨੂੰ ਵਿਦਿਆਰਥੀਆਂ ਦੀ ਸਭਾ ਜੁੜਦੀ ਸੀ। ਕਵਿਤਾ ਲਿਕਯ ਲਈ ਇਹ ਮੁੱਢਲੇ ਪ੍ਰੇਰਨਾ ਸ੍ਰੋਤ ਸੀ। ਇਸੇ ਤਰ੍ਹਾਂ ਸਾਹਿਤ ਸਭਾ ਗੁਰਾਇਆ ਹੋਂਦ ਵਿਚ ਆਈ, ਜਿਸ ਦੀਆਂ ਮੀਟਿੰਗਾਂ ਮਹੀਨੇਵਾਰ ਹੁੰਦੀਆਂ ਸਨ। ਇਸ ਦੇ ਪ੍ਰਧਾਨ ਮੁਣਸ਼ਾ ਸਿੰਘ ਦੁਖੀ, ਮੀਤ ਪ੍ਰਧਾਨ ਗੁਰਦਾਸ ਰਾਮ ਆਲਮ ਅਤੇ ਹੋਰ ਮੈਂਬਰ ਸਰਵਣ ਸਿੰਘ ਅਮੋਲਕ, ਓਮ ਪ੍ਰਕਾਸ਼ ਜੋਸ਼, ਨਾਜ਼ਰ ਸਿੰਘ ਤਰਸ, ਕਸ਼ਮੀਰਾ ਸਿੰਘ ਮਾਹੀ, ਗੁਰਮੀਤ ਸਿੰਘ ਸਾਥੀ, ਰਤਨ ਰੀਹਲ, ਅਵਤਾਰ ਜੰਡਿਆਲਵੀ, ਗੁਰਮੇਲ ਰਾਹੀ (ਜੋ ਅੱਜ ਕੱਲ੍ਹ ਅਮਰੀਕਾ ਰਹਿੰਦਾ ਹੈ ਤੇ ਗੁਰੂਮੇਲ ਲਿਖਦਾ ਹੈ) ਹੁੰਦੇ ਸਨ। ਕਈ ਵੇਰ ਕਵੀਆਂ ਦੀ ਗਿਣਤੀ ਤੀਹ ਤੋਂ ਵੱਧ ਹੋ ਜਾਂਦੀ ਸੀ। ਇਸ ਸਭਾ ਨੇ ਵੀ ਮੈਨੂੰ ਕਵਿਤਾ ਲਿਖਣ ਲਈ ਉਤਸ਼ਾਹਤ ਕੀਤਾ।

**ਤੁਸੀਂ ਡਾ. ਜਗਤਾਰ ਦੇ ਬਹੁਤ ਨੇੜੇ ਰਹੇ ਹੋ। ਉਨ੍ਹਾਂ ਨਾਲ ਸਾਂਝ ਗੁਰਾਇਆ ਵਿਖੇ ਸਾਹਿਤਕ ਮਿਲਣੀਆਂ ਸਮੇਂ ਹੋਈ ਜਾਂ ਅੱਗੇ ਪਿੱਛੇ। ਡਾ. ਜਗਤਾਰ ਬਾਰੇ ਤੇ ਉਨ੍ਹਾਂ ਨਾਲ ਆਪਣੀ ਸਾਂਝ ਬਾਰੇ ਕੁਝ ਦੱਸੋ?**

: ਡਾ. ਜਗਤਾਰ ਨਾਲ ਸਾਂਝ ਬਹੁਤ ਮਗਰੋਂ ਪਈ, ਜਦੋਂ ਮੈਂ ਇੰਗਲੈਂਡ ਪਹੁੰਚ ਚੁੱਕਿਆ ਸੀ। ਗੱਲ ਇਸ ਤਰ੍ਹਾਂ ਹੈ ਕਿ ਕਰਤਾਰ ਸਿੰਘ ਬਲੱਗਣ ਅਮ੍ਰਿਤਸਰ ਤੋਂ 'ਕਵਿਤਾ' ਰਿਸਾਲਾ ਕੱਢਦਾ ਸੀ। 1964 ਦਾ ਸਾਲਾਨਾ ਅੰਕ ਡਾ. ਜਗਤਾਰ ਨੇ ਸੰਪਾਦਤ ਕੀਤਾ। ਉਸ ਦੀ ਮੰਗ 'ਤੇ ਮੈਂ ਆਪਣੀ ਕਵਿਤਾ ਭੇਜੀ ਤਾਂ ਉਸ ਦਾ ਉੱਤਰ ਆਇਆ ਕਿ ਲੰਡਨ ਦੀ ਸਭਾ ਦੇ ਦੂਜੇ ਮੈਂਬਰਾਂ ਦੀਆਂ ਰਚਨਾਵਾਂ ਵੀ ਭੇਜਾਂ ਅਤੇ ਈਸ਼ਵਰ ਚਿਤ੍ਰਕਾਰ ਨਾਲ ਇੰਟਰਵਿਊ ਕਰਕੇ ਭੇਜਾਂ। ਓਦੋਂ ਪੰਜਾਬੀ ਸਾਹਿਤ ਸਭਾ ਲੰਡਨ ਦੇ ਈਸ਼ਵਰ ਚਿਤ੍ਰਕਾਰ ਪ੍ਰਧਾਨ ਅਤੇ ਮੈਂ ਜਨਰਲ ਸਕੱਤਰ ਸੀ। ਉਸ ਅੰਕ ਵਿਚ ਸਾਡੀਆਂ ਕਵਿਤਾਵਾਂ ਤੋਂ ਬਿਨਾਂ ਸਾਡੀ ਪ੍ਰਸ਼ਨੋਤਰੀ ਵੀ ਛਪੀ। 'ਕਵਿਤਾ' ਰਿਸਾਲੇ ਦੇ ਉਸ ਅੰਕ ਵਿਚ ਬਾਵਾ ਬਲਵੰਤ, ਪ੍ਰੋਫੈਸਰ ਮੋਹਨ ਸਿੰਘ, ਡਾਕਟਰ ਹਰਿਭਜਨ ਸਿੰਘ ਵਰਗੇ ਉਸ ਸਮੇਂ ਦੇ ਵੱਡੇ ਕਵੀਆਂ ਦੀਆਂ ਰਚਨਾਵਾਂ ਛਪੀਆਂ। ਇਹ ਸਾਡੀ ਦੋਸਤੀ ਦੀ ਸ਼ੁਰੂਆਤ ਸੀ। ਜਦੋਂ ਮੈਂ ਇੰਗਲੈਂਡ ਤੋਂ ਪਹਿਲੀ ਵਾਰ ਭਾਰਤ ਗਿਆ ਤਾਂ ਬੰਗਲਾ ਦੇਸ਼ ਵਾਲੀ ਜੰਗ ਦਾ ਸਮਾਂ ਸੀ ਤੇ ਜਗਤਾਰ ਕੁਲਾਰਾਂ ਦੇ ਸਕੂਲ ਵਿਚ ਪੜ੍ਹਾਉਂਦਾ ਸੀ। ਉੱਥੇ ਉਸ ਨੇ ਕਵੀ ਦਰਬਾਰ ਕਰਵਾਇਆ, ਜਿਸ ਵਿਚ ਮੈਂ ਭਾਗ ਲਿਆ। ਇਹ ਜਗਤਾਰ ਨੂੰ ਮਿਲਣ ਦਾ ਮੇਰਾ ਪਹਿਲਾ ਮੌਕਾ ਸੀ। ਇਸ ਬਾਰੇ ਮੈਂ ਵਿਸਥਾਰ ਨਾਲ ਇਕ ਲੇਖ ਲਿਖਿਆ ਜੋ 'ਆਰਸੀ' ਵਿਚ ਛਪਿਆ ਸੀ।

**ਤੁਸੀਂ ਸੱਤਰਾਂ ਵਰ੍ਹਿਆਂ ਤੋਂ ਉਪਰ ਦਾ ਪੈਂਡਾ ਤੈਅ ਕਰ ਚੁੱਕੇ ਹੋ। ਬਚਪਨ ਦਾ ਬਾਦਸ਼ਾਹੀ ਸਮਾਂ ਤਾਂ ਬਹੁਤ ਪਿੱਛੇ ਰਹਿ ਗਿਆ। ਪਰ ਉਨ੍ਹਾਂ ਵੇਲ਼ਿਆਂ ਦੀ ਕੋਈ ਦਿਲਚਸਪ ਯਾਦ ਸਾਂਝੀ ਕਰੋਗੇ?**

: ਯਾਦਾਂ ਤਾਂ ਬਹੁਤ ਹਨ, ਇਕ ਹਾਸੇ ਵਾਲ਼ੀ ਯਾਦ ਮੈਂ ਤੁਹਾਡੇ ਨਾਲ ਸਾਂਝੀ ਕਰਦਾਂ ਹਾਂ। ਪਹਿਲੀਆਂ ਚਾਰ ਜਮਾਤਾਂ ਦੀ ਪੜ੍ਹਾਈ ਉਰਦੂ ਵਿਚ ਹੋਈ। ਉਦੋਂ ਮਾਸਟਰ ਨੂੰ ਮੁਣਸ਼ੀ ਜੀ ਕਿਹਾ ਜਾਂਦਾ ਸੀ। ਸਾਡਾ ਮੁਣਸ਼ੀ ਇਕ ਲੱਤੋਂ ਲੰਗੜਾਉਂਦਾ ਸੀ। ਉਹ ਕੁੱਲਾ ਰੱਖਕੇ, ਲੜ ਛੱਡਕੇ ਚਿੱਟੀ ਪੱਗ ਬੰਨ੍ਹਦਾ ਹੁੰਦਾ ਸੀ। ਉਹ ਪਿੰਡ ਲਾਦੀਆਂ ਤੋਂ ਘੋੜੀ 'ਤੇ ਆਉਂਦਾ ਸੀ। ਜਮਾਤ ਵਿਚ ਪੜ੍ਹਾਉਣ

ਸਮੇਂ ਵੀ ਉਹ ਹੁੱਕਾ ਪੀਂਦਾ ਹੁੰਦਾ ਸੀ। ਮੇਰਾ ਇਕ ਜਮਾਤੀ ਧੀਰਜ ਸਿੰਘ ਕਾਫੀ ਸ਼ਰਾਰਤੀ ਸੀ। ਇਕ ਦਿਨ ਉਸ ਨੇ ਨਿਸ਼ਾਨਾ ਬੰਨ੍ਹ ਕੇ ਮੁਨਸ਼ੀ ਦੀ ਚਿਲਮ ਵਿਚ ਰੋੜਾ ਮਾਰਿਆ। ਚਿਲਮ ਟੁੱਟ ਗਈ ਅਤੇ ਧੀਰਜ ਘਰ ਨੂੰ ਦੌੜ ਗਿਆ। ਮੁਨਸ਼ੀ ਨੇ ਉਹਨਾਂ ਦੇ ਘਰ ਸੁਨੇਹਾ ਭੇਜਿਆ ਤਾਂ ਉਸ ਦਾ ਬਾਪ ਆਇਆ। ਜਦੋਂ ਉਸ ਨੂੰ ਸ਼ਰਾਰਤ ਦਾ ਪਤਾ ਚੱਲਿਆ ਤਾਂ ਧੀਰਜ ਨੂੰ ਕਾਫੀ ਕੁੱਟ ਪਈ। ਆਪਣੇ ਪੰਜਾਬ ਵਿਚ ਸਵਾਰੀਆਂ ਲਈ ਜਦੋਂ ਟੈਂਪੂ ਸ਼ੁਰੂ ਹੋਏ ਤਾਂ ਧੀਰਜ ਸਿੰਘ ਦੁਸਾਂਝ ਕਲਾਂ ਤੋਂ ਫ਼ਗਵਾੜੇ ਨੂੰ ਟੈਂਪੂ ਚਲਾਇਆ ਕਰਦਾ ਸੀ।

**ਸੰਤੋਖ ਜੀ, ਤੁਸੀਂ ਜ਼ਿਕਰ ਕੀਤਾ ਕਿ ਤੁਹਾਡਾ ਵਿਆਹ ਛੇਤੀ ਹੀ ਹੋ ਗਿਆ ਸੀ। ਇਸ ਬਾਰੇ ਕੁਝ ਹੋਰ ਦੱਸੋ। ਸੁਪਤਨੀ ਨੂੰ ਖੱਬੇ ਪੱਖੀ ਵਿਚਾਰਧਾਰਾ ਵਾਲੇ ਸੰਤੋਖ ਸਿੰਘ ਨਾਲ ਜਾਂ ਤੁਹਾਨੂੰ ਉਸ ਨਾਲ ਵਿਹਾਰਕ ਤੌਰ'ਤੇ ਕੋਈ ਮੁਸ਼ਕਲ ਆਈ? ਕਿਵੇਂ ਨਿਭਿਆ ਦੰਪਤੀ ਜੀਵਨ?**

: ਮੇਰਾ ਵਿਆਹ ਬਦੇਸ਼ ਜਾਣ ਦੀ ਪਹਿਲੀ ਅਸਫਲ ਕੋਸ਼ਿਸ਼ ਮਗਰੋਂ ਬੰਬਈ ਤੋਂ ਵਾਪਸ ਆਪਣੇ ਪਿੰਡ ਆਉਣ 'ਤੇ ਹੋਇਆ, ਜਦੋਂ ਮੈਂ ਪਟਵਾਰ ਦੀ ਟਰੇਨਿੰਗ ਲੈ ਰਿਹਾ ਸਾਂ। ਇਹ ਅਰੇਂਜਡ ਵਿਆਹ ਸੀ। ਉਹਨਾਂ ਵੇਲ਼ਿਆਂ ਵਿਚ ਦੱਸ ਪੁੱਛ ਵਿਚੋਲੇ ਰਾਹੀਂ ਹੁੰਦੀ ਸੀ। ਜਨੇਤ ਗੱਡੇ, ਗੱਡੀਆਂ ਉੱਤੇ ਗਈ ਸੀ। ਇਕ ਰਾਤ ਬੁੰਡਾਲੇ ਰਹੇ ਸੀ। ਮੇਰੇ ਵੱਡੇ ਦੋਵੇਂ ਲੜਕੇ ਭਾਰਤ ਵਿਚ ਹੀ ਪੈਦਾ ਹੋਏ ਸਨ। ਮੇਰੀ ਪਤਨੀ ਆਪਣੇ ਨਾਨਕੇ ਪਿੰਡ ਜੰਡਿਆਲ਼ੇ ਪਲੀ ਤੇ ਪੜ੍ਹੀ ਸੀ। ਉਹਦੇ ਪੰਜ ਮਾਮੇ ਸਨ, ਜਿਹਨਾਂ ਵਿਚੋਂ ਇਕ ਪਿਆਰਾ ਸਿੰਘ ਸਾਥੀ ਕਮਿਉਨਿਸਟ ਸੀ, ਜੋ ਇਕ ਸਮੇਂ ਜੰਡਿਆਲਾ ਯੂਨਿਟ ਦਾ ਸਕੱਤਰ ਵੀ ਰਿਹਾ ਸੀ। ਇਸ ਲਈ ਪਤਨੀ ਪਹਿਲਾਂ ਹੀ ਇਸ ਮਾਹੌਲ ਵਿਚ ਪਲ਼ੀ ਹੋਣ ਕਰਕੇ ਉਸ ਦਾ ਸਹਿਯੋਗ ਚੰਗਾ ਰਿਹਾ, ਵਿਚਾਰਧਾਰਕ ਤੌਰ 'ਤੇ ਕੋਈ ਮੁਸ਼ਕਲ ਨਹੀਂ ਆਈ।

**ਤੁਸੀਂ ਬਹੁਤ ਸਮਾਂ ਪਹਿਲਾਂ ਇੰਗਲੈਂਡ ਆ ਗਏ ਸੀ। ਤੁਹਾਡੇ ਵਾਂਗ ਬਹੁਤ ਸਾਰੇ ਹੋਰ ਪੰਜਾਬੀ ਵੀ ਉਦੋਂ ਕੁ ਹੀ ਇੰਗਲੈਂਡ ਆਏ। ਉਹਨਾਂ ਤੋਂ ਇਹ ਪਤਾ ਲੱਗਦਾ ਹੈ ਕਿ ਨਸਲੀ ਵਿਤਕਰਾ ਉਦੋਂ ਬਹੁਤ ਜ਼ੋਰਾਂ 'ਤੇ ਸੀ। ਤੁਹਾਡਾ ਉਹਨਾਂ ਵੇਲ਼ਿਆਂ ਬਾਰੇ ਕੀ ਅਨੁਭਵ ਹੈ?**

: ਨਸਲੀ ਵਿਤਕਰਾ ਥੋੜ੍ਹਾ ਬਾਹਲ਼ਾ ਹਮੇਸ਼ਾ ਰਿਹਾ ਹੈ। ਇਸੇ ਲਈ ਇਸ ਨੂੰ ਇੰਨਸਟੀਟੂਸ਼ਨਲਾਈਜ਼ਡ ਕਿਹਾ ਜਾਂਦਾ ਹੈ। ਉਦੋਂ ਸਾਡੇ ਆਪਣੇ ਬੰਦਿਆਂ ਵਿਚ ਮੋਹ ਵੀ ਬਹੁਤ ਸੀ। ਨਵੇਂ ਆਏ ਬੰਦੇ ਤੋਂ ਕਰਾਇਆ ਨਾ ਲੈਣਾ, ਸ਼ਾਮ ਨੂੰ ਪੱਬ ਵਿਚ ਲਿਜਾਕੇ ਬੀਅਰ ਪਿਲਾਉਣੀ, ਉਸ ਲਈ ਕੰਮ ਟੋਲਣ ਦੀ ਮਦਦ ਕਰਨੀ। ਇੰਗਲੈਂਡ ਵਿਚ ਮੈਨੂੰ ਪਹਿਲੇ ਦੋ ਕੰਮ ਸਾਡੇ ਪਿੰਡ ਦੇ ਬੰਦਿਆਂ ਨੇ ਲੱਭ ਕੇ ਦਿੱਤੇ। ਨਸਲੀ ਵਿਤਕਰੇ ਨੂੰ ਜੇ ਤੁਸੀਂ ਭਾਰਤ ਦੀ ਸਥਿਤੀ ਵਿਚ ਰੱਖ ਕੇ ਦੇਖੋ ਤਾਂ ਪਤਾ ਚਲਦਾ ਹੈ, ਇਸ ਤੋਂ ਕਿਤੇ ਵੱਧ ਵਿਤਕਰਾ ਅਸੀਂ ਆਪਣੇ ਲੋਕਾਂ ਨਾਲ ਕਰਦੇ ਹਾਂ।

**ਸੰਤੋਖ ਜੀ, ਜਦੋਂ ਤੁਸੀਂ ਇੰਗਲੈਂਡ ਆਏ ਸੱਠਵਿਆਂ ਵਿਚ, ਕੀ ਉਦੋਂ ਉੱਥੇ ਪੰਜਾਬੀ ਜ਼ੁਬਾਨ ਜਾਂ ਸਾਹਿਤ ਨਾਲ ਜੁੜੇ ਲੋਕ ਮੌਜੂਦ ਸੀ। ਉਹਨਾਂ ਬਾਰੇ ਕੋਈ ਜਾਣਕਾਰੀ ?**

: ਹਾਂ ਜੀ, ਕੁਝ ਸਟੇਜੀ ਕਵੀ ਸਿੰਗਾਪੁਰ ਤੋਂ ਆਏ ਹੋਏ ਸਨ। ਈਸ਼ਵਰ ਚਿੱਤ੍ਰਕਾਰ ਤੇ ਨਾਵਲਕਾਰ ਕੇਸਰ ਸਿੰਘ ਇੱਥੇ ਆਏ ਹੋਏ ਸੀ। ਹਰਨਾਮ ਸਿੰਘ ਸ਼ਾਨ ਸੱਸੀ ਦੀ ਭਾਲ ਵਿਚ (ਪੀਐੱਚ-ਡੀ) ਕਰਨ ਆਇਆ ਲੰਡਨ ਦੇ ਗੁਰਦੁਆਰੇ ਠਹਿਰਿਆ ਹੋਇਆ ਸੀ।

**ਤੁਸੀਂ ਕਵੀ ਹੋਣ ਦੇ ਨਾਲ ਨਾਲ ਟਰੇਡ ਯੂਨੀਅਨ ਦੇ ਸਰਗਰਮ ਮੈਂਬਰ ਦੇ ਤੌਰ 'ਤੇ ਵਿਚਰੇ ਹੋ। ਤੁਸੀਂ ਕਮਿਊਨਿਸਟ ਪਾਰਟੀ ਦੇ ਮੈਂਬਰ ਵੀ ਹੋ। ਦੋਵੇਂ ਪਾਸੇ ਤੁਸੀਂ ਪਲੜਾ ਸਾਵਾਂ ਕਿਵੇਂ ਰੱਖਿਆ? ਤੁਹਾਡੀ ਪਹਿਲ ਕੀ ਹੈ, ਟਰੇਡ-ਯੂਨੀਅਨ ਜਾਂ ਸ਼ਾਇਰੀ?**

: ਢਾਅ ਜੀ, ਮੇਰਾ ਕੰਮ ਕਵੀ ਦੇ ਤੌਰ 'ਤੇ ਸ਼ੌਕੀਆ ਰਿਹਾ ਹੈ। ਮੈਂ ਨਿਰੋਲ ਕਵੀ ਵਜੋਂ ਨਹੀਂ



ਸੀ ਜੀਅ ਸਕਦਾ। ਇਸ ਲਈ ਕੋਈ ਕੰਮ ਕਰਨਾ ਜ਼ਰੂਰੀ ਸੀ। ਸੁਚੇਤ ਕਾਮੇ ਵਜੋਂ ਟਰੇਡ ਯੂਨੀਅਨ ਦਾ ਮੈਂਬਰ ਬਣਿਆ।ਵੈਸੇ ਵੀ ਪ੍ਰਿੰਟਿੰਗ ਦੇ ਕੰਮ ਵਿਚ (ਕਲੋਜ਼ ਸ਼ਾਪ) ਯੂਨੀਅਨ ਦਾ ਮੈਂਬਰ ਹੋਣਾ ਜ਼ਰੂਰੀ ਸੀ। ਕਮਿਉਨਿਸਟ ਹੋਣ ਦਾ ਮਤਲਬ ਹੈ ਕਿ ਤੁਸੀਂ ਕਿਸੇ ਨਾ ਕਿਸੇ ਰੂਪ ਵਿਚ ਲੋਕ ਜਥੇਬੰਦੀ ਵਿਚ ਸਰਗਰਮ ਹੋਵੋ। ਮੈਂ 1968 ਵਿਚ ਕਮਿਉਨਿਸਟ ਮੈਂਬਰ ਬਣਿਆ। ਇਸ ਤੋਂ ਬਾਅਦ 1974 ਵਿਚ ਆਪਣੇ ਸ਼ਹਿਰ ਵਿਚ ਭਾਰਤੀ ਮਜ਼ਦੂਰ ਸਭਾ ਦੀ ਬਰਾਂਚ ਬਣਾਈ। ਉਤੋਂ ਤੋਂ ਲੈ ਕੇ ਹੁਣ ਤਕ ਮੈਂ ਸਰਗਰਮੀ ਨਾਲ ਟਰੇਡ ਯੂਨੀਅਨ ਅਤੇ ਭਾਰਤੀ ਮਜ਼ਦੂਰ ਸਭਾ ਵਿਚ ਪ੍ਰਧਾਨ ਤੇ ਜਨਰਲ ਸਕੱਤਰ ਦੇ ਅਹੁਦਿਆਂ 'ਤੇ ਰਹਿ ਕੇ ਅਤੇ ਅਹੁਦਿਆਂ ਤੋਂ ਬਿਨਾਂ ਵੀ ਲਗਾਤਾਰ ਕੰਮ ਕੀਤਾ ਹੈ।ਮੈਨੂੰ ਮਾਣ ਹੈ ਕਿ ਮੇਰੀ ਪਾਰਟੀ ਮੈਂਬਰਸ਼ਿਪ ਬਾਕੀ ਸਭ ਤੋਂ ਪਹਿਲਾਂ ਦੀ ਹੈ।

**ਤੁਸੀਂ ਇੰਗਲੈਂਡ ਆ ਕੇ ਹੋਰ ਵੱਖ ਵੱਖ ਕੰਮ ਕਾਰ ਵੀ ਕੀਤੇ ਪਰ ਬਹੁਤਾ ਸਮਾਂ ਪ੍ਰੈੱਸ ਦਾ ਕੰਮ ਕੀਤਾ। ਇਸ ਕੰਮ ਦਾ ਅਨੁਭਵ ਕਿਸ ਤਰ੍ਹਾਂ ਦਾ ਰਿਹਾ, ਖ਼ਾਸ ਕਰਕੇ ਪੰਜਾਬੀ ਪ੍ਰੈੱਸ ਦਾ ਇੰਗਲੈਂਡ ਵਿਚ ਹੁਣ ਤਕ ਕਿਹੋ ਜਿਹਾ ਤਜਰਬਾ ਰਿਹਾ?**

: ਇੰਗਲੈਂਡ ਆ ਕੇ ਪ੍ਰੈੱਸ ਤੋਂ ਪਹਿਲਾਂ ਜਿਹੜੇ ਕੰਮ ਕੀਤੇ ਉਹਨਾਂ ਵਿਚੋਂ ਇਕ ਤਾਂ ਚਾਕਲਿਟਾਂ ਦੀ ਫੈਕਟਰੀ ਵਿਚ ਸਿਰਫ਼ ਅੱਠ ਹਫਤੇ ਕੰਮ ਕੀਤਾ ਜੋ ਕ੍ਰਿਸਮਿਸ ਦੇ ਤਿਉਹਾਰ ਦੀ ਤਿਆਰੀ ਲਈ ਥੋੜ੍ਹੇ ਸਮੇਂ ਲਈ ਮਿਲਿਆ ਸੀ। ਉਸ ਤੋਂ ਬਾਅਦ ਮੈਨੂੰ ਸਾਡੇ ਪਿੰਡ ਦਾ ਮੋਟਰ-ਮਕੈਨਿਕ ਈਸਟ ਲੰਡਨ ਲੈ ਗਿਆ, ਜਿੱਥੇ ਉਸ ਨੇ ਅਪਣੇ ਹੈਲਪਰ ਵਜੋਂ ਕੰਮ 'ਤੇ ਰੱਖਵਾ ਲਿਆ। ਇਹ ਬੀਅਰ ਦੀ ਬਰੂਰੀ ਸੀ। ਉਸਨੇ ਉੱਥੋਂ ਕੰਮ ਛੱਡਿਆ ਤਾਂ ਨਾਲ ਹੀ ਮੈਂ ਵੀ ਛੱਡ ਦਿੱਤਾ। ਫੇਰ ਉਹਨੇ ਮੈਨੂੰ ਇਕ ਪੈਟਰੋਲ ਪੰਪ 'ਤੇ ਐਟੈਂਡੈਂਟ ਰੱਖਵਾ ਦਿੱਤਾ। ਛੇ ਮਹੀਨੇ ਬਾਅਦ ਮੈਂ ਇਹ ਕੰਮ ਛੱਡ ਦਿੱਤਾ। ਉਸ ਤੋਂ ਬਾਅਦ ਮੈਂ ਛੇ ਮਹੀਨੇ ਲਈ ਰੈਡਿੰਗ ਵਿਖੇ ਗੱਤੇ ਦੇ ਬਕਸੇ ਬਣਾਉਣ ਦਾ ਕੰਮ ਕੀਤਾ। ਇਹ ਬਾਰਾਂ ਘੰਟੇ ਦਿਨ ਤੇ ਬਾਰਾਂ ਘੰਟੇ ਰਾਤ ਦੀਆਂ ਸ਼ਿਫਟਾਂ ਸਨ। ਇੱਥੋਂ ਮੈਂ ਮੁੜ ਸਾਊਥਾਲ ਆ ਕੇ ਏਅਰਪੋਰਟ ਦੇ ਲਾਗੇ ਕਾਰਾਂ ਦੇ ਪੁਰਜ਼ੇ ਬਣਾਉਣ ਦੀ ਫ਼ੈਕਟਰੀ ਵਿਚ ਸਟੋਰਮੈਨ ਦੀ ਨੌਕਰੀ ਕਰ ਲਈ। ਇੱਥੋਂ ਬੇਕਰੀ ਦੀ ਨੌਕਰੀ ਗਰੀਨਫ਼ੋਰਡ ਵਿਚ ਜਾ ਲੱਗਾ। 1964 ਵਿਚ 'ਪੰਜਾਬ ਟਾਈਮਜ਼' ਹਫਤੇਵਾਰ ਅਖ਼ਬਾਰ ਨਿਕਲਿਆ, ਜਿਸ ਵਿਚ ਮੈਂ ਕੰਪੋਜ਼ੀਟਰ ਦਾ ਕੰਮ ਕੀਤਾ। ਛੇ ਮਹੀਨੇ ਬਾਅਦ ਰੈਡਿੰਗ ਇੰਪਲਾਇਮੈਂਟ ਵਾਲਿਆਂ ਰਾਹੀਂ ਅੰਗਰੇਜ਼ੀ ਦੇ ਪ੍ਰੈੱਸ ਵਿੱਚ ਨੌਕਰੀ ਮਿਲ ਗਈ। ਮੈਂ 28 ਸਾਲ ਤਕ ਇਹ ਨੌਕਰੀ ਕੀਤੀ ਅਤੇ ਇੱਥੋਂ ਹੀ ਰਿਟਾਇਰ ਹੋਇਆ। 'ਦੇਸ਼ ਪ੍ਰਦੇਸ' 'ਪੰਜਾਬ ਟਾਇਮਜ਼' ਤੋਂ ਛੇ ਮਹੀਨੇ ਪਹਿਲਾਂ ਸ਼ੁਰੂ ਹੋਇਆ। ਇਹ ਦੋਵੇਂ ਪਰਚੇ ਅੱਜ ਤਕ ਹਫਤਾਵਾਰ ਛਪ ਰਹੇ ਹਨ।

**ਸੰਤੋਖ ਜੀ, ਆਪਣੀ ਰਚਨਾਤਮਕ ਪ੍ਰਾਪਤੀ ਦਾ ਵੇਰਵਾ ਦਿਉ। ਮੈਨੂੰ ਪਤਾ ਲੱਗਾ ਕਿ ਤੁਸੀਂ ਕੁਝ ਲੇਖਕਾਂ ਦੇ ਰੇਖਾ-ਚਿੱਤਰ ਵੀ ਲਿਖੇ ਹਨ ,ਜਦਕਿ ਆਮ ਪ੍ਰਭਾਵ ਤੁਹਾਡ ਇਕ ਸ਼ਾਇਰ ਹੋਣ ਦਾ ਹੀ ਹੈ?**

: 'ਉੱਜਲੇ ਹਨੇਰੇ' 1968, 'ਰੰਗ ਰੂਪ' 1972, 'ਲਾਲ ਸ਼ੇਰ ਵਾਲਾ ਚੌਕ' 1978, 'ਯੋਧਾ' 1987, 'ਪੈਰਿਸ ਦੀ ਪਿਆਸ' 1998, 'ਇਹ ਦਿਨ' 2012 ਮੇਰੇ ਛੇ ਕਾਵਿ ਸੰਗ੍ਰਿਹ ਛਪੇ ਹਨ। 'ਈਸ਼ਵਰ ਦੇ ਖਤ' 1987, 'ਰੱਤਕਾਂ ਦੇ ਮੂੰਹ ਕਾਲੇ' (ਰੇਖਾ-ਚਿੱਤਰ) ਵਾਰਤਕ ਦੀਆਂ ਕਿਤਾਬਾਂ ਹਨ। 'ਲਹੂ ਦੇ ਨਕਸ਼' ਡਾਕਟਰ ਜਗਤਾਰ ਅਤੇ 'ਤੰਨ ਤੰਬੂਰ' ਅਹਿਮਦ ਸਲੀਮ ਦੇ ਕਾਵਿ ਸੰਗ੍ਰਿਹ ਸੰਪਾਦਤ ਕੀਤੇ ਹਨ। 'ਪੈਰਿਸ ਦੀ ਪਿਆਸ' ਅਤੇ 'ਰੱਤਕਾਂ ਦੇ ਮੂੰਹ ਕਾਲੇ' ਸ਼ਾਹਮੁਖੀ ਵਿਚ ਲਾਹੌਰ ਤੋਂ ਵੀ ਛਪੇ ਹਨ। ਰੇਖਾ-ਚਿੱਤਰ ਇੰਗਲੈਂਡ ਦੇ ਲੇਖਕਾਂ ਬਾਰੇ ਹੀ ਹਨ। ਭਾਰਤ ਦੇ ਸਮਕਾਲੀ ਲੇਖਕਾਂ ਬਾਰੇ ਵੀ ਇਕ ਕਿਤਾਬ ਤਿਆਰ ਹੈ।

**ਜਦੋਂ ਤੁਸੀਂ ਪਹਿਲੀ ਕਿਤਾਬ ਛਪਵਾਈ, ਉਸ ਵਿਚਲੀਆਂ ਕਵਿਤਾਵਾਂ ਤੁਸੀਂ ਇੰਗਲੈਂਡ**

**ਵਿਚ ਹੀ ਲਿਖੀਆਂ ਸਨ ਜਾਂ ਉਸਤੋਂ ਪਹਿਲਾਂ ਇੰਡੀਆ ਹੁੰਦਿਆਂ ਦੀਆਂ ਵੀ ਸਨ?**

: 'ਉੱਜਲੇ ਹਨੇਰੇ' ਸਾਰੀ ਕਵਿਤਾ ਇੰਗਲੈਂਡ ਵਿਚ ਹੀ ਲਿਖੀ ਸੀ। ਦੂਜੀਆਂ ਕਿਤਾਬਾਂ ਵਿਚ ਇੰਗਲੈਂਡ ਆ ਕੇ ਕੁਝ ਕਵਿਤਾਵਾਂ ਦੁਬਾਰਾ ਸੋਧ ਕੇ ਦਿੱਤੀਆਂ ਸਨ।

**ਕਵਿਤਾ ਲਿਖਣ ਲਈ ਕਿਹੋ ਜਿਹੇ ਪਲ ਸਹਾਈ ਹੁੰਦੇ ਹਨ? ਇਕੱਲਤਾ, ਸ਼ਾਂਤ ਵਾਤਾਵਰਨ ਜਾਂ ਕਿਸੇ ਵੀ ਪਲ ਕਵਿਤਾ ਲਿਖ ਲੈਂਦੇ ਹੋ?**

: ਕਵਿਤਾ ਲਿਖਣ ਲਈ ਕੋਈ ਸਮਾਂ ਵੀ ਹੋ ਸਕਦਾ ਹੈ। ਸਾਇਕਲ ਚਲਾਉਂਦਿਆਂ, ਬੱਸ ਵਿਚ, ਰੇਲ ਵਿਚ ਜਾਂ ਰਾਤ ਦੇ ਕਿਸੇ ਵੀ ਸਮੇਂ ਲਿਖੀ ਜਾਂਦੀ ਹੈ। ਮੈਨੂੰ ਵਾਰਤਕ ਲਿਖਣ ਲਈ ਇਕੱਲਤਾ ਤੇ ਖੁੱਲ੍ਹਾ ਸਮਾਂ ਚਾਹੀਦਾ ਹੈ।

**ਕਵਿਤਾ ਵਿਚ ਕੀ ਮੁੱਖ ਰੱਖਦੇ ਹੋ। ਵਿਚਾਰਧਾਰਾ, ਪਾਠਕ, ਸਮੱਸਿਆ ਜਾਂ ਕੁਝ ਹੋਰ ?**

: ਕਵਿਤਾ ਆਪਣਾ ਵਿਸ਼ਾ ਅਤੇ ਵਰਤਾਰਾ ਆਪ ਲੈ ਕੇ ਆਉਂਦੀ ਹੈ ਤੇ ਲਿਖੀ ਜਾਂਦੀ ਹੈ। ਬਾਅਦ ਵਿਚ ਇਸ ਨੂੰ ਸੋਧਦਿਆਂ ਵਿਚਾਰਧਾਰਾ ਅਤੇ ਪਾਠਕਾਂ ਦਾ ਖ਼ਿਆਲ ਆਉਂਦਾ ਹੈ। ਸਮੱਸਿਆ ਵਾਲੀਆਂ ਕਵਿਤਾਵਾਂ ਵਿਸ਼ੇ ਨੂੰ ਮੁੱਖ ਰੱਖ ਕੇ ਲਿਖੀਆਂ ਜਾਂਦੀਆਂ ਹਨ।

**ਤੁਹਾਡੀ ਇਕ ਕਵਿਤਾ 'ਕੰਪੋਜ਼ੀਟਰ' ਦਾ ਬਹੁਤ ਚਰਚਾ ਹੋਇਆ। ਇਹ ਕਵਿਤਾ ਲਿਖਣ ਦਾ ਕਦੋਂ ਤੇ ਕਿਵੇਂ ਸਬੱਬ ਬਣਿਆ?**

: ਇਹ ਵੀਅਤਨਾਮ ਦੀ ਜੰਗ ਸਮੇਂ ਰੈਡਿੰਗ ਦੇ ਈਸਟਰਨ ਪ੍ਰੈੱਸ ਵਿਚ ਕੰਮ ਕਰਦਿਆਂ ਲਿਖੀ ਗਈ ਸੀ। ਇਹ ਮੇਰੀ ਪਹਿਲੀ ਕਿਤਾਬ ਵਿਚ ਹੈ। ਜਦੋਂ ਇੰਦਰਾ ਗਾਂਧੀ ਨੇ ਐਮਰਜੈਂਸੀ ਲਗਾਈ ਤਾਂ ਇਹ ਕਵਿਤਾ ਬਹੁਤ ਵਾਰ ਛਪੀ। ਕਿਉਂਕਿ ਛਪੀ ਕਿਤਾਬ ਵਿਚੋਂ ਹੋਣ ਕਾਰਨ ਅਤੇ ਨਾਂ ਕੰਪੋਜ਼ੀਟਰ ਹੋਣ ਕਾਰਨ ਸੈਂਸਰ ਬੋਰਡ ਦੀ ਸਮਝ ਤੋਂ ਪਰੇ ਦੀ ਗੱਲ ਸੀ। ਇਹ ਸਾਰੀ ਦੁਨੀਆ ਨੂੰ ਕਲਾਵੇ ਵਿਚ ਲਈ ਬੈਠੀ ਹੈ। ਹੁਣ ਕੰਪੋਜ਼ੀਟਰ ਦੀ ਥਾਂ ਕੰਮਪਿਊਟਰ ਨੇ ਲੈ ਲਈ ਹੈ।

**ਸੰਤੋਖ ਜੀ, ਤੁਹਾਡੀ ਇਕ ਹੋਰ ਕਵਿਤਾ 'ਭਾਰਤ ਗਾਂ' ਨੇ ਵੀ ਮੈਨੂੰ ਬਹੁਤ ਪ੍ਰਭਾਵਤ ਕੀਤਾ ਸੀ। ਪਾਠਕਾਂ ਦੀ ਜਾਣਕਾਰੀ ਲਈ ਇਸ ਕਵਿਤਾ ਬਾਰੇ ਵੀ ਕੁਝ ਦੱਸੋ?**

: ਸਤਨਾਮ ਜੀ, ਕਵਿਤਾ ਪਸੰਦ ਕਰਨ ਲਈ ਧੰਨਵਾਦ। ਅਸਲ ਵਿਚ 1971 ਦੇ ਅਖ਼ੀਰ ਵਿਚ ਜਦੋਂ ਮੈਂ ਪਹਿਲੀ ਵਾਰ ਇੰਗਲੈਂਡ ਤੋਂ ਭਾਰਤ ਗਿਆ, ਕਨਾਟ ਪਲੇਸ ਦੇ ਹੋਟਲ ਤੋਂ ਨਵਯੁੱਗ ਪ੍ਰੈੱਸ ਤਕ ਜਾਂਦਿਆਂ ਲਿਖੀ ਗਈ ਸੀ। ਉਸੇ ਦਿਨ ਬਾਵਾ ਬਲਵੰਤ ਨੂੰ ਪਹਿਲੀ ਤੇ ਆਖ਼ਰੀ ਵਾਰ ਮਿਲ਼ਿਆ ਸਾਂ। ਸੋਕੇ ਦੀ ਮਾਰ ਝੱਲ ਰਿਹਾ ਬਿਹਾਰ ਦਾ ਸੂਬਾ ਇਸ ਕਵਿਤ ਦੀ ਪਿੱਠ ਭੂਮੀ ਸੀ।

**ਭੂ-ਹੇਰਵਾ ਪਰਵਾਸੀ ਮਨ 'ਤੇ ਕੁਦਰਤੀ ਵਰਤਾਰਾ ਮੰਨਿਆ ਜਾਂਦਾ ਹੈ। ਤੁਹਾਡੀ ਕਵਿਤਾ ਵਿਚ ਇਸਦੀ ਅਣਹੋਂਦ ਹੈ ਅਤੇ ਪਿਆਰ ਦੇ ਭਾਵ ਦੀ ਵੀ। ਇਹ ਸੁਚੇਤ ਯਤਨ ਕਰਕੇ ਹੈ ਜਾਂ ਕਿਸੇ ਹੋਰ ਕਾਰਨ?**

: ਢਾਅ ਜੀ ਵਿਆਹ ਮੇਰਾ 19 ਸਾਲ ਦੀ ਉਮਰ ਵਿਚ ਹੋ ਗਿਆ। 24 ਦੀ ਉਮਰ ਵਿਚ ਦੋ ਬੇਟਿਆਂ ਦਾ ਬਾਪ ਬਣ ਗਿਆ ਇੰਝੇ ਪਿਆਰ ਦਾ ਕੋਈ ਚਿੱਤ ਚੇਤਾ ਹੀ ਨਹੀਂ ਸੀ। ਪਿਆਰ ਨਾਲੋਂ ਜ਼ਿੰਮੇਵਾਰੀਆਂ ਦਾ ਅਹਿਸਾਸ ਭਾਰੂ ਸੀ। ਭੂ-ਹੇਰਵਾ, ਜਾਇਦਾਦ ਵਾਲਿਆਂ ਜਾਂ ਪੜ੍ਹਿਆਂ ਲਿਖਿਆਂ ਨੂੰ ਜ਼ਿਆਦਾ ਹੋਇਆ। ਮੈਂ ਭਾਰਤ ਵਿਚ ਵੀ ਕਾਮਾ ਸੀ ਤੇ ਇੱਥੇ ਵੀ ਕਾਮਾ। ਮੈਂ ਭਾਰਤ ਵਿਚ ਕਿਸੇ ਵੀ ਪ੍ਰੈੱਸ ਵਿਚ ਛੇ ਮਹੀਨੇ ਤੋਂ ਵੱਧ ਕੰਮ ਨਹੀਂ ਕੀਤਾ। ਕਿਉਂਕਿ ਮੇਰੀ ਸ਼ਰਤ ਹੁੰਦੀ ਸੀ ਕਿ ਮੇਰੀ ਤਨਖ਼ਾਹ ਪਹਿਲੀ ਤਾਰੀਕ ਨੂੰ ਨਾ ਮਿਲੇ ਤਾਂ ਮੈਂ ਵੱਧ ਤੋਂ ਵੱਧ ਗਿਆਰਾਂ ਤਾਰੀਕ ਤੱਕ ਇੰਤਜ਼ਾਰ ਕਰਾਂਗਾ, ਉਸ ਤੋਂ ਬਾਅਦ ਮੇਰਾ ਅਸਤੀਫ਼ਾ ਹੋਵੇਗਾ। ਛੇ ਮਹੀਨੇ ਤੱਕ ਅੱਪੜਦਿਆਂ ਗਿਆਰਾਂ ਤਾਰੀਕ ਲੰਘ ਜਾਣੀ ਤੇ ਮੈਂ ਘਰ ਚਲੇ ਜਾਣਾ। ਇਹੋ ਹਾਲ 'ਪੰਜਾਬ ਟਾਈਮਜ਼' ਵਾਲਿਆਂ ਨਾਲ ਸੀ। ਸ਼ੁੱਕਰਵਾਰ 12 ਵਜੇ ਤਕ ਇੰਤਜ਼ਾਰ ਕਰ ਕੇ ਕੰਮ ਛੱਡ ਕੇ ਬੈਠ ਜਾਣਾ ਤਾਂ ਤਨਖ਼ਾਹ ਆ



ਜਾਣੀ। 28 ਸਾਲਾਂ ਵਿਚ ਕੰਮ ਕਰਦਿਆਂ ਇਹ ਹਰ ਸ਼ੁੱਕਰਵਾਰ ਮਿਲਦੀ ਰਹੀ। 48 ਘੰਟੇ ਦੇ ਹਫ਼ਤੇ ਦਾ ਕੰਮ ਸ਼ੁਰੂ ਕੀਤਾ, ਰਿਟਾਇਰ ਹੋਣ ਸਮੇਂ ਸਾਢੇ 35 ਘੰਟੇ ਦੇ ਹਫ਼ਤੇ 'ਤੇ ਕੰਮ ਛੱਡਿਆ, ਇਸੇ ਤਰ੍ਹਾਂ ਸਾਲ ਦੀਆਂ ਤਿੰਨ ਹਫਤੇ ਦੀਆਂ ਛੁਟੀਆਂ ਤਨਖ਼ਾਹ ਸਮੇਤ, ਪੰਜ ਹਫਤੇ ਦੀਆਂ ਛੁੱਟੀਆਂ ਦਾ ਅਨੰਦ ਮਾਣਿਆ।

**ਤੁਹਾਡੀ 'ਗ਼ਦਰ' ਨਾਂ ਦੀ ਕਵਿਤਾ ਦੀਆਂ ਸਤਰਾਂ ਹਨ:**

***'ਗ਼ਦਰ ਹੋਇਆ ਗ਼ਦਰ ਹੋਵੇਗਾ, ਗ਼ਦਰ ਸਦਾ ਬਹਾਰ***

***ਕੂੜ ਗ਼ੁਲਾਮੀ ਨ਼ਫਰਤ ਮਾਰੇ, ਸਿਰਜੇ ਨਵੀਂ ਨੁਹਾਰ'*** **ਕੀ ਤੁਹਾਨੂੰ ਲੱਗਦਾ ਇਕ ਹੋਰ ਗ਼ਦਰ ਦੀ ਲੋੜ ਪਵੇਗੀ? ਕੀ ਗ਼ਦਰੀਆ ਵਾ਼ਲੀ ਸੋਚ ਅਜੇ ਵੀ ਬਰਕਰਾਰ ਹੈ?**

: ਇਹ ਕਵਿਤਾ ਗ਼ਦਰ ਸ਼ਤਾਬਦੀ ਸਮੇਂ ਲਿਖੀ ਗਈ। ਜਦੋਂ ਤਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਹੁੰਦੀ ਰਹੇਗੀ, ਉਦੋਂ ਤਕ ਗ਼ਦਰ ਦੀ ਸੰਭਾਵਨਾ ਬਣੀ ਰਹੇਗੀ, ਇਹ ਸਾਡਾ ਵਿਸ਼ਵਾਸ ਹੈ। ਜਿਹੜਾ ਵੀ ਗ਼ਦਰੀਆਂ ਦਾ ਇਤਿਹਾਸ ਫਰੋਲੇਗਾ, ਉਸ ਨੂੰ ਗ਼ਦਰ ਦੀ ਗੂੰਜ ਸੁਣਾਈ ਦਿੰਦੀ ਰਹੇਗੀ।

**ਤੁਹਾਡਾ ਕਾਵਿ-ਸੰਗ੍ਰਹਿ 'ਯੋਧਾ' ਮੈਂ ਪ੍ਰਾਪਤ ਨਹੀਂ ਕਰ ਸਕਿਆ। ਕਿਰਪਾ ਕਰਕੇ ਦੱਸੋਗੇ ਕਿ ਇਸ ਵਿਚ ਦੂਜੀਆਂ ਕਾਵਿ ਪੁਸਤਕਾਂ ਨਾਲੋਂ ਕੀ ਵੱਖ਼ਰਾ ਹੈ? ਕੋਈ ਨਿਵੇਕਲਾ ਪ੍ਰਸੰਗ ਜੁੜਿਆ?**

: ਹਾਂ ਜੀ, ਇਸ ਵਿਚ ਮੁੱਖ ਤੌਰ 'ਤੇ ਪੰਜਾਬ ਦੇ ਸੰਤਾਪ ਨਾਲ ਸੰਬੰਧਤ ਕਵਿਤਾਵਾਂ ਹਨ। ਦੂਜੇ ,ਇਸ ਦੇ ਆਖ਼ਰੀ ਪੰਨਿਆਂ 'ਤੇ ਪਹਿਲੀਆਂ ਕਿਤਾਬਾਂ ਬਾਰੇ ਵੱਖ ਵੱਖ ਲੇਖਕਾਂ ਦੇ ਵਿਚਾਰਾਂ ਦੀਆਂ ਟੂਕਾਂ ਦਿੱਤੀਆਂ ਹੋਈਆਂ ਹਨ।

**ਜੇਕਰ ਤੁਹਾਡੀ ਕਵਿਤਾ ਦਾ ਅਨੁਵਾਦ ਇੰਗਲਿਸ਼ ਵਿਚ ਹੁੰਦਾ ਤਾਂ ਸ਼ਾਇਦ ਵੱਧ ਪਾਠਕਾਂ ਤਕ ਗੱਲ ਜਾਂਦੀ। ਅਨੁਵਾਦ ਬਾਰੇ ਤੁਹਾਡਾ ਕੀ ਖ਼ਿਆਲ ਹੈ?**

: ਹਾਂ ਇਹ ਹੋ ਸਕਦਾ ਸੀ। ਇਕ ਕਿਤਾਬ ਨਰੰਜਣ ਸਿੰਘ ਨੂਰ ਨੇ 'ਝੱਖੜ ਵਿਚ ਮੋਮਬੱਤੀਆਂ' ਛਪਵਾਈ। ਇਸ ਵਿਚ ਇੰਗਲੈਂਡ ਦੇ ਕਵੀਆਂ ਦੀਆਂ ਤਿੰਨ ਤਿੰਨ ਕਵਿਤਾਵਾਂ ਪੰਜਾਬੀ ਅਤੇ ਅੰਗਰੇਜ਼ੀ ਵਿਚ ਛਪੀਆਂ ਹਨ। ਉਹਨਾਂ ਵਿਚ ਮੇਰੀ ਇਕ ਕਵਿਤਾ 'ਲੰਡਨ ਜੂ ਦੇ ਸੱਪ' ਹੈ। ਕਿੰਗ ਕਾਲਜ ਲੰਡਨ ਵਿਚ ਫਿਲੌਸਫੀ ਦੇ ਜਰਮਨ ਮੂਲ ਦੇ ਪ੍ਰੋਫੈਸਰ ਫਰਿੱਡ ਹਾਰਡੀ ਨੇ ਮੇਰੀਆਂ ਕਵਿਤਾਵਾਂ ਦਾ ਤਰਜਮਾ ਕੀਤਾ ਹੈ। ਉਹ ਇੱਥੇ ਰੈਡਿੰਗ ਹੀ ਰਹਿੰਦਾ ਸੀ। ਅਸੀਂ ਹਫਤੇ ਵਿਚ ਇਕ ਵਾਰ ਮਿਲਦੇ, ਪੱਬ ਵਿਚ ਬੀਅਰ ਪੀਂਦੇ ਅਤੇ ਵਿਚਾਰ ਵਟਾਂਦਰਾ ਕਰਿਆ ਕਰਦੇ ਸੀ। ਕੁਝ ਸਮਾਂ ਪਹਿਲਾਂ ਉਸ ਦੀ ਹਾਰਟ ਅਟੈਕ ਨਾਲ ਮੌਤ ਹੋ ਗਈ ਸੀ। ਪਿਛਲੇ ਦਿਨੀਂ ਉਸਦੀ ਪਤਨੀ ਮਿ਼ਲੀ ਸੀ ਤੇ ਦੱਸਦੀ ਕਿ ਤੇਰੀ ਕਵਿਤਾ ਬਾਰੇ ਉਸ ਦੇ ਨੋਟ ਮਿਲੇ ਹਨ।

**ਤੁਸੀਂ ਇੱਥੇ ਇੰਗਲੈਂਡ ਆ ਕੇ ਵੀ ਸਥਪਤੀ ਦੇ ਖ਼ਿਲਾਫ ਅਤੇ ਕਾਮਾ ਜਮਾਤ ਦੇ ਹਿਤਾਂ ਨੂੰ ਲੈ ਕੇ ਸਰਗਰਮੀਆਂ ਵਿਚ ਜੁਟੇ ਰਹੇ। ਤੁਹਾਨੂੰ ਕਦੇ ਸੋਚ ਨਹੀਂ ਆਈ ਕਿ ਹੋਰਨਾਂ ਵਾਂਗ ਆਪਣਾ ਕੰਮ ਕਰੋ ਚਾਰ ਪੈਸੇ ਬਣਾਉ,ਪਬਲਿਕ ਕੰਮਾਂ ਵਿਚੋਂ ਕੀ ਲੈਣਾ?**

: ਇਹੋ ਜਿਹੀਆਂ ਮੱਤਾਂ ਦੇਣ ਵਾਲਿਆਂ ਦਾ ਘਾਟਾ ਨਹੀਂ। ਇਹ ਮੇਰੀ ਧਾਰਨਾ ਹੈ ਕਿ ਜਿੰਨਾ ਕੰਮ ਲੋਕ-ਹਿੱਤਾਂ ਲਈ ਆਪਣੀ ਵਿੱਤ ਅਨੁਸਾਰ ਕੀਤਾ ਜਾ ਸਕਦਾ ਹੈ, ਕਰਦੇ ਰਹਿਣਾ ਚਾਹੀਦਾ ਹੈ। ਸਰਗਰਮੀਆਂ ਦਾ ਸਿਲਸਲਾ ਜਾਰੀ ਹੈ ਤੇ ਜਾਰੀ ਰਹੇਗਾ।

**ਕੁਝ ਆਲੋਚਕਾਂ ਦਾ ਕਹਿਣਾ ਹੈ ਕਿ ਖੱਬੇ-ਪੱਖੀ ਵਿਚਾਰਧਾਰਾ ਦੇ ਲੇਖਕ ਆਪਣੀਆਂ ਰਚਨਾਵਾਂ ਨੂੰ ਇਕ ਹਥਿਆਰ ਦੇ ਤੌਰ 'ਤੇ ਵਰਤਦੇ ਹਨ। ਉਹਨਾਂ ਦੀਆਂ ਰਚਨਾਵਾਂ ਨੂੰ ਇਕ ਨਾਹਰਾ ਹੀ ਕਿਹਾ ਜਾਂਦਾ ਰਿਹਾ। ਤੁਹਾਡਾ ਇਸ ਆਲੋਚਨਾ ਬਾਰੇ ਕੀ ਕਹਿਣਾ ਹੈ?**

: ਹਥਿਆਰ ਦੀ ਥਾਂ ਲਿਖਤ ਨਹੀਂ ਲੈ ਸਕਦੀ, ਹਾਂ ਕਿਸੇ ਸਮੇਂ ਨਾਹਰਾ ਬਣ ਸਕਦੀ ਹੈ। ਚੰਗੇ

ਕੰਮ ਦਾ ਨਾਹਰਾ ਬਣ ਜਾਣਾ ਮੇਰੇ ਖ਼ਿਆਲ ਵਿਚ ਮਾੜਾ ਨਹੀਂ। ਕਹਿਣ ਨੂੰ ਤਾਂ ਖੱਬੇ-ਪੱਖੀਆਂ ਬਾਰੇ ਬੜਾ ਕੁਝ ਕਿਹਾ ਜਾਂਦਾ ਹੈ ਪਰ ਜਦੋਂ ਸਮੇਂ ਦਾ ਛਾਨਣਾ ਛਾਣਦਾ ਹੈ ਤਾਂ ਕਿੰਨਾ ਕੁਝ ਹੂੰਝਿਆ ਜਾਂਦਾ ਹੈ। ਤੁਸੀਂ ਪਿਛਲੇ 60 ਜਾਂ 70 ਸਾਲਾਂ ਵੱਲ ਝਾਤੀ ਮਾਰੋ ਤਾਂ ਪਤਾ ਚੱਲੇਗਾ, ਜੋ ਬਚਿਆ ਹੈ ਉਸ ਵਿਚ ਬੁਹਤਾ ਹਿੱਸਾ ਖੱਬੇ-ਪੱਖੀਆਂ ਦਾ ਹੀ ਹੈ।

**ਸੱਠਵਿਆਂ ਵਿਚ ਜਦੋਂ ਈਸ਼ਵਰ ਚਿਤਰਕਾਰ ਦੀ ਪ੍ਰਧਾਨਗੀ ਵਿਚ ਕੰਮ ਕਰਦੀ 'ਪੰਜਾਬੀ ਸਾਹਿਤ ਸਭਾ ਲੰਡਨ' ਦੇ ਤੁਸੀਂ ਜਨਰਲ ਸੈਕਟਰੀ ਸੀ, ਉਸ ਸਮੇਂ ਦੀਆਂ ਕੋਈ ਖਾਸ ਯਾਦਾਂ ਹੋਣ ਤਾਂ ਸਾਡੇ ਨਾਲ ਸਾਂਝੀਆਂ ਕਰੋ?**

: ਉਹਨਾਂ ਦਿਨਾਂ ਵਿਚ ਇਹ ਇਕ ਹੀ ਸਾਹਿਤਕ ਜਥੇਬੰਦੀ ਸਰਗਰਮ ਹੋਣ ਕਾਰਨ ਭਾਰਤ ਤੋਂ ਆਏ ਹਰ ਸਾਹਿਤਕਾਰ ਦਾ ਸਭਾ ਵਲੋਂ ਆਦਰ ਮਾਣ ਕੀਤਾ ਜਾਂਦਾ ਸੀ। ਜਿਵੇਂ ਗੁਰਬਖਸ਼ ਸਿੰਘ ਪ੍ਰੀਤਲੜੀ, ਜਸਵੰਤ ਸਿੰਘ ਕੰਵਲ, ਗੁਰਮਖ ਸਿੰਘ ਮੁਸਾਫਰ, ਸੰਤ ਫਤਿਹ ਸਿੰਘ ਆਦਿ ਦਾ ਕੀਤਾ ਗਿਆ। ਪੰਜਾਬੀ ਸੂਬਾ ਬਣਨ ਦੀ ਖੁਸ਼ੀ ਵਿਚ ਡੁਮੀਨੀਅਨ ਸਿਨਮਾ ਹਾਲ ਵਿਚ ਕਵੀ ਦਰਬਾਰ ਰੱਖਿਆ ਗਿਆ,ਜਿਸ ਦੀ ਪ੍ਰਧਾਨਗੀ ਜਸਵੰਤ ਸਿੰਘ ਕੰਵਲ ਨੇ ਕੀਤੀ।

**ਸੰਤੋਖ ਜੀ, ਉਸ ਮੁੱਢਲੇ ਸਮੇਂ ਤੋਂ ਪਿੱਛੋਂ ਬਰਤਾਨੀਆ ਵਿਚ ਸਾਹਿਤ ਸਭਾਵਾਂ ਦਾ ਇਤਿਹਾਸ ਕੀ ਕਹਿੰਦਾ ਹੈ?**

: ਢਾਹ ਜੀ, ਜਿਵੇਂ ਮੈਂ ਪਹਿਲਾਂ ਦੱਸਿਆ ਹੈ, ਪੰਜਾਬੀ ਸਾਹਿਤ ਸਭਾ ਲੰਡਨ 1964 ਵਿਚ ਸਥਾਪਤ ਹੋਈ ਸੀ। ਇਹ ਇਕੋ ਇਕ ਸਾਹਿਤਕ ਸਭਾ 1969 ਤਕ ਹੋਂਦ ਵਿਚ ਰਹੀ। ਇਸ ਦਾ ਪਹਿਲਾਂ ਪ੍ਰਧਾਨ ਈਸ਼ਵਰ ਚਿੱਤਰਕਾਰ ਅਤੇ ਜਨਰਲ ਸਕੱਤਰ ਮੈਂ ਸੀ। ਸਾਥੋਂ ਅਗਲੀ ਜੋੜੀ ਅਵਤਾਰ ਜੰਡਿਆਲਵੀ ਪ੍ਰਧਾਨ ਅਤੇ ਦਰਸ਼ਨ ਸਿੰਘ ਗਿਆਨੀ ਜਨਰਲ ਸਕੱਤਰ ਸਨ। ਇਹਨਾਂ ਤੋਂ ਬਾਅਦ ਬਿਸ਼ੰਬਰ ਸਿੰਘ ਸਾਕੀ ਪ੍ਰਧਾਨ ਅਤੇ ਜੁਗਿੰਦਰ ਸ਼ਮਸ਼ੇਰ, ਜਨਰਲ ਸਕੱਤਰ ਸਨ। ਜੁਗਿੰਦਰ ਸ਼ਮਸ਼ੇਰ ਦੇ ਯਤਨਾਂ ਸਦਕਾ ਪਹਿਲੀ ਸਰਬ-ਬਰਤਾਨੀਆਂ ਪੰਜਾਬੀ ਕਾਨਫਰੰਸ ਹੋਈ। ਇਸ ਕਾਨਫਰੰਸ ਨੇ ਜਿੱਥੇ ਇਕ ਪਲੇਟਫਾਰਮ ਪੈਦਾ ਕੀਤਾ, ਉਸ ਦੇ ਨਾਲ ਹੀ ਵਿਚਾਰਧਾਰਕ ਤੌਰ 'ਤੇ ਲੇਖਕਾਂ ਦੀ ਕਤਾਰਬੰਦੀ ਵੀ ਕੀਤੀ। ਫਲਸਰੂਪ 1969 ਵਿਚ ਪ੍ਰਗਤੀਸ਼ੀਲ ਲਿਖਾਰੀ ਸਭਾ ਹੋਂਦ ਵਿਚ ਆਈ, ਜਿਸ ਦੀਆਂ ਬਾਅਦ ਵਿਚ ਵੱਖ ਵੱਖ ਸ਼ਹਿਰਾਂ ਵਿਚ ਬਰਾਂਚਾਂ ਬਣੀਆਂ, ਜਿਹਨਾਂ ਨੇ ਵੱਖ ਵੱਖ ਸ਼ਹਿਰਾਂ ਵਿਚ 13 ਸਰਬ-ਬਰਤਾਨੀਆ ਪੰਜਾਬੀ ਕਾਨਫਰੰਸਾਂ ਕਰਵਾਈਆਂ। 1980 ਵਿਚ ਸਾਊਥਾਲ ਬਰਾਂਚ ਵੱਲੋਂ ਵਿਸ਼ਵ ਪੰਜਾਬੀ ਕਾਨਫਰੰਸ ਕਰਵਾਈ ਗਈ, ਜਿਹੜੀ ਯਾਦਗਾਰੀ ਹੋ ਨਿੱਬੜੀ। ਇਸ ਵਿਚ ਦੁਨੀਆ ਭਰ ਵਿਚੋਂ ਸਭ ਤੋਂ ਵੱਧ ਪੰਜਾਬੀ ਲੇਖਕਾਂ ਨੇ ਹਿੱਸਾ ਲਿਆ। ਇਸ ਕਾਨਫਰੰਸ ਨੇ ਯੂਨੀਵਰਸਿਟੀਆਂ ਨਾਲ ਸਿੱਧੇ ਸੰਬੰਧ ਪੈਦਾ ਕੀਤੇ। ਉਦੋਂ ਹੀ ਹੋਂਦ ਵਿੱਚ ਆਈ 'ਇੰਟਰਨੈਸ਼ਨਲ ਪੰਜਾਬੀ ਸਾਹਿਤ ਸਭਾ ਈਸਟ ਲੰਡਨ'। ਇਸ ਸਭਾ ਦੇ ਤਿੰਨ ਮੈਂਬਰਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ। ਡਾ. ਚ ਸ ਚੰਨ, ਡਾ. ਗੁਦਿਆਲ ਸਿੰਘ ਰਾਏ ਅਤੇ ਡਾ. ਪ੍ਰੀਤਮ ਸਿੰਘ ਕੈਂਬੋ। ਜੇ ਅੱਜ ਦੇ ਹਾਲਾਤ ਦਾ ਜਾਇਜ਼ਾ ਲਿਆ ਜਾਵੇ ਤਾਂ 'ਪ੍ਰਗਤੀਸ਼ੀਲ ਲਿਖਾਰੀ ਸਭਾ' ਦੀਆਂ ਲੈਸਟਰ, ਬ੍ਰਮਿੰਘਮ, ਵੁਲਵਰਹੈਂਪਟਨ, ਡਰਬੀ ਅਤੇ ਰੈਡਿੰਗ ਵਿਚ ਬਰਾਂਚਾਂ ਸਰਗਰਮ ਹਨ, ਜੋ ਸਾਲ ਵਿਚ ਇਕ ਫੰਕਸ਼ਨ ਜ਼ਰੂਰ ਕਰਵਾਉਂਦੀਆਂ ਹਨ। ਇਹਨਾਂ ਤੋਂ ਬਿਨਾਂ 'ਅਦਾਰਾ ਸ਼ਬਦ' ਅਤੇ 'ਕਲਾ ਕੇਂਦਰ ਸਾਊਥਾਲ' ਹਨ। 'ਪੰਜਾਬੀ ਲਿਖਾਰੀ ਸਭਾ ਕਾਵਿੰਟਰੀ' ਅਤੇ 'ਲੇਖਕ ਤੇ ਪਾਠਕ ਵਿਚਾਰ ਮੰਚ ਸਲੋਹ' ਆਪਣੇ ਫੰਕਸ਼ਨ ਕਰਵਾਉਂਦੇ ਹਨ।

**ਪੰਜਾਬ ਵਿਚ ਸਮੇਂ-ਸਮੇਂ ਕਈ ਲਹਿਰਾਂ ਚੱਲੀਆਂ ਜਿਨ੍ਹਾਂ ਨੇ ਬਾਹਰ ਬੈਠੇ ਪੰਜਾਬੀਆਂ ਨੂੰ ਵੀ ਪ੍ਰਭਾਵਤ ਕੀਤਾ, ਜਿਵੇਂ ਪਹਿਲਾਂ ਅਜ਼ਾਦੀ ਦੀ ਲਹਿਰ, ਸੱਤਰਵਿਆਂ ਵਿਚ ਨਕਸਲਵਾਦੀ**



**ਲਹਿਰ ਅਤੇ ਬਾਅਦ ਵਿਚ ਖ਼ਾਲਿਸਤਾਨੀ ਲਹਿਰ। ਬਰਤਾਨੀਆਂ ਵਿਚਲੇ ਪੰਜਾਬੀ ਲੇਖਕਾਂ ਨੇ ਇਨ੍ਹਾਂ ਲਹਿਰਾਂ ਬਾਰੇ ਕਿਹੋ ਜਿਹਾ ਪ੍ਰਭਾਵ ਮਹਿਸੂਸ ਕੀਤਾ?**

: ਸਾਡੇ ਸਮੇਂ ਵਿਚ ਦੋ ਲਹਿਰਾਂ ਚੱਲੀਆਂ। ਇਹਨਾਂ ਦਾ ਸਿੱਧਾ ਪ੍ਰਭਾਵ ਇੰਗਲੈਂਡ ਦੇ ਲੇਖਕਾਂ ਦੀਆਂ ਲਿਖਤਾਂ ਵਿਚ ਦੇਖਿਆ ਜਾ ਸਕਦਾ ਹੈ। ਇਹ ਵੱਖਰੀ ਗੱਲ ਹੈ ਕਿ ਸਭ ਲੇਖਕਾਂ ਦਾ ਨਜ਼ਰੀਆ ਇਕੋ ਜਿਹਾ ਨਹੀਂ। ਮੈਂ 1968 ਵਿਚ ਕਮਿਊਨਿਸਟ ਪਾਰਟੀ ਮੈਂਬਰ ਬਣਿਆ। ਉਸ ਤੋਂ ਬਾਅਦ ਦੀਆਂ ਮੇਰੀਆਂ ਲਿਖਤਾਂ ਵਿਚ ਪਾਰਟੀ ਪਾਲਸੀਆਂ ਦਾ ਪ੍ਰਗਟਾਵਾ ਦੇਖਿਆ ਜਾ ਸਕਦਾ ਹੈ। ਛੇ ਜੂਨ 1984 ਨੂੰ ਬਰਤਾਨੀਆ ਭਰ ਦੇ ਲੇਖਕ 'ਦੇਸ ਪ੍ਰਦੇਸ' ਦੇ ਦਫਤਰ ਵਿਚ ਇਕੱਠੇ ਸਨ। ਭਾਰਤ ਤੋਂ ਆਇਆ ਡਾਕਟਰ ਹਰਿਭਜਨ ਸਿੰਘ ਵਾਪਸ ਭਾਰਤ ਜਾ ਰਿਹਾ ਸੀ। ਚਲਦੀ ਮਹਿਫ਼ਲ ਸਮੇਂ ਟੈਲੀਫ਼ੂਨ ਦੀ ਘੰਟੀ ਖੜਕੀ ਤਾਂ ਸ਼ੇਰ ਜੰਗ ਜਾਂਗਲੀ ਨੇ ਫੋਨ ਚੁੱਕਿਆ। ਡਾਕਟਰ ਜਗਜੀਤ ਸਿੰਘ ਦਾ ਟੈਲੀਫ਼ੂਨ ਸੀ ਕਿ ਦਰਬਾਰ ਸਾਹਿਬ 'ਤੇ ਹਮਲਾ ਹੋ ਗਿਆ ਹੈ। ਇਸ ਰਾਤ ਤੋਂ ਬਾਅਦ ਲੇਖਕ ਦੋ ਧੜਿਆਂ ਵਿਚ ਵੰਡੇ ਗਏ। ਖ਼ਾਲਿਸਤਾਨ ਪੱਖੀ ਉਸ ਤੋਂ ਬਾਅਦ 'ਦੇਸ ਪ੍ਰਦੇਸ' ਵਿਚ ਛਪਦੇ ਰਹੇ ਅਤੇ ਵਿਰੋਧੀਆਂ ਨੇ ਆਪਣੇ ਵਿਚਾਰ ਪੇਸ਼ ਕਰਨ ਲਈ ਨਵੇਂ ਪਰਚੇ ਕੱਢ ਲਏ। ਇਸ ਸਮੇਂ 'ਚਰਚਾ', 'ਲੋਕਤਾ', 'ਲਲਕਾਰ', 'ਸ਼ੇਰੇ ਪੰਜਾਬ' ਅਤੇ 'ਪੰਜਾਬੀ ਦਰਪਨ' ਹੋਂਦ ਵਿਚ ਆਏ। ਇਸੇ ਹਿਸਾਬ ਨਾਲ ਇਹਨਾਂ ਲਿਖਤਾਂ ਨੇ ਪੰਜਾਬੀ ਪੁਸਤਕਾਂ ਦਾ ਰੂਪ ਧਾਰਿਆ।

**ਸੰਤੋਖ ਜੀ, ਪੰਜਾਬੀ ਲੇਖਕ ਵਿਚਾਰਧਾਰਕ ਤੌਰ 'ਤੇ ਵੰਡੇ ਗਏ, ਕੁਝ ਖ਼ਾਲਿਸਤਾਨੀ ਲਹਿਰ ਦੀ ਹਮਾਇਤ ਕਰਦੇ ਸਨ ਕੁਝ ਵਿਰੋਧ ਵਿਚ ਸਨ। ਤੁਹਾਨੂੰ ਕੀ ਲੱਗਦਾ ਕਿ ਬਾਹਰ ਬੈਠੇ ਪੰਜਾਬੀ ਪੰਜਾਬ ਦੀਆਂ ਸਮੱਸਿਆਵਾਂ ਨੂੰ ਸਮਝ ਨਹੀਂ ਸਕਦੇ ਜਾਂ ਰਾਜਨੀਤਿਕ ਵਿਚਾਰਧਾਰਾ ਦੇ ਵਖ਼ਰੇਵੇਂ ਕਰਕੇ ਇਕ ਦੂਜੇ ਦੀ ਗੱਲ ਸਮਝਣ ਸੁਣਨ ਨੂੰ ਤਿਆਰ ਹੀ ਨਹੀਂ ਸਨ?**

: ਦੇਖੋ, ਇਹ ਹਰ ਲੇਖਕ ਦੀ ਸਮਝਦਾਰੀ ਅਤੇ ਕਲਾ 'ਤੇ ਨਿਰਭਰ ਕਰਦਾ ਹੈ। 1985 ਵਿਚ ਮੈਂ ਭਾਰਤ ਗਿਆ ਸੀ। ਉਦੋਂ ਦੇਸ਼ ਭਗਤ ਯਾਦਗਾਰ ਹਾਲ ਵਿਚ ਕਵੀ ਦਰਬਾਰ ਵਿਚ ਪਾਸ਼ ਨੇ ਇੰਦਰਾ ਗਾਂਧੀ ਬਾਰੇ ਕਵਿਤਾ ਪੜ੍ਹੀ ਸੀ ਅਤੇ ਮੈਂ ਭਿੰਡਰਾਂਵਾਲੇ ਬਾਰੇ। ਦੋਹਾਂ ਕਵਿਤਾਵਾਂ ਬਾਰੇ ਚਰਚਾ ਹੋਈ ਸੀ। ਦੋਹਾਂ ਨੂੰ ਖੂਬ ਦਾਦ ਮਿਲੀ ਸੀ। ਦੇਸ਼ ਦੀ ਇਕ ਜੁੱਟਤਾ ਅਖੰਡਤਾ ਲਈ ਕੁਰਬਾਨੀਆਂ ਦੇਣ ਵਾਲਿਆਂ ਦਾ ਅਸੀਂ ਪੱਖ ਪੂਰਦੇ ਸੀ।

**ਪਹਿਲੇ ਦੌਰ ਦੇ ਪਰਵਾਸੀ ਤੁਹਾਡੇ ਸਮਕਾਲੀ ਪੰਜਾਬੀ ਤਾਂ ਇਹ ਸੋਚ ਕੇ ਇੰਗਲੈਂਡ ਆਏ ਹੋਣਗੇ ਕਿ ਕਮਾਈ ਕਰ ਕੇ ਦੇਸ਼ ਵਾਪਸ ਚਲੇ ਜਾਣਗੇ। ਉਹਨਾਂ ਨੂੰ ਭੂ-ਹੇਰਵਾ ਵੀ ਸੀ। ਕੀ ਪਹਿਲੀ ਪੀੜ੍ਹੀ ਦੇ ਇਹ ਲੋਕ ਅਜੇ ਵੀ ਬਿਗਾਨੇਪਨ ਦਾ ਅਹਿਸਾਸ ਭੋਗਦੇ ਹਨ ਜਾਂ ਫੇਰ ਇੰਗਲੈਂਡ ਨੂੰ ਹੀ ਆਪਣਾ ਦੇਸ਼ ਮੰਨ ਕੇ ਤਸੱਲੀ ਮਹਿਸੂਸ ਕਰਦੇ ਹਨ?**

: ਪਰਵਾਸੀਆਂ ਦੀ ਪਹਿਲੀ ਪੀੜ੍ਹੀ ਹਮੇਸ਼ਾ ਡਾਵਾਂ-ਡੋਲ ਰਹਿੰਦੀ ਹੈ। ਸਾਡੇ ਤੋਂ ਪਹਿਲਾਂ ਆਉਣ ਵਾਲੇ ਇਸੇ ਆਸ਼ਾ ਨਾਲ ਆਉਂਦੇ ਸਨ। ਪੰਜ ਛੇ ਸਾਲ ਕੰਮ ਕਰਕੇ ਪੈਸੇ ਜੋੜਦੇ ਤੇ ਮੁੜ ਜਾਂਦੇ ਸਨ। 1962 ਵਿਚ ਵੀ ਜਦੋਂ ਅਸੀਂ ਇੱਥੇ ਆਏ ਤਾਂ ਪਰਿਵਾਰਾਂ ਨੂੰ ਮੰਗਵਾਉਣਾ ਸ਼ੁਰੂ ਕੀਤਾ। ਪਰਿਵਾਰਾਂ ਦੇ ਨਾਲ ਹੀ ਬੱਚਿਆਂ ਦੀ ਪੜ੍ਹਾਈ ਦੇ ਮਸਲੇ ਸ਼ੁਰੂ ਹੋਏ। ਪਰਿਵਾਰਾਂ ਦੇ ਰਹਿਣ ਲਈ ਘਰਾਂ ਦੀ ਖ਼ਰੀਦ ਸ਼ੁਰੂ ਹੋਈ। ਇਹਨਾਂ ਸਭ ਗੱਲਾਂ ਨੇ ਸੋਚਾਂ ਵਿਚ ਦੁਚਿੱਤੀ ਪੈਦਾ ਕੀਤੀ। ਜਿਸ ਕਾਰਨ ਪੱਕੇ ਤੌਰ 'ਤੇ ਇੱਥੇ ਰਹਿਣ ਦੇ ਯਥਾਰਥ ਦੇ ਰੂਬਰੂ ਹੋਣਾ ਲਾਜ਼ਮੀ ਸੀ। ਫੇਰ ਵੀ ਸਾਂਝੇ ਘਰਾਂ ਦੇ ਬੰਦੇ ਆਪਣੇ ਮਾਪਿਆਂ ਦੀ ਵੀ ਸਹਾਇਤਾ ਕਰਦੇ ਰਹੇ। ਉਹ ਜਦੋਂ ਦੇਸ਼ ਪਰਤ ਕੇ ਆਪਣੇ ਘਰ ਦਿਆਂ ਦਾ ਵਤੀਰਾ ਦੇਖਦੇ ਤਦ ਮੁੜ ਕੇ ਇੰਗਲੈਂਡ ਨੂੰ ਆਪਣਾ ਪੱਕਾ ਘਰ ਸਮਝਣ ਲੱਗਦੇ। ਇੱਥੋਂ ਦੀਆਂ ਸਹੂਲਤਾਂ ਨੂੰ ਤਰਜੀਹ ਦੇਂਦੇ ਅਤੇ ਭਾਰਤ ਵਿਚੋਂ ਕੋਈ ਆਸ ਨਾ ਰੱਖਦੇ।

**ਸੰਤੋਖ ਜੀ, ਇੰਨੇ ਚਿਰ ਤੋਂ ਬਰਤਾਨੀਆ ਵਿਚ ਰਹਿ ਰਹੇ ਪੰਜਾਬੀ ਲੋਕ ਆਰਥਿਕ ਪੱਖੋਂ**

**ਤਾਂ ਕਾਫੀ ਸੌਖੇ ਵੀ ਹੋਣਗੇ ਤੇ ਦੂਜੀ ਤੀਜੀ ਪੀੜ੍ਹੀ ਚੰਗੀ ਵਿੱਦਿਆ ਵੀ ਪ੍ਰਾਪਤ ਕਰ ਚੁੱਕੀ ਹੋਵੇਗੀ। ਇਸਦੇ ਬਾਵਜੂਦ ਲੱਗਦਾ ਹੈ ਪੰਜਾਬੀਆਂ ਨੇ ਬਰਤਾਨੀਆਂ ਦੀ ਰਾਜਨੀਤੀ ਵਿਚ ਬਹੁਤੀ ਦਿਲਚਸਪੀ ਨਹੀਂ ਲਈ। ਇਸਦਾ ਕੀ ਕਾਰਨ?**

: ਨਹੀਂ ਜੀ, ਇਹ ਗੱਲ ਨਹੀਂ ਹੈ। ਰਾਜਨੀਤੀ ਵਿਚ ਸਰਗਰਮੀ ਤਾਂ ਆਜ਼ਾਦੀ ਤੋਂ ਪਹਿਲਾਂ ਵੀ ਸੀ। ਉਹ ਜ਼ਿਆਦਾਤਰ ਵਿਰੋਧ ਦੀ ਰਾਜਨੀਤੀ ਸੀ। ਭਾਰਤੀ ਮਜ਼ਦੂਰ ਸਭਾ ਦੀ ਸਥਾਪਨਾ 1938 ਵਿਚ ਹੋ ਗਈ ਸੀ। 1926 ਵਿਚ ਸੁਕਲਾਤਵਾਲਾ ਨਾਂ ਦਾ ਇਕ ਭਾਰਤੀ ਬਰਤਾਨਵੀ ਪਾਰਲੀਮੈਂਟ ਦਾ ਮੈਂਬਰ ਚੁਣਿਆ ਗਿਆ ਸੀ। ਇਸੇ ਤਰ੍ਹਾਂ ਕਈ ਸ਼ਹਿਰਾਂ ਵਿਚ ਕੌਂਸਲਰ ਚੁਣੇ ਜਾਂਦੇ ਸਨ। ਭਾਰਤ ਦਾ ਡੀਫੈਂਸ ਮਨਿਸਟਰ ਰਿਹਾ ਕ੍ਰਿਸ਼ਨਾ ਮੈਨਨ ਵੀ ਏਥੇ ਇਕ ਕੌਂਸਲਰ ਸੀ। ਪਹਿਲੇ ਦੋ ਤਿੰਨ ਦਹਾਕੇ ਆਪਣੇ ਹੱਕਾਂ ਲਈ ਅਤੇ ਨਸਲੀ ਵਿਤਕਰੇ ਵਿਰੁੱਧ ਲੜਾਈ ਲੜਨੀ ਪਈ। ਇਸ ਤੋਂ ਬਾਅਦ ਇੱਥੋਂ ਦੀ ਰਾਜਨੀਤੀ ਵਿਚ ਸਰਗਰਮੀ ਸ਼ੁਰੂ ਹੋਈ ਹੈ।

**ਇੰਨੇ ਲੰਮੇਂ ਸਮੇਂ ਤੋਂ ਰਹਿ ਰਹੇ ਪੰਜਾਬੀਆਂ ਨੂੰ ਬਰਤਾਨੀਆ ਸਰਕਾਰ ਨੇ ਵੀ ਕੋਈ ਖ਼ਾਸ ਨੁਮਾਇੰਦਗੀ ਨਹੀਂ ਦਿੱਤੀ। ਇਸਦੇ ਟਾਕਰੇ ਕੈਨੇਡਾ ਵਿਚ ਪੰਜਾਬੀਆਂ ਨੇ ਆਪ ਵੀ ਰਾਜਨੀਤੀ ਵਿਚ ਦਿਲਚਸਪੀ ਲਈ ਹੈ ਅਤੇ ਸਰਕਾਰ ਨੇ ਵੀ ਲੋੜੀਂਦੀ ਨੁਮਾਇੰਦਗੀ ਦਿੱਤੀ ਹੈ। ਤੁਸੀਂ ਰਾਜਨੀਤਕ ਸੋਝੀ ਰੱਖਣ ਵਾਲੇ ਵਿਅਕਤੀ ਹੋ, ਯੂ. ਕੇ ਵਿਚ ਪੰਜਾਬੀਆਂ ਦਾ ਸਿਆਸੀ ਭਵਿੱਖ ਕਿਵੇਂ ਦੇਖ ਰਹੇ ਹੋ?**

: ਢਾਅ ਜੀ, ਸਾਡੇ ਪ੍ਰਾਈਮ ਮਨਿਸਟਰ ਡੇਵਿਡ ਕੈਮਰਾਨ ਨੇ ਭਵਿੱਖਬਾਣੀ ਕੀਤੀ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਇੰਗਲੈਂਡ ਦਾ ਪ੍ਰਾਈਮ ਮਨਿਸਟਰ ਇਕ ਭਾਰਤੀ ਹੋਵੇਗਾ। ਇਸ ਲਈ ਤੁਸੀਂ ਸਮਝ ਸਕਦੇ ਹੋ ਕਿ ਆਉਣ ਵਾਲਾ ਸਮਾਂ ਆਪਣੇ ਪਰਾਂ ਹੇਠ ਕੀ ਛੁਪਾਈ ਬੈਠਾ ਹੈ। ਕੋਈ ਸਰਕਾਰੀ ਮਹਿਕਮਾ ਅਜਿਹਾ ਨਹੀਂ ਜਿੱਥੇ ਉੱਚੇ ਅਹੁਦੇ 'ਤੇ ਭਾਰਤੀ ਨਾ ਹੋਵੇ। ਇਸੇ ਤਰ੍ਹਾਂ ਮੀਡੀਆ ਦੇ ਰੀਪੋਰਟਰਾਂ ਤੋਂ ਐਡੀਟਰਾਂ ਤਕ ਭਾਰਤੀ ਹਨ। ਨੈਸ਼ਨਲ ਹੈਲਥ ਵਿਚ ਭਾਰਤੀ ਡਾਕਟਰਾਂ ਦੀ ਬਹੁ-ਗਿਣਤੀ ਹੈ। ਹਾਂ, ਇੰਗਲੈਂਡ ਵਿਚ ਪੰਜਾਬੀ ਵੀ ਭਾਰਤੀ ਹਨ, ਕੈਨੇਡਾ ਨਾਲੋਂ ਇਹ ਫ਼ਰਕ ਹੈ।

**ਪਹਿਲੇ ਵੇਲ਼ਿਆਂ ਵਿਚ ਬਰਤਨੀਆ ਵਿਚ ਇੰਡੀਅਨ ਵਰਕਰ ਐਸੋਸੀਏਸ਼ਨ ਨਾਂ ਦੀ ਸੰਸਥਾ ਕਾਫੀ ਸਰਗਰਮ ਰਹੀ ਹੈ ਅਤੇ ਤੁਸੀਂ ਵੀ ਇਸ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਹੈ। ਇਹਦੇ ਬਾਰੇ ਕੁਝ ਹੋਰ ਚਾਨਣਾ ਪਾਉ। ਅੱਜ ਕੱਲ੍ਹ ਇਸਦੀ ਸਰਗਰਮੀ ਕਿਵੇਂ ਹੈ?**

: ਭਾਰਤੀ ਮਜ਼ਦੂਰ ਸਭਾ ਨੇ ਏਥੇਪਰਵਾਸੀ ਭਾਰਤੀਆਂ ਦੇ ਹੱਕਾਂ ਲਈ ਸੰਘਰਸ਼ ਦੇ ਰੂਪ ਵਿਚ ਬਹੁਤ ਕੰਮ ਕੀਤਾ ਹੈ।ਜੀਵਨ ਸਾਥੀ ਬਾਹਰੋਂ ਮੰਗਵਾਉਣ ਸਮੇਂ ਸਾਲਾਨਾ ਆਮਦਨ ਦੀ ਜੋ ਸ਼ਰਤ ਸੀ, ਉਸ ਵਿਰੁੱਧ ਭਾਰਤੀ ਮਜ਼ਦੂਰ ਸਭਾ ਨੇ ਤਿੰਨ ਵਾਰ ਪਾਰਲੀਮੈਂਟ ਵਿਚ ਲਾਬੀ ਕੀਤੀ ਕਿ ਇਹ ਰਕਮ ਘੱਟੋ ਘੱਟ ਵੇਜਿਜ਼ ਦੇ ਹਿਸਾਬ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਭਾਰਤੀ ਨਰਸਾਂ ਨੂੰ ਤਨਖ਼ਾਹ ਗੋਰੀਆਂ ਨਰਸਾਂ ਤੋਂ ਘੱਟ ਦਿੱਤੀ ਜਾਂਦੀ ਸੀ, ਉਸ ਵਿਰੁੱਧ ਲੜਾਈ ਲੜੀ। ਫੇਰ ਵਿਜ਼ਟਰਾਂ ਨੂੰ ਬੌਂਡ ਭਰਨ ਤੋਂ ਛੋਟ ਦਵਾਈ। ਸਾਡੀ ਤੀਜੀ ਪੀੜ੍ਹੀ ਨੂੰ ਵੀ ਇੰਮੀਗਰੈਂਟ ਕਹਿਣ ਵਰਗੇ ਵੱਖਰੇਵਿਆਂ ਵਿਰੁੱਧ ਲੜਾਈ ਜਾਰੀ ਹੈ।

**ਸੰਤੋਖ ਜੀ, ਅੱਜ ਕੱਲ੍ਹ ਵਿਸ਼ਵੀਕਰਨ ਦਾ ਬੜਾ ਬੋਲ-ਬਾਲਾ ਹੈ। ਭਾਵੇਂ ਕਿਹਾ ਇਹ ਵੀ ਜਾਂਦਾ ਹੈ ਕਿ ਸਮਾਜਵਾਦ ਤੋਂ ਬਾਅਦ ਪੂੰਜੀਵਾਦ ਦੀਆਂ ਨੀਹਾਂ ਵੀ ਹਿੱਲ ਚੁੱਕੀਆਂ ਹਨ। ਪਰ ਸਰਮਾਏਦਾਰ ਮੁਲਕ ਗ਼ਰੀਬ ਮੁਲਕਾਂ ਵਿਚ ਗ਼ਰੀਬੀ ਹਟਾਉਣ ਦੇ ਪਰਦੇ ਹੇਠ ਉੱਥੇ ਜਾ ਕੇ ਆਪਣੇ ਕਾਰੋਬਾਰ ਵਧਾ ਰਹੇ ਹਨ। ਤੁਸੀਂ ਇਹਦੇ ਬਾਰੇ ਕੀ ਕਹਿਣਾ ਚਾਹੁੰਦੇ ਹੋ?**

: ਸਾਡਾ ਯਕੀਨ ਹੈ ਕਿ ਲੋਕਾਈ ਦਾ ਕਲਿਆਣ ਸਮਾਜਵਾਦ ਨਾਲ ਹੀ ਹੋਣਾ ਹੈ। ਸਰਮਾਏਦਾਰੀ



ਦੀ ਮੌਤ ਇਹਦੇ ਐਕਸ਼ਨਾਂ ਨੇ ਹੀ ਪੈਦਾ ਕਰਨੀ ਹੈ। ਜਿਵੇਂ ਨਿਊਯਾਰਕ ਦੇ ਦੋ ਟਾਵਰਾਂ ਦਾ ਢਹਿਣਾ ਕਦੇ ਸੋਚਾਂ ਤੋਂ ਵੀ ਦੂਰ ਸੀ। ਇਸੇ ਤਰ੍ਹਾਂ ਖ਼ੁਫੀਆ ਰੀਪੋਰਟਾਂ ਦਾ ਇਕ ਵਿਅਕਤੀ ਵੱਲੋਂ ਨਸ਼ਰ ਕਰਨਾ ਸਾਰੀ ਦੁਨੀਆ ਲਈ ਹੈਰਾਨੀ ਵਾਲਾ ਸੀ। ਵਿਸ਼ਵੀਕਰਨ ਦਾ ਫਾਇਦਾ ਜ਼ਰੂਰੀ ਨਹੀਂ ਕਿ ਸਰਮਾਏਦਾਰ ਸਦਾ ਲਈ ਉਠਾਏਗਾ। ਇਸ ਨੂੰ ਵਿਰੋਧੀ ਵੀ ਇਸਤੇਮਾਲ ਕਰ ਸਕਦੇ ਹਨ। ਅਮਰੀਕਾ ਤੋਂ ਪਹਿਲਾਂ ਦੂਜੀ ਵਿਸ਼ਵ ਜੰਗ ਤਕ ਇੰਗਲੈਂਡ ਦਾ ਬੋਲਬਾਲਾ ਸੀ। ਜਿਸ ਦੀ ਸਲਤਨਤ ਦਾ ਕਦੇ ਸੂਰਜ ਨਾ ਸੀ ਛੁਪਦਾ ਤੇ ਹੁਣ ਚੜ੍ਹਦੇ ਦਾ ਵੀ ਕਈ ਦਿਨਾਂ ਤਕ ਮੂੰਹ ਨਹੀਂ ਦਿਸਦਾ। ਦੁਨੀਆ ਨੂੰ ਜਿੱਤਣ ਵਾਲੀਆਂ ਸਲਤਨਤਾਂ ਦਾ ਬਦਲ ਹਮੇਸ਼ਾ ਬਣਿਆ ਰਿਹਾ ਹੈ।

**ਜਦੋਂ ਤੁਸੀਂ ਲਿਖਣਾ ਸ਼ੁਰੂ ਕੀਤਾ, ਉਸ ਵੇਲੇ ਪ੍ਰਗਤੀਸ਼ੀਲ ਲੇਖਕਾਂ ਦਾ ਬੋਲ-ਬਾਲਾ ਸੀ, ਤੁਹਾਡੀ ਕਵਿਤਾ 'ਤੇ ਵੀ ਇਸ ਦਾ ਪ੍ਰਭਾਵ ਰਿਹਾ। ਇਸ ਦੌਰਾਨ ਬਹੁਤ ਕੁਝ ਬਦਲ ਗਿਆ। ਕੀ ਤੁਹਾਡੀ ਵਿਚਾਰਧਾਰਾ ਵਿਚ ਸਮੇਂ ਦੇ ਬਦਲਨ ਨਾਲ ਕੋਈ ਤਬਦੀਲੀ ਆਈ?**

: ਮੇਰੀ ਵਿਚਾਰਧਾਰਾ ਵਿਚ ਕੋਈ ਫ਼ਰਕ ਨਹੀਂ ਪਿਆ। ਤੁਸੀਂ ਜਾਣਦੇ ਹੋ ਕਿ ਵਿਸ਼ਾ-ਵਸਤੂ ਹਰ ਲੇਖਕ ਦਾ ਆਪਣਾ ਹੁੰਦਾ ਹੈ। ਇਹ ਕਿਸੇ 'ਤੇ ਥੋਪਿਆ ਨਹੀਂ ਜਾ ਸਕਦਾ।

**ਅਕਸਰ ਆਲੋਚਕਾਂ ਵੱਲੋਂ ਪੰਜਾਬ ਤੋਂ ਬਾਹਰਲੇ ਲੇਖਕਾਂ ਨੂੰ ਬਹੁਤਾ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ ਰਿਹਾ। ਸਗੋਂ ਪੌਂਡਾਂ ਅਤੇ ਡਾਲਰਾਂ ਨਾਲ ਛਪਣ ਵਾਲੇ ਲੇਖਕ ਆਖ ਕੇ ਉਨ੍ਹਾਂ ਨੂੰ ਨਕਾਰਨ ਦੀ ਕੋਸ਼ਿਸ਼ ਹੁੰਦੀ ਰਹੀ ਹੈ। ਤੁਸੀਂ ਇਸ ਬਾਰੇ ਕੀ ਕਹਿਣਾ ਚਾਹੋਗੇ?**

: ਮੈਂ ਕਦੇ ਵੀ ਆਲੋਚਕਾਂ ਬਾਰੇ ਸੋਚ ਕੇ ਨਹੀਂ ਲਿਖਿਆ। ਇਹ ਸਿਰਫ਼ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਦੇ ਲੇਖਕ ਹੀ ਨਹੀਂ ਸਗੋਂ ਭਾਰਤ ਦੇ ਵੀ ਬਹੁਤ ਸਾਰੇ ਲੇਖਕ ਆਪਣੇ ਕੋਲੋਂ ਖ਼ਰਚ ਕਰਕੇ ਕਿਤਾਬਾਂ ਛਪਵਾਉਂਦੇ ਹਨ। ਜੇ ਬਦੇਸ਼ਾਂ ਵਿਚ ਪੌਂਡਾਂ ਡਾਲਰਾਂ ਵਾਲੇ ਲੇਖਕ ਹਨ ਤਾਂ ਭਾਰਤ ਵਿਚ ਬਹੁਤ ਸਾਰੇ ਆਲੋਚਕ ਵੀ ਹਨ ਜੋ ਪੌਂਡਾਂ ਡਾਲਰਾਂ ਵਾਲੇ ਲੇਖਕਾਂ ਨਾਲ ਸੇਵਾਵਾਂ ਦੇ ਆਦਾਨ ਪ੍ਰਦਾਨ ਲਈ ਤੱਤਪਰ ਰਹਿੰਦੇ ਹਨ। ਡਾ. ਹਰਿਭਜਨ ਸਿੰਘ ਜਦੋਂ ਦੂਜੀ ਵਾਰ ਇੰਗਲੈਂਡ ਆਇਆ ਸੀ, ਉਸ ਨੇ ਕਿਸੇ ਵੀ ਲੇਖਕ ਬਾਰੇ ਲਿਖਣ ਦਾ ਰੇਟ ਰੱਖਿਆ ਸੀ, ਜਿਸ ਦਾ ਮੈਂ ਲਿਖਤੀ ਤੌਰ 'ਤੇ ਵਿਰੋਧ ਕੀਤਾ ਸੀ।

**ਸਾਹਿਤ ਨੂੰ ਵੱਖ ਵੱਖ ਵਰਗਾਂ ਵਿਚ ਰੱਖਕੇ ਵੇਖਣ ਦੇ ਰੁਝਾਨ ਬਾਰੇ ਤੁਹਾਡਾ ਕੀ ਖਿਆਲ ਹੈ?**

: ਕੋਈ ਵਰਗ ਨਹੀਂ। ਸਿਰਫ ਤੇ ਸਿਰਫ ਪੰਜਾਬੀ ਸਾਹਿਤ। ਇਸ ਬਾਰੇ ਕਈ ਵਾਰ ਬਹਿਸ ਹੋ ਚੁੱਕੀ ਹੈ। ਇਹ ਆਰਜ਼ੀ ਵੰਡਾਂ ਉਹ ਕਰਦੇ ਹਨ ਜਿਹਨਾਂ ਦਾ ਉਂਝ ਸਮੁੱਚੇ ਸਾਹਿਤ ਵਿਚ ਜ਼ਿਕਰ ਨਾ ਹੋ ਸਕਦਾ ਹੋਵੇ। ਉਹ ਫੇਰ ਇਹੋ ਜਿਹੇ ਹੱਥ-ਕੰਡੇ ਵਰਤਦੇ ਹਨ।

**ਸੰਤੋਖ ਜੀ, ਮੈਨੂੰ ਪਤਾ ਲੱਗਾ ਹੈ ਕਿ ਤੁਹਾਡੀ ਕਵਿਤਾ 'ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਦੋ ਵਿਦਿਆਰਥੀਆਂ ਨੇ ਖੋਜ ਕਾਰਜ ਕੀਤਾ ਹੈ।ਇਹਦੇ ਬਾਰੇ ਕੁਝ ਦੱਸੋ?**

: ਮੈਂ ਕਦੇ ਵੀ ਆਪਣੇ ਆਪ ਨੂੰ ਵੱਡਾ ਲੇਖਕ ਨਹੀਂ ਸਮਝਿਆ। ਮੈਨੂੰ ਪਤਾ ਮੈਂ ਇਕ ਮਿਡਆਕਰ ਸ਼ਾਇਰ ਹਾਂ। ਹਾਂ, ਸਮੇਂ ਸਮੇਂ ਆਲੋਚਕਾਂ ਪਾਸੋਂ ਚੰਗਾ ਹੁੰਗਾਰਾ ਮਿਲਣ 'ਤੇ ਅਵੱਸ਼ ਖ਼ੁਸ਼ੀ ਹੁੰਦੀ ਰਹੀ ਹੈ। ਮੇਰੀ ਕਵਿਤਾ 'ਤੇ ਇਕ ਵਿਦਿਆਰਥੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ 'ਸੰਤੋਖ ਸਿੰਘ ਸੰਤੋਖ ਦੀ ਕਵਿਤਾ ਵਿੱਚ ਪ੍ਰਵਾਸੀ ਚੇਤਨਾ' ਐਮ ਫਿੱਲ ਕੀਤੀ ਹੈ। ਇਸੇ ਤਰ੍ਹਾਂ ਇੰਗਲੈਂਡ ਦੀ ਪ੍ਰਗਤੀਸ਼ੀਲ ਕਵਿਤਾ ਉੱਤੇ ਪੀਐੱਚ.ਡੀ. ਹੋਈ ਹੈ, ਜਿਸ ਵਿਚ ਪੰਜ ਕਵੀਆਂ ਨਰੰਜਨ ਸਿੰਘ ਨੂਰ, ਸੰਤੋਖ ਸਿੰਘ ਸੰਤੋਖ, ਮੁਸ਼ਤਾਕ, ਜਗਤਾਰ ਢਾਹ ਅਤੇ ਡਾ. ਮੁਹਿੰਦਰ ਗਿੱਲ ਦੀ ਰਚਨਾ ਨੂੰ ਵਿਚਾਰਿਆ ਗਿਆ ਹੈ।

**1989 ਵਿਚ ਇਕ ਵਾਰ ਜਦੋਂ ਤੁਸੀਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਪੰਜਾਬੀ**

**ਕਾਨਫ਼ਰੰਸ ਵਿਚ 'ਬਰਤਾਨੀਆਂ ਦੀ ਪੰਜਾਬੀ ਕਵਿਤਾ' 'ਤੇ ਪਰਚਾ ਪੜ੍ਹਿਆ ਸੀ ਤਾਂ ਬੜਾ ਰੌਲ਼ਾ ਰੱਪਾ ਪਿਆ ਸੀ। ਆਪਣੇ ਪਰਚੇ ਵਿਚ ਤੁਸੀਂ ਇਹੋ ਜਿਹਾ ਕੀ ਲਿਖ ਦਿੱਤਾ ਸੀ?**

: ਸਤਨਾਮ ਜੀ, ਪਹਿਲੀ ਗੱਲ ਤਾਂ ਇਹ ਸੀ ਕਿ ਉਸ ਸਮੇਂ ਕਿਹੜੇ ਲੇਖਕ ਖ਼ਾਲਸਤਾਨੀਆਂ ਦੇ ਵਿਰੁੱਧ ਸਨ ਅਤੇ ਕਿਹੜੇ ਹੱਕ ਵਿਚ। ਦੂਜੀ ਗੱਲ ਅਵਤਾਰ ਜੰਡਿਆਲਵੀ ਦੀ ਕਵਿਤਾ 'ਮੇਰੇ ਪਰਤ ਆਉਣ ਤੱਕ' ਬਾਰੇ ਸੀ। ਡਾਕਟਰ ਹਰਿਭਜਨ ਸਿੰਘ ਨੇ 'ਆਰਸੀ' ਵਿਚ ਲੇਖ ਲਿਖਿਆ ਸੀ। ਦਰਅਸਲ ਇਹ ਕਵਿਤਾ ਜਗਤਾਰ ਢਾਅ ਦੀ ਕਿਤਾਬ 'ਗੁਆਚੇ ਘਰ ਦੀ ਤਲਾਸ਼' ਦਾ ਚਰਬਾ ਸੀ। ਜਗਤਾਰ ਢਾਅ ਦੀ ਕਿਤਾਬ ਪਹਿਲਾਂ ਛਪੀ ਸੀ ਅਤੇ ਅਵਤਾਰ ਦੀ ਬਾਅਦ ਵਿਚ। ਜਗਤਾਰ ਢਾਅ ਦੀ ਕਵਿਤਾ ਲੈਅਬਧ ਛੰਦ ਵਿਚ ਹੈ ਤੇ ਅਵਤਾਰ ਦੀ ਬਲੈਂਕ ਵਰਸ। ਇਹ ਗੱਲ ਮੈਂ ਹਰਿਭਜਨ ਸਿੰਘ ਦੀ ਹਾਜ਼ਰੀ ਵਿਚ ਕਹੀ ਜੋ ਡਾਕਟਰ ਦੇ ਚੇਲਿਆਂ ਨੂੰ ਹਜ਼ਮ ਨਾ ਹੋਈ।

**ਸੰਤੋਖ ਜੀ, ਆਪਣੇ ਧਾਰਮਿਕ ਤੇ ਸੱਭਿਆਚਾਰਕ ਵਿਰਸੇ ਨੂੰ ਬਣਾਈ ਰੱਖਣ ਲਈ ਤਾਂ ਪੰਜਾਬੀ ਕਾਫੀ ਚਿੰਤਤ ਨਜ਼ਰ ਆਉਂਦੇ ਹਨ। ਕੀ ਉਹ ਪੰਜਾਬੀ ਭਾਸ਼ਾ ਨੂੰ ਜਿਉਂਦਾ ਰੱਖਣ ਲਈ ਵੀ ਫਿਕਰਮੰਦ ਹਨ? ਕੀ ਨਵੀਂ ਪੀੜ੍ਹੀ ਨੂੰ ਪੰਜਾਬੀ ਜ਼ੁਬਾਨ ਤੇ ਸਭਿਆਚਾਰ ਨਾਲ ਜੋੜੀ ਰੱਖਣਾ ਸੰਭਵ ਹੋਵੇਗਾ?**

: ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਤਾਂ ਵਾਹਵਾ ਬਣੀ ਰਹੇਗੀ ਪਰ ਮੇਨ ਸਟਰੀਮ ਵਿਚ ਵਲੀਨ ਹੋਣ ਦਾ ਜਜ਼ਬਾ ਜ਼ਿਆਦਾ ਭਾਰੂ ਹੋ ਰਿਹਾ ਹੈ। ਜਦੋਂ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਬੰਦ ਹੋਈ ਤਦ ਇਕਾ ਦੁੱਕਾ ਉਹਨਾਂ ਲੋਕਾਂ ਨੇ ਹੀ ਇਸ ਵਿਰੁੱਧ ਆਵਾਜ਼ ਉਠਾਈ, ਜਿਹਨਾਂ ਨੂੰ ਟੀਚਿੰਗ ਦੀ ਨੌਕਰੀ ਮਿਲੀ ਹੋਈ ਸੀ। ਨਵੀਂ ਪੀੜ੍ਹੀ ਦਾ ਪੰਜਾਬੀ ਜ਼ੁਬਾਨ ਨਾਲ ਜੁੜੇ ਰਹਿਣਾ ਮੁਸ਼ਕਲ ਜਾਪਦਾ ਹੈ। ਸਾਡੇ ਬਹੁਤੇ ਲੋਕ ਤਾਂ ਸਾਊਥਹਾਲ ਦੇ ਰੇਲਵੇ ਸਟੇਸ਼ਨ ਦਾ ਨਾਂ ਪੰਜਾਬੀ ਵਿਚ ਲਿਖਣ ਨੂੰ ਹੀ ਪ੍ਰਾਪਤੀ ਸਮਝਕੇ ਸੰਤੁਸ਼ਟ ਹਨ।

**ਸੰਤੋਖ ਜੀ, ਵਲੈਤ ਆ ਕੇ ਕੀ ਖੱਟਿਆ ਕਮਾਇਆ, ਕੀ ਗੁਆਇਆ, ਕਦੇ ਵਿਚਾਰ ਕੀਤਾ ਹੋਵੇ ਤਾਂ ਸਾਂਝਾ ਕਰੋ?**

: ਢਾਅ ਜੀ, ਇੱਥੇ ਆ ਕੇ ਮੈਂ ਖੱਟਿਆ ਹੀ ਹੈ, ਕੁਝ ਗੁਆਇਆ ਨਹੀਂ। ਜਿਹੜੀ ਨੌਕਰੀ ਮੈਂ ਇੱਥੇ ਕੀਤੀ, ਉਸ ਨਾਲ ਮੁੱਢੋਂ ਜ਼ਿੰਦਗੀ ਸ਼ੁਰੂ ਕਰਕੇ ਆਪਣਾ ਘਰ ਬਣਾਇਆ, ਪਿੱਛੇ ਮਾਪਿਆਂ ਦੀ ਬੁਢਾਪੇ ਵਿਚ ਸਹਾਇਤਾ ਕੀਤੀ। ਬੱਚਿਆਂ ਨੂੰ ਯੂਨੀਵਰਸਿਟੀ ਤਕ ਦੀ ਵਿੱਦਿਆ ਦਿਵਾਈ। 1992 ਤੋਂ ਰਿਟਾਇਰਮੈਂਟ ਦੀ ਜ਼ਿੰਦਗੀ ਮਾਣੀ। ਇਹ ਸਾਰੀਆਂ ਗੱਲਾਂ ਭਾਰਤ ਰਹਿ ਕੇ ਸੰਭਵ ਨਹੀਂ ਸਨ। ਨਾਲੇ ਇਕ ਮਜ਼ਦੂਰ ਕੋਲ਼ ਗੁਆਉਣ ਲਈ ਕੀ ਹੋ ਸਕਦਾ ਹੈ?

**ਕੋਈ ਹੋਰ ਗੱਲ ਜੋ ਮੈਂ ਨਾ ਛੋਹ ਸਕਿਆ ਹੋਵਾਂ, ਪਰ ਤੁਸੀਂ ਸਮਝਦੇ ਹੋਵੋਂ ਕਿ ਦੱਸਣੀ ਬਣਦੀ ਹੈ?**

: ਜ਼ਿੰਦਗੀ ਸਵਾਲਾਂ ਜਵਾਬਾਂ ਤੋਂ ਬਿਨਾਂ ਵੀ ਤੁਰੀ ਜਾਂਦੀ ਹੈ। ਇਸ ਲਈ ਕੋਈ ਹੋਰ ਕਹਿਣ ਦਾ ਸਬੱਬ ਬਣਿਆ ਰਹੇ,ਇਸ ਤੋਂ ਵਧੀਆ ਕੀ ਹੋ ਸਕਦਾ ਹੈ?

**ਸੰਤੋਖ ਜੀ, ਤੁਸੀਂ ਢਿੱਲੀ ਸਿਹਤ ਹੋਣ ਦੇ ਬਾਵਜੂਦ ਆਪਣੀ ਜ਼ਿੰਦਗੀ ਦੇ ਪੰਨਿਆਂ ਨੂੰ ਸਾਂਝੇ ਕੀਤਾ, ਆਪ ਜੀ ਦਾ ਬਹੁਤ ਬਹੁਤ ਧੰਨਵਾਦ।** 000

***(318 California Place NE, Calgary, AB Canada T1Y 6S3)***



# ਮਾਰਕਸਵਾਦੀ ਚਿੰਤਕ, ਅਧਿਆਪਕ ਅਤੇ ਪੰਜਾਬੀ ਕਵੀ ਪ੍ਰੋਫੈਸਰ ਰਣਧੀਰ ਸਿੰਘ: ਚਮਨ ਲਾਲ

94 ਸਾਲਾਂ ਦੀ ਪਰਪੱਕ ਉਮਰ ਵਿਚ 31 ਜਨਵਰੀ 2016 ਦੀ ਦੇਰ ਰਾਤ ਪ੍ਰੋਫੈਸਰ ਰਣਧੀਰ ਸਿੰਘ ਨੇ ਅੰਤਿਮ ਸਾਹ ਲਿਆ। 90 ਸਾਲਾਂ ਦੀ ਉਮਰ ਤਕ ਉਹ ਪੂਰੀ ਤਰ੍ਹਾਂ ਸਰਗਰਮ ਰਹੇ- ਯਾਤਰਾਵਾਂ ਕਰਦੇ, ਭਾਸ਼ਣ ਦਿੰਦੇ, ਲਿਖਦੇ-ਪੜ੍ਹਦੇ, ਦੋਸਤਾਂ ਸਾਥੀਆਂ, ਪਰਿਵਾਰ ਅਤੇ ਪ੍ਰਸ਼ੰਸਕਾਂ ਨਾਲ ਵਿਚਾਰ-ਵਟਾਂਦਰਾ ਕਰਦੇ ਰਹੇ। ਆਖਰੀ ਚਾਰ ਪੰਜ ਸਾਲ ਉਹ ਘਰੋਂ ਬਾਹਰ ਬਹੁਤ ਘੱਟ ਹੀ ਨਿਕਲਦੇ ਰਹੇ। ਜਿਵੇਂ 3 ਮਈ 2013 ਨੂੰ ਉਹ ਇਸ ਲੇਖਕ ਦੀ ਅੰਗਰੇਜ਼ੀ ਕਿਤਾਬ- 'Undestanding Bhagat Singh' ਰਿਲੀਜ਼ ਕਰਨ ਲਈ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਆਏ ਸਨ। ਭਗਤ ਸਿੰਘ ਉਹਨਾਂ ਦਾ ਬਚਪਨ ਤੋਂ ਹੀ ਹੀਰੋ ਰਿਹਾ। ਉਹਨਾਂ ਦੀ ਸਭ ਤੋਂ ਮਹੱਤਵਪੂਰਨ ਕਿਤਾਬ 'Crisis of Socialism' ਕਰੀਬ ਦਹਾਕਾ ਪਹਿਲਾਂ ਛਪੀ ਸੀ, ਜਿਸਨੂੰ ਉਹਨਾਂ ਵਰਗੇ ਹੀ ਚਰਚਤ ਮਾਰਕਸਵਾਦੀ ਚਿੰਤਕ ਐਜਾਜ਼ ਅਹਿਮਦ ਨੇ ਦਿੱਲੀ ਵਿਚ ਰਿਲੀਜ਼ ਕੀਤਾ ਸੀ। ਇਸ ਕਿਤਾਬ ਤੋਂ ਬਾਅਦ ਉਹਨਾਂ ਕੁਝ ਹੋਰ ਕਿਤਾਬਾਂ ਵੀ ਛਪਵਾਈਆਂ, ਜਿਨ੍ਹਾਂ ਵਿਚ ਕਮਿਊਨਿਸਟ ਇਨਕਲਾਬੀ ਟੀ.ਐੱਨ.ਨਾਗੀ ਰੈਡੀ ਯਾਦਗਾਰੀ ਭਾਸ਼ਣ ਨੂੰ ਕਿਤਾਬੀ ਰੂਪ 'Indian Politics Today-An argument for socialism oriented path of development' (2009) ਅਤੇ ਇਕ ਹੋਰ ਪੁਰਾਣੇ ਲੇਖਾਂ ਦੇ ਸੰਗ੍ਰਿਹ 'On Nationalism and Communalism in India'(2010) ਸ਼ਾਮਿਲ ਹਨ। ਉਹ ਆਪਣੇ ਬਚਪਨ ਦੇ ਹੀਰੋ ਭਗਤ ਸਿੰਘ 'ਤੇ ਕਿਤਾਬ ਲਿਖਣ ਦੀ ਇੱਛਾ ਪੂਰੀ ਨਹੀਂ ਕਰ ਸਕੇ, ਜਿਸ ਲਈ ਉਹਨਾਂ ਬਹੁਤ ਸਾਰੀਆਂ ਕਿਤਾਬਾਂ ਵੀ ਇਕੱਠੀਆਂ ਕਰ ਲਈਆਂ ਸਨ, ਪਰ ਉਮਰ ਤੇ ਸਿਹਤ ਨੇ ਇਸ ਕਿਤਾਬ ਨੂੰ ਪੂਰਾ ਕਰਨ ਲਈ ਉਹਨਾਂ ਦਾ ਸਾਥ ਨਹੀਂ ਦਿੱਤਾ। ਨਾ ਹੀ ਉਹ ਗਾਂਧੀ ਬਾਰੇ ਅਤੇ ਗਾਂਧੀ ਅਤੇ ਭਗਤ ਸਿੰਘ ਦੀ ਭਾਰਤੀ ਸਮਾਜ ਦੇ ਉਹਨਾਂ ਦੇ ਨਜ਼ਰੀਏ ਦੀ ਤੁਲਨਾ ਦਾ ਕਾਰਜ ਪੂਰਾ ਕਰ ਸਕੇ।

ਰਣਧੀਰ ਸਿੰਘ ਹੋਰਾਂ ਲਿਖਣ ਦਾ ਕਾਰਜ 23 ਸਾਲਾਂ ਦੀ ਉਮਰ ਵਿਚ ਇਕ ਮਹੱਤਵਪੂਰਨ ਛੋਟੀ ਕਿਤਾਬ ਲਿਖਣ ਨਾਲ ਸ਼ੁਰੂ ਕੀਤਾ। 1945 ਵਿਚ ਇਸ ਕਿਤਾਬ ਨੂੰ ਇਨਕਲਾਬੀ ਭਗਤ ਸਿੰਘ ਦੇ ਸਾਥੀ ਤੇ ਬਾਅਦ ਵਿਚ ਭਾਰਤੀ ਕਮਿਊਨਿਸਟ ਪਾਰਟੀ ਦੇ ਲੰਮਾ ਸਮਾਂ ਜਨਰਲ ਸਕੱਤਰ ਰਹੇ ਅਜੈ ਘੋਸ਼ ਦੀ ਭੂਮਿਕਾ ਨਾਲ ਪੀਪਲਜ਼ ਪਬਲਿਸ਼ਿੰਗ ਹਾਊਸ ਦਿੱਲੀ ਨੇ ਛਾਪਿਆ ਸੀ- 'Ghadar Heroes: A Forgotten Story of the Punjab Revolutionaries of 1914-15' ।ਅਸਲ ਵਿਚ ਇਹ ਕਿਤਾਬ ਇਕ ਵੱਡੀ ਕਿਤਾਬ ਦਾ ਹਿੱਸਾ ਬਣਨੀ ਸੀ-ਗ਼ਦਰ ਪਾਰਟੀ ਦੇ ਚਰਚਿਤ ਨਾਇਕ ਬਾਬਾ ਗੁਰਮੁਖ ਸਿੰਘ ਦੀ ਜੀਵਨੀ, ਜੋ ਕਦੀ ਪੂਰੀ ਨਹੀਂ ਹੋਈ। ਉਸ ਸਮੇਂ ਰਣਧੀਰ ਸਿੰਘ ਲਾਹੌਰ ਤੋਂ ਛਪਦੇ ਸੀ.ਪੀ.ਆਈ. ਦੇ ਪੰਜਾਬੀ ਹਫਤਾਵਾਰੀ 'ਜੰਗੇ ਆਜ਼ਾਦੀ' ਦੇ ਸੰਪਾਦਕੀ ਬੋਰਡ ਵਿਚ ਸਨ। ਇਹ ਕਿਤਾਬ ਲਾਹੌਰ ਤੋਂ 1946 ਵਿਚ ਪੰਜਾਬੀ ਵਿਚ ਛਪੀ ਸੀ, ਜਿਸਦਾ ਇਕ ਐਡੀਸ਼ਨ ਬਾਅਦ ਵਿਚ ਗੁਰਸ਼ਰਨ ਸਿੰਘ ਹੋਰਾਂ ਵੀ ਛਾਪਿਆ ਸੀ। ਅੰਗਰੇਜ਼ੀ ਅਤੇ ਹਿੰਦੀ ਵਿਚ ਵੀ ਇਹ ਕਿਤਾਬ ਛਪੀ। ਇਹ ਉਹ ਸਮਾਂ ਸੀ, ਜਦੋਂ ਰਣਧੀਰ ਸਿੰਘ ਲੋਕਾਂ ਵਿਚ ਸਰਗਰਮੀ ਨਾਲ ਵਿਚਰਦੇ ਪੰਜਾਬੀ ਜ਼ੁਬਾਨ ਵਿਚ ਲਿਖਦੇ ਸਨ। ਇਹਨਾਂ ਦਿਨਾਂ ਵਿਚ ਉਹਨਾਂ ਪੰਜਾਬੀ ਵਿਚ ਕਵਿਤਾ ਵੀ ਰਚੀ , ਜੋ ਕਾਵਿ ਸੰਗ੍ਰਹਿ 'ਰਾਹਾਂ ਦੀ ਧੂੜ' ਦੇ ਸਿਰਲੇਖ ਨਾਲ 1950 ਵਿਚ ਛਪਿਆ ਸੀ। ਇਸ ਵਿਚ ਉਹਨਾਂ 1947-49 ਦੇ ਅਰਸੇ ਦੌਰਾਨ ਲਿਖੀਆਂ ਕਵਿਤਾਵਾਂ

ਵਿਚੋਂ ਚੁਣ ਕੇ 25 ਕਵਿਤਾਵਾਂ ਸ਼ਾਮਿਲ ਕੀਤੀਆਂ ਸਨ। ਉਹਨਾਂ ਕੁੱਲ ਕਿੰਨੀਆਂ ਕਵਿਤਾਵਾਂ ਲਿਖੀਆਂ, ਇਸਦਾ ਵੇਰਵਾ ਨਹੀਂ ਮਿਲਦਾ। ਇਸ ਸੰਗ੍ਰਹਿ ਤੋਂ ਬਾਅਦ ਰਣਧੀਰ ਸਿੰਘ ਦੀ ਕਿਸੇ ਹੋਰ ਕਵਿਤਾ ਲਿਖਣ ਦਾ ਵੀ ਜ਼ਿਕਰ ਨਹੀਂ ਮਿਲਦਾ। ਇਹ ਕਵਿਤਾਵਾਂ ਦੇਸ਼ ਦੀ ਵੰਡ ਅਤੇ ਵੰਡ ਤੋਂ ਬਾਅਦ ਦੇ ਪੀੜਾਂ ਭਰੇ ਮਾਹੌਲ ਨੂੰ ਚਿਤਰਣ ਵਾਲੀਆਂ ਕਵਿਤਾਵਾਂ ਹਨ, ਜਿਨ੍ਹਾਂ ਨੂੰ ਉਸ ਸਮੇਂ ਦੇ ਸਾਹਿਤ ਆਲੋਚਕਾਂ ਵੱਲੋਂ ਵੀ ਭਰਪੂਰ ਪ੍ਰਸ਼ੰਸਾ ਮਿਲੀ ਸੀ।

ਰਣਧੀਰ ਸਿੰਘ ਦਾ ਜਨਮ 9 ਫਰਵਰੀ 1922 ਨੂੰ ਪੰਜਾਬ ਦੇ ਮੋਗਾ ਜ਼ਿਲ੍ਹੇ ਵਿਚ ਹੋਇਆ। ਉਹਨਾਂ ਦੇ ਪਿਤਾ ਵਿਚਾਰਾਂ ਪੱਖੋਂ ਆਦਰਸ਼ਵਾਦੀ ਅਤੇ ਪੇਸ਼ੇ ਵਜੋਂ ਡਾਕਟਰ ਅਤੇ ਸਿਵਲ ਸਰਜਨ ਸਨ। ਰਣਧੀਰ ਸਿੰਘ ਅਨੁਸਾਰ ਉਹ ਆਪਣੇ ਦਿਮਾਗ਼ ਵਿਚ ਗਾਂਧੀ ਅਤੇ ਲੈਨਿਨ ਦੇ ਮੇਲ ਨਾਲ ਭਰੇ ਸਨ ਅਤੇ ਉਪਰੋਂ ਧਾਰਮਿਕ ਵੀ ਸਨ। ਰਣਧੀਰ ਸਿੰਘ ਚੰਗੇ ਵਿਦਿਆਰਥੀ ਸਨ ਅਤੇ ਉਹਨਾਂ ਮੈਡੀਕਲ ਦਾਖਲੇ ਲਈ ਯੋਗਤਾ ਹਾਸਲ ਕੀਤੀ, ਪਰ ਉਹਨਾਂ ਆਰਟਸ ਦੀ ਪੜ੍ਹਾਈ ਚੁਣੀ, ਜਿਸ ਵਿਚ ਉਹਨਾਂ ਦੇ ਅਧਿਆਪਕਾਂ ਅਨੁਸਾਰ ਉਹ ਸਭ ਤੋਂ ਵਧੀਆ ਸਨ। ਪੰਜਾਬ ਯੂਨੀਵਰਸਿਟੀ ਲਾਹੌਰ ਦੀ ਪੋਲੀਟੀਕਲ ਸਾਇੰਸ ਪਰੀਖਿਆ ਵਿਚੋਂ ਉਹਨਾਂ ਫ਼ਸਟ ਰਹਿ ਕੇ ਇਸ ਨੂੰ ਸਾਬਤ ਵੀ ਕਰ ਦਿੱਤਾ। ਉਹ ਉਸ ਸਮੇਂ ਸਰਗਰਮ ਸਿਆਸੀ ਕਾਰਕੁਨ ਸਨ ਅਤੇ ਇਕ ਸਾਲ ਲਾਹੌਰ ਜੇਲ੍ਹ ਵਿਚ ਵੀ ਰਹਿ ਚੁੱਕੇ ਸਨ, ਜੋ ਉਹਨਾਂ ਦੇ ਪ੍ਰਸਿੱਧ ਸਵੈ ਕਥਨ 'ਬਾਇਓ-ਡਾਟਾ ਦੇ ਬਦਲੇ' ਅਨੁਸਾਰ ਉਹਨਾਂ ਦੀ ਜ਼ਿੰਦਗੀ ਦਾ ਸਭ ਤੋਂ ਵੱਧ ਖੁਸ਼ੀ ਭਰਪੂਰ ਸਮਾਂ ਸੀ, ਕਿਉਂਕਿ ਇਹ ਸਮਾਂ ਉਹਨਾਂ ਆਪਣੇ ਹੀਰੋ ਭਗਤ ਸਿੰਘ ਦੇ ਸਾਥੀਆਂ ਪੰਡਤ ਕਿਸ਼ੋਰੀ ਲਾਲ ਵਰਗਿਆਂ ਨਾਲ 'ਦਹਿਸ਼ਤਗਰਦ ਵਾਰਡ' ਵਿਚ ਬਿਤਾਇਆ, ਜਿੱਥੇ ਕਦੀ ਭਗਤ ਸਿੰਘ ਕੈਦ ਸੀ। ਰਣਧੀਰ ਸਿੰਘ 1939 ਵਿਚ 17 ਸਾਲਾਂ ਦੀ ਉਮਰ ਵਿਚ ਕਮਿਊਨਿਸਟ ਪਾਰਟੀ ਦੇ ਕੁੱਲਵਕਤੀ ਵਰਕਰ ਬਣ ਗਏ ਸਨ। ਪਹਿਲਾਂ ਉਹਨਾਂ ਸਟੂਡੈਂਟ ਫੈਡਰੇਸ਼ਨ ਵਿਚ ਕੰਮ ਕੀਤਾ, ਜਿਸਦੇ ਆਗੂ ਉਸ ਸਮੇਂ ਸਤਿਆ ਪਾਲ ਡਾਂਗ ਸਨ। ਉਹ ਰੂਪੋਸ਼ ਰਹਿ ਕੇ ਪੇਂਡੂ ਖੇਤਰ ਵਿਚ ਕਿਸਾਨਾਂ ਵਿਚ ਕੰਮ ਕਰਦੇ ਰਹੇ, ਨਾਲ ਹੀ ਪਾਰਟੀ ਦੇ ਪੰਜਾਬੀ ਪਰਚੇ ਦੇ ਸੰਪਾਦਕੀ ਸਟਾਫ਼ ਵਿਚ ਵੀ ਕੰਮ ਕਰਦੇ ਰਹੇ। ਉਹਨਾਂ ਕਮਿਊਨਿਸਟ ਮੈਨੀਫ਼ੈਸਟੋ ਅਤੇ ਮਾਰਕਸ ਦੀਆਂ ਕੁਝ ਹੋਰ ਰਚਨਾਵਾਂ ਦਾ ਪੰਜਾਬੀ ਅਨੁਵਾਦ ਵੀ ਕੀਤਾ। 1947 ਤਕ ਉਹਨਾਂ ਦੀ ਸਰਗਰਮੀ ਦਾ ਕੇਂਦਰ ਲਾਹੌਰ ਸੀ, ਜੋ ਵੰਡ ਬਾਅਦ ਪਾਕਿਸਤਾਨ ਦੇ ਹਿੱਸੇ ਆ ਗਿਆ। ਇਹ ਰਣਧੀਰ ਸਿੰਘ ਲਈ ਕਾਫੀ ਦੁਖਦਾਈ ਸੀ, ਕਿਉਂਕਿ ਉਹ ਲਾਹੌਰ ਨੂੰ ਵਾਕਈ ਪਿਆਰ ਕਰਦੇ ਸਨ। ਉਹਨਾਂ ਵੰਡ ਦੇ ਦੁਖਾਂਤ ਬਾਰੇ ਅਤੇ ਖਾਸ ਕਰ ਲਾਹੌਰ ਛੱਡਣ ਦੇ ਦਰਦ ਬਾਰੇ ਕਈ ਕਵਿਤਾਵਾਂ ਲਿਖੀਆਂ। ਲਾਹੌਰ ਛੱਡਣ 'ਤੇ ਉਹਨਾਂ ਦੀ ਇਕ ਖ਼ੂਬਸੂਰਤ ਕਵਿਤਾ ਹੈ-'ਲਾਹੌਰ ਨੂੰ ਸਲਾਮ!'

ਦੇਸ਼-ਵੰਡ ਸਮੇਂ ਰਣਧੀਰ ਸਿੰਘ 25 ਵਰ੍ਹਿਆਂ ਦੇ ਸਨ ਅਤੇ ਦਿੱਲੀ ਆਉਣ ਬਾਅਦ ਉਹ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਲਈ ਪੰਜਾਬ ਯੂਨੀਵਰਸਿਟੀ ਵੱਲੋਂ ਸਥਾਪਤ ਕੈਂਪ ਕਾਲਜ ਵਿਚ ਪੜ੍ਹਾਉਣ ਲੱਗੇ। ਰਾਜਨੀਤੀ ਸ਼ਾਸਤਰ ਵਿਚ ਉਹਨਾਂ ਦੀ ਫ਼ਸਟ ਕਲਾਸ ਡਿਗਰੀ ਇਸ ਸਮੇਂ ਬੜੀ ਕੰਮ ਆਈ ਅਤੇ ਉਹਨਾਂ ਨੂੰ ਦਿੱਲੀ ਦੇ ਪ੍ਰਸਿੱਧ ਕਾਲਜ 'ਦਿੱਲੀ ਕਾਲਜ' ਵਿਚ ਲੈਕਚਰਾਰ ਦੀ ਨੌਕਰੀ ਮਿਲ ਗਈ, ਜਿੱਥੇ ਹਿੰਦੀ ਲੇਖਕ ਭੀਸ਼ਮ ਸਾਹਨੀ ਅਤੇ ਇਤਿਹਾਸਕਾਰ ਬਿਪਨ ਚੰਦਰ ਵਰਗੇ ਲੋਕ ਉਹਨਾਂ ਦੇ ਸਹਿਯੋਗੀ ਸਨ। ਉਹਨਾਂ ਦਿਨਾਂ ਵਿਚ ਉਹ ਅਤੇ ਬਿਪਨ ਚੰਦਰ 'Enquiry' ਅਤੇ ਵਿਸ਼ਵ ਦੇ ਹੋਰ ਖੱਬੇ ਪੱਖੀ ਪਰਚੇ ਵੰਡਦੇ ਹੁੰਦੇ ਸਨ। ਉਹ ਸੀ.ਪੀ.ਆਈ. ਨਾਲ ਜੁੜੇ ਤਾਂ ਰਹੇ, ਪਰ ਉਸਦੀਆਂ 'ਸੋਧਵਾਦੀ' ਨੀਤੀਆਂ ਦੇ ਆਲੋਚਕ ਸਨ। ਇਸ ਸਮੇਂ ਦੌਰਾਨ ਉਹਨਾਂ 'ਤੇ 'ਆਫੀਸ਼ੀਅਲ ਕਮਿਊਨਿਸਟਾਂ' ਵੱਲੋਂ ਬੜੇ ਭੈੜੇ ਹਮਲੇ ਕੀਤੇ ਗਏ। ਉਹਨਾਂ ਨੂੰ ਸੀ.ਪੀ.ਆਈ. ਦੇ ਸਿਧਾਂਤਕ ਪੰਜਾਬੀ ਪਰਚੇ 'ਸਾਡਾ ਜੁੱਗ' ਦੇ ਸੰਪਾਦਕ ਪਦ ਤੋਂ ਹਟਾ ਦਿੱਤਾ



ਗਿਆ। ਉਹਨਾਂ ਉਪਰ 'ਵਿਅਕਤੀਵਾਦ' ਅਤੇ 'ਬੌਧਿਕ ਗੁਸਤਾਖ਼' ਹੋਣ ਦੇ ਇਲਜ਼ਾਮ ਲਾਏ ਗਏ, ਕਿਉਂਕਿ ਉਹਨਾਂ ਬੀ.ਟੀ. ਰੰਦੀਵੇ ਦਾ ਮਾਓ ਜ਼ੇ ਤੁੰਗ ਦੀ ਆਲੋਚਨਾ ਵਾਲਾ ਲੇਖ ਛਾਪਣ ਤੋਂ ਇਨਕਾਰ ਕਰ ਦਿੱਤਾ ਸੀ। ਇਹਨਾਂ ਸੰਕਟ ਤੇ ਤਣਾਓ ਦੇ ਦਿਨਾਂ ਵਿਚ ਅਧਿਆਪਨ ਕਾਰਜ ਨੇ ਰਣਧੀਰ ਸਿੰਘ ਨੂੰ ਬਹੁਤ ਰਾਹਤ ਵੀ ਦਿੱਤੀ ਤੇ ਖੁਸ਼ੀ ਵੀ ਪੁਚਾਈ। ਕਰੀਬ ਦੋ ਦਹਾਕੇ ਹੁਣ ਜ਼ਾਕਿਰ ਹੁਸੈਨ ਕਾਲਜ ਦੇ ਨਾਂ ਨਾਲ ਜਾਣੇ ਜਾਂਦੇ 'ਦਿੱਲੀ ਕਾਲਜ' ਅਤੇ ਥੋੜ੍ਹਾ ਸਮਾਂ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਿਚ ਪੜ੍ਹਾਉਣ ਪਿੱਛੋਂ ਉਹਨਾਂ ਨੂੰ ਦਿੱਲੀ ਯੂਨੀਵਰਸਿਟੀ ਦੇ ਪੁਲੀਟੀਕਲ ਸਾਇੰਸ ਵਿਭਾਗ ਵਿਚ 1972 ਵਿਚ ਪ੍ਰੋਫੈਸਰ ਨਿਯੁਕਤ ਕੀਤਾ ਗਿਆ, ਜਿੱਥੋਂ ਉਹ 1987 ਵਿਚ ਰਿਟਾਇਰ ਹੋਏ। ਇਸ ਦੌਰਾਨ ਉਹਨਾਂ ਦਾ ਪੀ.ਐਚ.ਡੀ.ਦਾ ਖੋਜ ਪ੍ਰਬੰਧ ਰੱਦ ਕੀਤਾ ਗਿਆ ਅਤੇ ਉਹਨਾਂ 1967 ਵਿਚ ਸਿਰਫ ਇਕ ਕਿਤਾਬ 'Reason, Revolution and Political Theory' ਹੀ ਛਾਪੀ ਸੀ, ਜੋ ਮਾਇਕਲ ਓਕਸ਼ਾਟ ਦੀ ਕਿਤਾਬ 'Rationalism in Politics' ਦੀ ਆਲੋਚਨਾ ਸੀ। ਇਸ ਇਕ ਕਿਤਾਬ ਨੇ ਹੀ ਉਹਨਾਂ ਨੂੰ ਰਾਜਨੀਤਕ ਚਿੰਤਕ ਦਾ ਦਰਜਾ ਦੁਆਇਆ। ਉਹਨਾਂ ਦੀਆਂ ਬਾਕੀ ਕਿਤਾਬਾਂ ਤਾਂ ਬਹੁਤ ਬਾਅਦ ਵਿਚ ਛਪੀਆਂ, ਰਿਟਾਇਰ ਹੋਣ ਤੋਂ ਬਾਅਦ!

ਜਦ ਰਣਧੀਰ ਸਿੰਘ ਜ਼ਿਆਦਾ ਲਿਖ ਨਹੀਂ ਸੀ ਰਹੇ, ਉਸ ਵੇਲੇ ਵੀ ਇਕ ਅਧਿਆਪਕ ਦੇ ਤੌਰ 'ਤੇ ਪੂਰੀ ਦਿੱਲੀ ਵਿਚ ਉਹਨਾਂ ਦੀ ਧਾਂਕ ਸੀ। ਅਧਿਆਪਕ ਦੇ ਤੌਰ 'ਤੇ ਤਾਂ ਉਹ ਹਰ ਜਗਾਹ ਚਰਚਿਤ ਸਨ। ਉਹਨਾਂ ਦੀ ਪੁਲੀਟੀਕਲ ਸਾਇੰਸ ਦੀ ਕਲਾਸ ਵਿਚ ਹਿਸਟਰੀ, ਫ਼ਿਲਾਸਫ਼ੀ, ਸੋਸ਼ਿਆਲੋਜ, ਇਕਨਾਮਿਕਸ ਅਤੇ ਸਾਹਿਤ ਤਕ ਦੇ ਵਿਦਿਆਰਥੀ ਆ ਜਾਂਦੇ ਸਨ। ਕਈ ਵਾਰ ਤਾਂ ਕਲਾਸ ਰੂਮ ਵਿਚ ਜਗਾਹ ਨਾ ਹੋਣ ਕਰਕੇ ਵਿਦਿਆਰਥੀ ਬਾਹਰ ਬਰਾਮਦੇ ਵਿਚ ਉਹਨਾਂ ਦਾ ਲੈਕਚਰ ਸੁਣਨ ਲਈ ਖੜ੍ਹੇ ਰਹਿੰਦੇ ਸਨ। ਉਹਨਾਂ ਨੂੰ ਕਈ ਵਾਰ ਸਲਾਹ ਦਿੱਤੀ ਗਈ ਕਿ ਉਹ 'ਬਗ਼ਾਵਤ' ਬਾਰੇ ਨਾ ਪੜ੍ਹਾਉਣ। ਉਹਨਾਂ ਨੂੰ ਮਾਰਕਸ ਪੜ੍ਹਾਉਣ ਤੋਂ ਰੋਕਣ ਲਈ ਪਲੈਟੋ ਪੜ੍ਹਾਉਣ ਲਾ ਦਿੱਤਾ ਗਿਆ, ਪਰ ਰਣਧੀਰ ਸਿੰਘ ਪਲੈਟੋ ਰਾਹੀਂ ਵੀ ਮਾਰਕਸ ਪੜ੍ਹਾ ਦਿੰਦੇ ਸਨ। ਰਣਧੀਰ ਸਿੰਘ ਆਪਣੇ ਪੜ੍ਹਾਉਣ ਨੂੰ 'ਰਾਬਿਨਹੁਡ' ਵਾਂਗ ਦੱਸਦੇ ਸਨ। ਜੱਥੇਬੰਦ ਗਰੁੱਪਾਂ ਵੱਲੋਂ ਤੰਗ ਤੇ ਅਪਮਾਨਤ ਕੀਤੇ ਜਾਣ ਦੇ ਬਾਵਜੂਦ ਰਣਧੀਰ ਸਿੰਘ ਦਾ ਪੜ੍ਹਾਉਣ ਦਾ 'ਰਾਬਿਨਹੁੱਡੀ' ਤਰੀਕਾ ਖ਼ੂਬ ਕਾਮਯਾਬ ਸੀ। ਹਾਲਾਂਕਿ ਉਹ ਇਸ ਬਾਰੇ ਪੂਰੇ ਸੁਚੇਤ ਸਨ ਕਿ ਉਹਨਾਂ ਦੀ 'ਰਾਬਿਨਹੁੱਡੀ' ਸਿਸਟਮ ਦੇ ਅੰਦਰ ਹੀ ਸੀ, ਸਗੋਂ ਸਿਸਟਮ ਨੂੰ 'ਮਾਨਤਾ' ਵੀ ਪ੍ਰਦਾਨ ਕਰਦੀ ਸੀ, ਜਿਸ ਰਾਹੀਂ ਅਜਿਹੇ ਉਦਾਰਵਾਦ ਨਾਲ ਸਿਸਟਮ ਵਿਚ ਸਮੋਇਆ ਵੀ ਜਾ ਸਕਦਾ ਸੀ। ਪਰ ਰਣਧੀਰ ਸਿੰਘ ਕਿਸੇ ਹੋਰ ਹੀ ਧਾਤੂ ਦੇ ਬਣੇ ਹੋਏ ਸਨ। ਉਹ ਸਿਰਫ ਪੜ੍ਹਾਉਣ ਤਕ ਹੀ ਸੀਮਤ ਨਹੀਂ ਸਨ, ਟੀਚਰ ਯੂਨੀਅਨ ਵਿਚ ਵੀ ਸਰਗਰਮ ਸਨ। ਭਾਵੇਂ ਉਹਨਾਂ ਚੋਣ ਕੋਈ ਨਹੀਂ ਲੜੀ, ਪਰ ਉਹ 'ਦਿੱਲੀ ਯੂਨੀਵਰਸਿਟੀ ਟੀਚਰ ਐਸੋਸੀਏਸ਼ਨ' ਦੇ ਪੱਕੇ ਸਰਗਰਮ ਹਮਾਇਤੀ ਸਨ, ਜੋ ਅਧਿਆਪਕਾਂ ਦੇ ਹਿੱਤਾਂ ਲਈ ਬਹੁਤ ਸੰਘਰਸ਼ ਕਰਦੀ ਸੀ ਤੇ ਅੱਜ ਵੀ ਕਰਦੀ ਹੈ। 1987 ਵਿਚ ਰਿਟਾਇਰ ਹੋਣ ਉਪਰੰਤ ਰਣਧੀਰ ਸਿੰਘ ਦੀ ਸ਼ਖ਼ਸੀਅਤ ਉਹਨਾਂ ਦੇ ਲੇਖਾਂ ਅਤੇ ਜਨਤਕ ਸਰਗਰਮੀਆਂ ਦੇ ਰੂਪ ਵਿਚ ਵਧੇਰੇ ਸਾਹਮਣੇ ਆਈ।

ਜਦ ਦਿੱਲੀ ਯੂਨੀਵਰਸਿਟੀ ਦੇ ਪੁਲੀਟੀਕਲ ਸਾਇੰਸ ਵਿਭਾਗ ਨੇ ਉਹਨਾਂ ਦੇ ਸਤਿਕਾਰ ਵਿਚ ਇਕ ਕਿਤਾਬ 'Teaching Politics' ਛਾਪਣੀ ਚਾਹੀ ਅਤੇ ਉਹਨਾਂ ਨੂੰ ਇਸ ਲਈ ਆਪਣਾ ਜੀਵਨ ਵਿਉਰਾ ਭੇਜਣ ਦੀ ਬੇਨਤੀ ਕੀਤੀ ਤਾਂ ਉਹਨਾਂ ਆਪਣਾ ਹੁਣ ਬਹੁਤ ਪ੍ਰਸਿੱਧ 'ਬਾਇਓ-ਡਾਟਾ ਦੇ ਬਦਲੇ' ਵ੍ਰਿਤ ਲਿਖਿਆ, ਜੋ ਨਾ ਸਿਰਫ ਸੁਸ਼ੀਲਾ ਕੌਸ਼ਿਕ ਵੱਲੋਂ 1988 ਵਿਚ ਸੰਪਾਦਤ ਪੁਸਤਕ 'History, Politics and Theory-in honour of Randhir Singh' ਵਿਚ ਹੀ ਛਪਿਆ, ਸਗੋਂ ਨਿਊਯਾਰਕ ਤੋਂ ਨਿਕਲਦੇ ਦੁਨੀਆ ਦੇ ਸਭ ਤੋਂ ਪ੍ਰਸਿੱਧ ਖੱਬੇ ਪੱਖੀ ਰਿਸਾਲੇ

'Monthly Review' ਵਿਚ ਵੀ ਛਪਿਆ। ਇਸ ਰਿਸਾਲੇ ਦੇ ਸੰਪਾਦਕਾਂ ਪੌਲ ਸਵੀਜ਼ੀ ਅਤੇ ਹੈਰੀ ਮੈਗਡਾਫ ਨਾਲ ਰਣਧੀਰ ਸਿੰਘ ਦੇ ਨੇੜਲੇ ਸੰਬੰਧ ਬਣੇ। ਮਾਰਕਸਵਾਦੀ ਵਿਚਾਰਾਂ ਤੇ ਸਿਧਾਂਤਾਂ ਨਾਲ ਸੰਬੰਧਤ ਦੁਨੀਆ ਦੇ ਅਨੇਕ ਵਿਅਕਤੀਆਂ ਅਤੇ ਸੰਸਥਾਵਾਂ ਨਾਲ ਰਣਧੀਰ ਸਿੰਘ ਦਾ ਨਾਤਾ ਬਣਿਆ ਹੋਇਆ ਸੀ ਪਰ ਉਹ ਸਭ ਤੋਂ ਨਜ਼ਦੀਕ 'ਮੰਥਲੀ ਰੀਵਿਊ' ਦੇ ਹੀ ਸਨ। ਉਹ 'ਮੰਥਲੀ ਰੀਵਿਊ' ਦੀ ਮਾਰਕਸਵਾਦੀ ਵਿਦਵਤਾ ਦੀ ਧਾਰਾ ਨੂੰ ਸਭ ਤੋਂ ਵੱਧ ਮਾਣ ਦਿੰਦੇ ਸਨ। ਇਸ ਸੰਬੰਧ ਵਿਚ ਉਹਨਾਂ ਆਪਣੀ ਕਲਾਸਿਕ ਕਿਤਾਬ 'Crisis of Socialism - Notes in Defence of Commitment' ਦੀ ਭੂਮਿਕਾ ਵਿਚ ਲਿਖਿਆ ਸੀ:

"ਇਹ ਹੈ ਉਹ ਪਤ੍ਰਿਕਾ, ਜਿਸ ਨਾਲ ਪਿਛਲੇ ਪੰਜਾਹ ਸਾਲਾਂ ਤੋਂ ਮੈਂ ਬੌਧਿਕ ਅਤੇ ਸਿਆਸੀ ਤੌਰ 'ਤੇ ਬਹੁਤ ਸੁਖਾਵਾਂ ਮਹਿਸੂਸ ਕਰਦਾ ਹਾਂ। ਮੇਰੀ ਇਸ ਕਿਤਾਬ ਦੇ ਬਹੁਤ ਸਾਰੇ ਮਹੱਤਵਪੂਰਨ ਹਿੱਸਿਆਂ 'ਤੇ ਇਸ ਦਾ ਕਰਜ਼ ਸਾਫ ਨਜ਼ਰ ਆਉਂਦਾ ਹੈ। 'ਮੰਥਲੀ ਰੀਵਿਊ' ਤੋਂ ਸਿਵਾ ਹੋਰ ਕੋਈ ਪਰਚਾ ਨਹੀਂ ਜਿਸ ਨੇ ਲੰਮੇਂ ਸਮੇਂ ਤਕ ਮਾਰਕਸਵਾਦੀ ਸਿਧਾਂਤ ਨਾਲ ਇਨਕਲਾਬੀ ਪ੍ਰਤੀਬੱਧਤਾ ਵਿਖਾਈ ਹੋਵੇ। ਇਹ ਦੁਨੀਆ ਭਰ ਦੀਆਂ ਘਟਨਾਵਾਂ ਦਾ ਸਮਝਾਊ ਪਰ ਤਾਰਕਿਕ ਤਰੀਕੇ ਨਾਲ ਪਰਮਾਣਿਕ ਮਾਰਕਸਵਾਦੀ ਵਿਸ਼ਲੇਸ਼ਣ ਕਰਦਾ ਹੈ। ਦੁਨੀਆ ਭਰ ਦੀਆਂ ਇਨਕਲਾਬੀ ਲਹਿਰਾਂ ਦੀ ਹਮਾਇਤ ਅਤੇ ਸਮਾਜਵਾਦ ਦੇ ਲਕਸ਼ ਪ੍ਰਤੀ ਇਸਦੀ ਅਟੱਲ ਪ੍ਰਤੀਬੱਧਤਾ ਨੇ ਸੰਸਾਰ ਭਰ ਦੇ ਸਮਾਜਵਾਦੀਆਂ ਅਤੇ ਰੈਡੀਕਲ ਸੋਚ ਰੱਖਣ ਵਾਲਿਆਂ ਨੂੰ ਉਤਸ਼ਾਹਤ ਅਤੇ ਪ੍ਰੇਰਤ ਕੀਤਾ ਹੈ। ਪਾਲ ਸਵੀਜ਼ੀ ਅਤੇ ਹੈਰੀ ਮੈਗਡਾਫ ਮੇਰੇ ਗਿਆਨ ਅਤੇ ਪ੍ਰੇਰਨਾ ਦੇ ਨਿਰੰਤਰ ਸਰੋਤ ਰਹੇ ਹਨ। ਮੇਰੇ ਲਈ ਨਿਜੀ ਰੂਪ ਵਿਚ ਪਾਲ ਸਵੀਜ਼ੀ ਸਾਡੇ ਸਮਿਆਂ ਵਿਚ ਇਕ ਮਾਰਕਸਵਾਦੀ ਬੁੱਧੀਜੀਵੀ ਦਾ ਮਾਡਲ ਸੀ ਤੇ ਹੈ। ਵਾਤਾਵਰਣ ਬਾਰੇ ਹਾਲ ਦੇ ਸਮਿਆਂ ਵਿਚ ਮੈਨੂੰ ਜਾਹਨ ਬੇਲਾਮੀ ਫ਼ਾਸਟਰ ('ਮੰਥਲੀ ਰਿਵਿਊ' ਦੇ ਮੌਜੂਦਾ ਐਡੀਟਰ ) ਅਤੇ ਏਲਨ ਮੈਕਿੰਸ ਵੁਡ ਦੇ ਬਹੁਤ ਸਾਰੇ ਲੇਖਾਂ ਤੋਂ ਬੜਾ ਲਾਭ ਹੋਇਆ ਹੈ।"

ਇਹ ਹਵਾਲਾ ਉਹਨਾਂ ਦੀ 2004 ਦੀ ਲਿਖੀ ਭੂਮਿਕਾ ਵਿਚੋਂ ਹੈ। ਮੈਕਿੰਸ ਦਾ ਦਿਹਾਂਤ ਰਣਧੀਰ ਸਿੰਘ ਹੋਰਾਂ ਤੋਂ ਕੁਝ ਹਫ਼ਤੇ ਪਹਿਲਾਂ ਹੀ ਹੋਇਆ ਸੀ, ਸ਼ਾਇਦ ਉਹਨਾਂ ਨੂੰ ਇਸ ਦੀ ਖ਼ਬਰ ਵੀ ਨਾ ਦਿੱਤੀ ਗਈ ਹੋਵੇ।

ਰਿਟਾਇਰ ਹੋਣ ਉਪਰੰਤ ਰਣਧੀਰ ਸਿੰਘ ਨੂੰ ਦੋ ਕੌਮੀ ਪੱਧਰ ਦੀਆਂ ਫੈਲੋਸ਼ਿਪ ਦੀ ਪੇਸ਼ਕਸ਼ ਹੋਈ - ਇਕ ICCSR ਅਤੇ ਇਕ IIAS ਸ਼ਿਮਲਾ ਤੋਂ। ਉਹਨਾਂ ਸ਼ਿਮਲਾ ਵਾਲੀ ਫੈਲੋਸ਼ਿਪ ਸਵੀਕਾਰ ਕੀਤੀ, ਪਰ ਜਿਸਨੂੰ ਅੱਧ ਵਿਚਾਲੇ ਬਿਨਾਂ ਸਪਸ਼ਟ ਕਾਰਨਾਂ ਤੋਂ ਖ਼ਤਮ ਕਰ ਦਿੱਤਾ ਗਿਆ ਸੀ। 1991 ਵਿਚ ਮਰਾਠਵਾੜਾ ਯੂਨੀਵਰਸਿਟੀ ਔਰੰਗਾਬਾਦ ਵੱਲੋਂ ਉਹਨਾਂ ਨੂੰ ਮੋਇਨ ਸ਼ਾਕਿਰ ਯਾਦਗਾਰੀ ਭਾਸ਼ਣ ਦੇਣ ਲਈ ਬੁਲਾਇਆ ਗਿਆ, ਜਿਸ ਤੋਂ ਉਹਨਾਂ ਨੂੰ 1080 ਸਫ਼ੇ ਦੀ ਕਿਤਾਬ 'Crisis of Socialism' ਦਾ ਫੁਰਨਾ ਆਇਆ। ਇਹ ਕਿਤਾਬ 2006 ਵਿਚ ਛਪੀ, ਬਾਅਦ ਵਿਚ ਇਸੇ ਇਕ ਕਿਤਾਬ ਵਿਚੋਂ ਛੇ ਕਿਤਾਬਾਂ ਲੜੀਵਾਰ ਕੱਢੀਆਂ ਗਈਆਂ। ਵਿਚਕਾਰਲੇ ਸਮੇਂ ਵਿਚ 1989 ਵਿਚ ਉਹਨਾਂ ਬਾਰਟੇਲ ਓਲਮੈਂ ਦੀ ਭਾਰਤ ਵਿਚ ਛਪੀ ਕਿਤਾਬ 'Marxism: An Uncommon Introduction' ਦੀ ਭੂਮਿਕਾ ਲਿਖੀ। ਉਹਨਾਂ ਨੇਪਾਲ ਦੇ ਮਾਓਵਾਦੀ ਨੇਤਾ ਤੇ ਪ੍ਰਧਾਨ ਮੰਤਰੀ ਰਹੇ ਬਾਬੂਰਾਮ ਭੱਟਰਾਈ ਦੀ 2005 ਵਿਚ ਛਪੀ ਕਿਤਾਬ 'Monarchy vs. Democracy- The epic fight in Nepal' ਦੀ ਭੂਮਿਕਾ ਵੀ ਲਿਖੀ। 2007 ਵਿਚ ਉਹਨਾਂ ਵਿਲੀਅਮ ਐਸ਼ ਦੀ ਕਿਤਾਬ 'Workers Politics -the ethics of Socialism' ਦੇ ਭਾਰਤੀ ਸੰਸਕਰਣ ਦੀ ਭੂਮਿਕਾ ਲਿਖੀ।

ਇਹਨਾਂ ਸਾਰੀਆਂ ਪ੍ਰਕਾਸ਼ਨਾਵਾਂ ਤੋਂ ਪਤਾ ਲੱਗਦਾ ਹੈ ਕਿ ਰਣਧੀਰ ਸਿੰਘ ਪੂਰੀ ਜ਼ਿੰਦਗੀ



ਸਮਾਜਵਾਦ ਦੇ ਸਰੋਕਾਰ ਨਾਲ ਜੁੜੇ ਹੋਏ ਸਨ - ਸੋਵੀਅਤ ਯੂਨੀਅਨ ਅਤੇ ਚੀਨ ਵਿਚ ਸਮਾਜਵਾਦ ਦੀ ਉਸਾਰੀ ਦੌਰਾਨ ਅਤੇ ਬਾਅਦ ਵਿਚ ਸੋਵੀਅਤ ਯੂਨੀਅਨ ਦੇ ਢਹਿ ਢੇਰੀ ਹੋਣ ਤਕ। ਉਹ ਸੋਵੀਅਤ ਯੂਨੀਅਨ ਵਿਚ ਸਤਾਲਿਨਵਾਦ ਦੇ ਬੇਖ਼ੌਫ਼ ਆਲੋਚਕ ਸਨ ਅਤੇ ਕਮਿਊਨਿਸਟ ਪਾਰਟੀਆਂ ਵਿਚ ਅੰਦਰੂਨੀ ਜਮਹੂਰੀ ਢਾਂਚੇ ਨੂੰ ਤਬਾਹ ਕਾਰਨ ਵਾਲੀਆਂ ਅਜਿਹੀਆਂ ਹੋਰ ਪ੍ਰਵਿਰਤੀਆਂ ਦੇ ਵੀ। ਸੋਵੀਅਤ ਯੂਨੀਅਨ ਅਤੇ ਚੀਨ ਵਿਚ ਸਮਾਜਵਾਦ ਦੀ ਹਾਰ ਦੇ ਬਾਵਜੂਦ ਉਹ ਉਹਨਾਂ ਵਿਅਕਤੀਆਂ ਵਿਚੋਂ ਨਹੀਂ ਸਨ ਜੋ ਨਿਰਾਸ਼ਾਵਾਦ ਜਾਂ ਭਰਮ ਦੇ ਟੁੱਟਣ ਦੀ ਗੱਲ ਕਰਦੇ ਸਨ। ਉਹਨਾਂ ਲਾਤੀਨੀ ਅਮਰੀਕਾ, ਖਾਸ ਕਰ ਕਿਊਬਾ ਵਿਚਲੀਆਂ ਤਬਦੀਲੀਆਂ ਨੂੰ ਦੇਖ ਕੇ ਆਪਣਾ ਆਸ਼ਾਵਾਦ ਬੁਲੰਦ ਰੱਖਿਆ। ਨੇਪਾਲ ਦੇ ਮਾਓਵਾਦੀ ਲਹਿਰ ਦੇ ਆਗੂਆਂ, ਖਾਸਕਰ ਪ੍ਰਚੰਡ ਅਤੇ ਬਾਬੂਰਾਮ ਭੱਟਾਰਾਇ ਨੇ ਉਹਨਾਂ ਨਾਲ ਕਰੀਬੀ ਸੰਬੰਧ ਰੱਖੇ ਅਤੇ ਉਹ ਉਹਨਾਂ ਤੋਂ ਸਲਾਹ ਵੀ ਲੈਂਦੇ ਰਹੇ। ਉਹ ਵੀ ਨੇਪਾਲੀ ਮਾਓਵਾਦੀ ਲੋਕ ਲਹਿਰ ਵੱਲੋਂ ਸਾਮੰਤਵਾਦੀ ਰਾਜੇ ਨੂੰ ਉਖਾੜ ਸੁੱਟਣ 'ਤੇ ਬਹੁਤ ਉਤਸ਼ਾਹਤ ਸਨ। ਉਹਨਾਂ ਦੀ ਕਲਾਸਿਕ ਕਿਤਾਬ 'ਸਮਾਜਵਾਦ ਦਾ ਸੰਕਟ' ਸਹੀ ਰੂਪ ਵਿਚ ਹੀ 'ਚੇ ਗੁਵੇਰਾ ਅਤੇ ਕਮਿਊਨਿਸਟ ਲਹਿਰ ਦੇ ਅਣਗਿਣਤ ਜਾਣੇ ਅਤੇ ਅਣਜਾਣੇ ਸ਼ਹੀਦਾਂ ਦੀ ਯਾਦ' ਨੂੰ ਸਮਰਪਤ ਹੈ।

60ਵਿਆਂ ਦੌਰਾਨ ਸੀ.ਪੀ.ਆਈ. ਵੱਲੋਂ ਉਹਨਾਂ ਨਾਲ ਦੁਰਵਿਹਾਰ ਦੇ ਬਾਵਜੂਦ ਬਾਅਦ ਵਿਚ ਸੀ.ਪੀ.ਆਈ. ਸਣੇ ਸਾਰੀਆਂ ਹੀ ਖੱਬੇ ਪੱਖੀ ਪਾਰਟੀਆਂ ਉਹਨਾਂ ਦਾ ਬੜਾ ਸਤਿਕਾਰ ਕਰਦੀਆਂ ਸਨ। ਰਣਧੀਰ ਸਿੰਘ ਅਰਾਮ ਕੁਰਸੀ 'ਤੇ ਬੈਠੇ ਰਹਿਣ ਵਾਲੇ ਬੁੱਧੀਜੀਵੀ ਨਹੀਂ ਸਨ। ਉਹ ਸਰਕਾਰੀ ਤਸ਼ੱਦਦ ਖਿਲਾਫ਼ ਅਤੇ ਜਮਹੂਰੀ ਲਹਿਰਾਂ ਦੇ ਹੱਕ ਵਿਚ ਡਟ ਕੇ ਖੜ੍ਹੇ ਹੋਣ ਵਾਲੇ ਅਤੇ ਮੁਜ਼ਾਹਰਿਆਂ ਤਕ ਵਿਚ ਸ਼ਾਮਿਲ ਹੋਣ ਵਾਲੇ ਬੁੱਧੀਜੀਵੀ ਸਨ। ਉਹਨਾਂ ਦਾ ਘਰ ਸਾਰੇ ਸਰਗਰਮ ਖੱਬੇ ਪੱਖੀ ਕਾਰਕੁਨਾਂ ਲਈ ਖੁਲ੍ਹਾ ਸੀ। ਨੇਪਾਲ ਵਿਚ ਮਾਓਵਾਦੀ ਲਹਿਰ ਦੇ ਰੂਪੋਸ਼ ਦੌਰ ਵਿਚ ਹਿਸਿਲਾ ਯਾਮੀ ਉਨਾਂ ਦੇ ਘਰ ਚੰਡੀਗੜ੍ਹ ਵਿਚ ਇਲਾਜ ਲਈ ਰਹੀ, ਜੋ ਬਾਅਦ ਦੇ ਪ੍ਰਧਾਨ ਮੰਤਰੀ ਬਣੇ ਬਾਬੂਰਾਮ ਭੱਟਾਰਾਇ ਦੀ ਜੀਵਨ ਸਾਥਣ ਤੇ ਖ਼ੁਦ ਵੀ ਪ੍ਰਚੰਡ ਦੇ ਮੰਤਰੀ ਮੰਡਲ ਵਿਚ ਮੰਤਰੀ ਰਹੀ। ਦਿੱਲੀ ਦੇ ਲੋਧੀ ਰੋਡ ਸ਼ਮਸ਼ਾਨ ਘਾਟ 'ਤੇ ਉਹਨਾਂ ਦੇ ਅੰਤਿਮ ਸੰਸਕਾਰ ਸਮੇਂ ਅਤੇ ਦਿੱਲੀ ਵਿਖੇ ਹੀ ਉਹਨਾਂ ਦੀ ਜ਼ਿੰਦਗੀ ਅਤੇ ਕੰਮ ਦੇ ਜਸ਼ਨ ਮਨਾਉਣ ਸਮੇਂ ਸੀ.ਪੀ.ਆਈ., ਸੀ.ਪੀ.ਐੱਮ., ਸੀ.ਪੀ.ਆਈ.ਐੱਮ.ਐੱਲ.ਅਤੇ ਅਨੇਕ ਖੱਬੇਪੱਖੀ ਗਰੁੱਪਾਂ ਦੇ ਕਾਰਕੁਨ ਅਤੇ ਆਗੂ ਸ਼ਾਮਲ ਹੋਏ ਸਨ। ਰੋਮਿਲਾ ਥਾਪਰ, ਪ੍ਰਭਾਤ ਪਟਨਾਇਕ, ਮੈਨੇਜਰ ਪਾਂਡੇ, ਮਨੋਰੰਜਨ ਮੋਹੰਤੀ ਵਰਗੇ ਅਨੇਕਾਂ ਲੇਖਕ ਤੇ ਬੁਧੀਜੀਵੀ ਉਹਨਾਂ ਵਿਚ ਸ਼ਾਮਲ ਸਨ। ਚੰਡੀਗੜ੍ਹ ਵਿਚ ਵੀ ਅਨੇਕਾਂ ਬੁੱਧੀਜੀਵੀਆਂ ਵੱਲੋਂ ਯਾਦਗਾਰੀ ਸਭਾ ਕਰ ਕੇ ਉਹਨਾਂ ਨੂੰ ਸ਼ਰਧਾਂਜਲੀ ਦਿੱਤੀ ਗਈ।

ਰਣਧੀਰ ਸਿੰਘ ਨੂੰ ਵਿਸ਼ਵ ਪੱਧਰ ਦੇ ਮਾਰਕਸਵਾਦੀ ਚਿੰਤਕ ਹੋਣ ਦਾ ਦਰਜਾ ਹਾਸਲ ਸੀ। ਕੋਈ ਵੀ ਅੰਤਰਰਾਸ਼ਟਰੀ ਪ੍ਰਕਾਸ਼ਨ ਸੰਸਥਾ-ਆਕਸਫੋਰਡ ਯੂਨੀਵਰਸਿਟੀ ਪ੍ਰੈੱਸ, ਪੈਂਗੁਇਨ, ਹਾਰਪਰ, ਜਾਂ ਖੱਬੇ ਪੱਖੀ ਪ੍ਰਕਾਸ਼ਕ ਵਰਸੋ, 'ਮੰਥਲੀ ਰੀਵਿਊ ਪ੍ਰੈਸ' ਆਦਿ ਉਹਨਾਂ ਦੀਆਂ ਕਿਤਾਬਾਂ ਖ਼ੁਸ਼ੀ ਨਾਲ ਛਾਪਦੇ। ਉਹਨਾਂ ਦੀਆਂ ਪਹਿਲੀਆਂ ਦੋ ਕਿਤਾਬਾਂ ਸੀ.ਪੀ.ਆਈ. ਦੇ ਪ੍ਰਕਾਸ਼ਨ ਪੀਪਲਜ਼ ਪਬਲਿਸ਼ਿੰਗ ਹਾਊਸ ਤੋਂ ਛਪੀਆਂ ਸਨ। ਬਾਅਦ ਵਿਚ ਉਹਨਾਂ ਦੀਆਂ ਸਾਰੀਆਂ ਕਿਤਾਬਾਂ ਅਜੰਤਾ ਪ੍ਰਕਾਸ਼ਨ ਦੇ ਐੱਸ. ਬਲਵੰਤ ਨੇ ਛਾਪੀਆਂ। ਅਖੀਰ ਵਿਚ ਆਕਾਰ ਪ੍ਰਕਾਸ਼ਨ ਉਹਨਾਂ ਦਾ ਪ੍ਰਕਾਸ਼ਕ ਰਿਹਾ। ਸ਼ਾਇਦ ਉਹਨਾਂ ਆਪਣੇ ਪ੍ਰਕਾਸ਼ਕਾਂ ਤੋਂ ਕਦੀ ਰਾਇਲਟੀ ਦੀ ਆਸ ਨਹੀਂ ਕੀਤੀ। ਉਹ ਕਿਤਾਬਾਂ ਦੀ ਕੀਮਤ ਘੱਟ ਰੱਖਣਾ ਲੋੜਦੇ ਸਨ ਤਾਂਕਿ ਵੱਧ ਤੋਂ ਵੱਧ ਪਾਠਕ ਇਹਨਾਂ ਨੂੰ ਖਰੀਦ ਕੇ ਪੜ੍ਹ ਸਕਣ।

ਰਿਟਾਇਰ ਹੋਣ ਉਪਰੰਤ ਰਣਧੀਰ ਸਿੰਘ ਨੇ ਹਿੰਦੁਸਤਾਨ ਵਿਚ ਅਨੇਕਾਂ ਸਥਾਨਾਂ 'ਤੇ ਭਾਸ਼ਣ

ਦਿੱਤੇ, ਪਰ ਵਿਦੇਸ਼ ਵਿਚ ਕਦੀ ਨਹੀਂ। ਉਹਨਾਂ ਦੇ ਭਾਸ਼ਣ ਦਾ ਘੱਟੋ-ਘੱਟ ਸਮਾਂ ਦੋ ਘੰਟੇ ਹੁੰਦਾ ਸੀ, ਪਰ ਇਹ ਕਈ ਘੰਟਿਆਂ ਤਕ ਫੈਲ ਜਾਂਦਾ ਸੀ। ਕਈ ਵਾਰ ਤਾਂ ਕਮਿਊਨਿਸਟ ਪਾਰਟੀ ਸਕੂਲਾਂ ਵਾਂਗ ਪੂਰੀ ਰਾਤ ਤਕ। ਇਹ ਆਦਤ ਉਹਨਾਂ ਨੂੰ ਆਪਣੀ ਸਿਆਸੀ ਸਰਗਰਮੀ ਦੇ ਸ਼ੁਰੂ ਦੇ ਦਿਨਾਂ ਵਿਚ ਪਾਰਟੀ ਸਕੂਲਾਂ ਵਿਚ ਭਾਸ਼ਣ ਦੇਣ ਤੋਂ ਹੀ ਪਈ ਸੀ। ਉਹ ਆਪਣੇ ਸਰੋਤਿਆਂ ਨੂੰ ਮਾਰਕਸਵਾਦੀ ਸਿਧਾਂਤਾਂ ਅਤੇ ਵਿਵਹਾਰ ਦੀ ਸਿੱਖਿਆ ਦੇਣੀ ਚਾਹੁੰਦੇ ਸਨ। ਜਲੰਧਰ ਵਿਚਲੇ ਦੇਸ਼ ਭਗਤ ਯਾਦਗਾਰ ਤੋਂ ਬਿਨਾਂ ਚੰਡੀਗੜ੍ਹ, ਪਟਿਆਲਾ, ਦਿੱਲੀ ਆਦਿ ਉਹਨਾਂ ਦੇ ਭਾਸ਼ਣਾਂ ਦੇ ਮਨ ਚਾਹੇ ਕੇਂਦਰ ਸਨ। ਇਵੇਂ ਹੀ ਸ਼ਿਮਲਾ, ਔਰੰਗਾਬਾਦ ਆਦਿ। ਉਹ ਆਪਣੇ ਬਹੁਤੇ ਜਨਤਕ ਭਾਸ਼ਣਾਂ ਲਈ ਪੰਜਾਬੀ ਅਤੇ ਹਿੰਦੁਸਤਾਨੀ ਦਾ ਇਸਤੇਮਾਲ ਕਰਦੇ ਸਨ, ਹਾਲਾਂਕਿ ਉਹਨਾਂ ਨੂੰ ਅੰਗਰੇਜ਼ੀ ਵਿਚ ਬੋਲਣਾ ਵਧੇਰੇ ਸੁਖਾਲਾ ਸੀ। ਉਹਨਾਂ ਦੀਆਂ ਕਈ ਕਿਤਾਬਾਂ ਦੇ ਪੰਜਾਬੀ, ਹਿੰਦੀ ਅਤੇ ਕੁਝ ਹੋਰ ਜ਼ੁਬਾਨਾਂ ਵਿਚ ਅਨੁਵਾਦ ਹੋਏ। ਆਪਣੇ ਨਜ਼ਦੀਕੀ ਰਿਸ਼ਤੇਦਾਰ ਅਤੇ ਪੰਜਾਬ ਦੀ ਮੰਨੀ-ਪ੍ਰਮੰਨੀ ਥਿਏਟਰ ਦੀ ਹਸਤੀ ਗੁਰਸ਼ਰਨ ਸਿੰਘ, ਜਿਨ੍ਹਾਂ ਉਹਨਾਂ ਦੀਆਂ ਕਿਤਾਬਾਂ ਪੰਜਾਬੀ ਵਿਚ ਛਾਪੀਆਂ, ਵਾਂਗ ਉਹ ਪੰਜਾਬ ਵਿਚ ਖੱਬੇ ਪੱਖੀ ਲਹਿਰ ਦੇ ਚਿੰਨ੍ਹ ਬਣ ਗਏ ਸਨ। ਉਮਰ ਵਿਚ ਛੋਟੇ ਹੁੰਦਿਆਂ ਹੋਇਆਂ ਵੀ ਗੁਰਸ਼ਰਨ ਸਿੰਘ ਉਹਨਾਂ ਤੋਂ ਪੰਜ ਵਰ੍ਹੇ ਪਹਿਲਾਂ 2011 ਵਿਚ ਹੀ ਵਿੱਛੜ ਗਏ ਸਨ।

ਛੇ ਦਹਾਕਿਆਂ ਦੇ ਲੰਮੇਂ ਸਮੇਂ ਤਕ ਰਣਧੀਰ ਸਿੰਘ ਨੇ ਸੱਜੇ ਪੱਖੀ ਪਿਛਾਖੜ ਵਿਚਾਰਾਂ ਦੇ ਕਿਲੇ ਵਿਚ ਆਪਣੇ ਬਗ਼ਾਵਤੀ ਰੈਡੀਕਲ ਮਾਰਕਸਵਾਦੀ ਵਿਚਾਰਾਂ ਦੀ ਧਾਂਕ ਜਮਾਈ ਰੱਖੀ। ਕੋਈ ਸੱਜੇ ਪੱਖੀ ਚਿੰਤਕ ਉਹਨਾਂ ਦਾ ਮੁਕਾਬਲਾ ਕਰਨ ਜੋਗਾ ਨਹੀਂ ਸੀ। ਆਪਣੇ ਜੁਝਾਰੂ ਸੁਭਾਉ ਦੇ ਬਾਵਜੂਦ ਰਣਧੀਰ ਸਿੰਘ ਬਹਿਸਾਂ ਵਿਚ ਹਮੇਸ਼ਾ ਸ਼ਿਸ਼ਟ ਅਤੇ ਨਿਮਰ ਰਹਿੰਦੇ ਸਨ। ਆਪਣੇ ਵਿਰੋਧੀਆਂ ਦੇ ਤਰਕਾਂ ਵੱਲ ਪੂਰਾ ਧਿਆਨ ਦੇ ਕੇ ਉਹਨਾਂ ਨੂੰ ਤਰਕਾਂ ਨਾਲ ਕੱਟ ਕੇ ਹੀ ਬਹਿਸ ਵਿਚ ਜਿੱਤਦੇ ਸਨ।

ਅਖੀਰ ਵਿਚ ਰਣਧੀਰ ਸਿੰਘ ਨੂੰ ਉਹਨਾਂ ਦੇ ਕਾਵਿ ਸੰਗ੍ਰਿਹ 'ਰਾਹਾਂ ਦੀ ਧੂੜ' ਦੀ ਕਾਵਿਕ ਅਭਿਵਿਅਕਤੀ ਰਾਹੀਂ ਯਾਦ ਕੀਤਾ ਜਾਣਾ ਬਣਦਾ ਹੈ। 1947 ਦੀ ਵੰਡ ਸਮੇਂ ਉਹਨਾਂ ਲਿਖਿਆ:

*ਇਹ ਖ਼ੂਨ ਹੈ ਆਜ਼ਾਦੀਆਂ ਦਾ*
*ਖ਼ੁਦਕੁਸ਼ੀ ਦੀ ਰਾਤ ਹੈ*
*ਇਹ ਜਾ ਰਹੇ ਵੀ ਮੁੜ ਰਹੇ*
*ਫ਼ਰੰਗੀ ਦੀ ਸੁਗ਼ਾਤ ਹੈ*
*ਜੋ ਹੰਭੇ, ਸਹਿਮੇ ਆਗੂਆਂ ਨੇ ਮੰਗੀ ਆਪ ਹੈ* -ਆਜ਼ਾਦੀ ਦੇ ਦਿਨ

ਇਸਦੇ ਟਾਕਰੇ ਲਗਪਗ ਉਸੇ ਸਮੇਂ ਉਹਨਾਂ 1949 ਦੇ ਚੀਨੀ ਇਨਕਲਾਬ ਨੂੰ 'ਜੀ ਆਇਆਂ' ਕਿਹਾ।

ਪਾਲ ਸਵੀਜ਼ੀ ਰਣਧੀਰ ਸਿੰਘ ਦੇ ਖੱਬੇਪੱਖੀ ਬੁੱਧੀਜੀਵੀ ਦੇ ਆਦਰਸ਼ ਸਨ, ਭਾਰਤੀ ਬੁੱਧੀਜੀਵੀਆਂ ਲਈ ਪ੍ਰੋਫੈਸਰ ਰਣਧੀਰ ਸਿੰਘ ਉਸੇ ਤਰ੍ਹਾਂ ਦੇ ਆਦਰਸ਼ ਹਨ, ਪਰ ਜਿਸ ਆਦਰਸ਼ ਨੂੰ ਅਪਨਾਉਣਾ ਕਾਫੀ ਔਖਾ ਹੈ। 000

***(2690, ਅਰਬਨ ਅਸਟੇਟ, ਫੇਜ਼ 2, ਪਟਿਆਲਾ, ਫੋਨ: 9646494538)***



# ਪੀਣ ਵਾਲਾ ਪਾਣੀ: ਸੁਰਜੀਤ ਹਾਂਸ

ਸਮਾਜ ਲਈ ਆਪਣੇ ਸਾਰੇ ਜੀਆਂ ਵਾਸਤੇ ਸਵੱਛ ਪਾਣੀ ਦਾ ਇੰਤਜ਼ਾਮ ਕਰਨਾ ਮੁਸ਼ਕਿਲ ਹੈ ਅਤੇ ਭਵਿੱਖ ਵਿਚ ਹੋਰ ਵੀ ਮੁਸ਼ਕਿਲ ਹੋਈ ਜਾਣਾ ਹੈ।

ਪਾਣੀ ਦਾ ਸੋਮਾ ਭਾਵੇਂ ਅਣਭੋਲ ਹੀ ਸਵੱਛ ਹੋ ਸਕਦਾ ਹੈ ਪਰ ਉਹ ਜ਼ਰੂਰੀ ਤੌਰ 'ਤੇ ਸਵੱਛ ਨਹੀਂ ਹੁੰਦਾ। ਪਾਣੀ 'ਚ ਹਾਨੀਕਾਰਕ ਅੰਸ਼ ਹੁੰਦੇ ਹਨ, ਜਿਸ ਦਾ ਮਹਾਮਾਰੀ-ਵਿਗਿਆਨ epidemiology ਨੂੰ ਪਤਾ ਲੱਗਿਆ। ਅਣ-ਸਵੱਛ ਪਾਣੀ ਦੁਨੀਆ ਵਿਚ ਸਭ ਤੋਂ ਵੱਡਾ ਜਾਨ-ਲੇਵਾ ਹੈ। ਅੱਧਾ ਵਿਕਾਸਸ਼ੀਲ ਜਗਤ ਦੂਸ਼ਤ ਪਾਣੀ ਦਾ ਮਾਰਿਆ ਹੋਇਆ। ਦੂਸ਼ਤ ਪਾਣੀ ਵਿਚ ਜੀਵਾਣੂ microbe ਅਤੇ ਖਣਿਜ minerals ਹੁੰਦੇ ਹਨ ਜਿਸ ਨੂੰ ਸਮਝਣ ਲਈ ਵਿਗਿਆਨ ਦੀ ਲਾਜ਼ਮੀ ਲੋੜ ਹੈ ਪਰ ਇਹਦੇ ਨਾਲ ਨਜਿੱਠਣ ਲਈ ਸੰਸਕ੍ਰਿਤੀ culture ਦਾ ਦਖ਼ਲ ਖਤਮ ਨਹੀਂ ਹੁੰਦਾ।

ਸਿਤਮ ਜ਼ਰੀਫ਼ੀ ਹੈ ਜੋ slum ਵਾਸੀਆਂ ਨੂੰ ਟੈਂਕਰ ਦਾ ਪਾਣੀ ਨਲਕੇ ਦੇ ਪਾਣੀ ਨਾਲੋਂ 12 ਗੁਣਾ ਮਹਿੰਗਾ ਪੈਂਦਾ ਹੈ (ਕਿਤੇ ਇਹ ਵੀ 'ਗ਼ਰੀਬੀ ਹਟਾਓ' ਦਾ ਅੰਗ ਤਾਂ ਨਹੀਂ?) ਰੈਸਟੋਰਾਂਟਾਂ, ਹੋਟਲਾਂ ਵਿਚ ਵੀ ਸਭ ਤੋਂ ਵਧੇਰੇ ਨਫ਼ਾ-ਬਖ਼ਸ਼ ਚੀਜ਼ ਬੋਤਲ ਦਾ ਪਾਣੀ ਹੈ, ਜੋ ਪੈਟਰੋਲ ਤੋਂ ਵੀ ਮਹਿੰਗਾ ਪੈਂਦਾ ਹੈ। ਅਤੇ ਵੱਡੀ ਗਲੱ ਇਹ ਜੋ ਇਹਨੂੰ ਵਿਕ੍ਰੀਣ commodity ਬਣਾਉਣ ਲਈ ਤਕਰੀਬਨ ਕੁਝ ਵੀ ਨਹੀਂ ਲਗਦਾ।

ਪੁਰਾਤਨ ਸਮਿਆਂ ਵਿਚ ਚਸ਼ਮਿਆਂ ਦੀ ਆਪਣੀ ਆਪਣੀ ਪ੍ਰਸਿੱਧੀ ਹੁੰਦੀ ਸੀ। ਕੋਈ ਪਾਗ਼ਲਾਂ ਨੂੰ ਰਾਜ਼ੀ ਕਰ ਦਿੰਦਾ, ਕਿਤੇ ਦੰਦ ਦਰਦ ਠੀਕ ਹੋ ਜਾਂਦਾ ਸੀ, ਕਿਸੇ ਦੀ ਮਸ਼ਹੂਰੀ ਗਰਭ-ਸਹਾਈ ਹੋਣ ਦੀ ਸੀ, ਕਿਸੇ ਵਿਚ ਲਾਈ ਟੁੱਭੀ ਕੋਹੜੀ ਨੂੰ ਸੁਅਸਥ ਕਰ ਦਿੰਦੀ ਸੀ। ਕਿਧਰੇ ਵਿਆਖਿਆ ਨਹੀਂ ਲੱਭਦੀ ਜੋ ਰੋਗ ਦੀ ਸਮਝ ਤੋਂ ਬਿਨਾਂ ਇਨ੍ਹਾਂ ਚਸ਼ਮਿਆਂ ਦੀ ਡਾਕਟਰੀ ਸਮਰੱਥਾ ਦਾ ਕਿਵੇਂ ਪਤਾ ਲੱਗਿਆ? ਕੇਵਲ ਮਾਨਤਾ ਹੀ ਸਬੂਤ ਸੀ। ਇੰਨੀ ਗੱਲ ਜ਼ਰੂਰ ਹੈ ਕਿ ਪਾਗਨ (ਕਿਸਾਨ, ਪੂਰਵ ਈਸਾਈ ਜਨ) ਪੂਤ ਸਥਾਨ ਮਗਰੋਂ ਚਲ ਕੇ ਈਸਾਈ ਸੰਤਾਂ ਦੇ ਨਾਉਂ ਲੱਗ ਗਏ।

ਅੱਜੋਕੇ ਸਮੇਂ ਵੀ ਪੁਰਾਤਨ ਕਾਲ ਤੋਂ ਬਹੁਤੇ ਦੂਰ ਨਹੀਂ। ਸਨ 1858 ਲੁਰਦ (Lourdes) ਫਰਾਂਸ ਵਿਚ ਬਾਲਣ ਚੁਗਣ ਗਈ ਲੜਕੀ ਨੂੰ ਗੁਫਾ 'ਚ ਵਗਦੇ ਪਾਣੀ ਬਰਾਬਰ ਚਮਕਾਰਾ ਪਿਆ ਜੋ ਲੜਕੀ ਦੀ ਕਰਾਮਾਤ ਦੀ ਮਸ਼ਹੂਰੀ ਹੋ ਗਈ। ਕਰਾਮਾਤ ਦੀ ਤਸਦੀਕ ਲਈ 1879 ਵਿਚ ਉਹਦੀ ਕਬਰ ਖੋਹਲੀ ਗਈ ਤਾਂ ਸਰੀਰ 'ਚ ਕੋਈ ਵਿਗਾੜ ਪਿਆ ਨਜ਼ਰ ਨਹੀਂ ਆਉਂਦਾ ਸੀ, ਤਾਂ ਪ੍ਰਸਿੱਧੀ ਦੀ ਕਾਂਗ ਹੋਰ ਵੀ ਉੱਚੀ ਹੋਣ ਲੱਗੀ। ਸਨ 1933 ਵਿਚ ਲੜਕੀ ਨੂੰ 'ਸੰਤ' ਦੀ ਉਪਾਧੀ ਦੇ ਦਿੱਤੀ ਗਈ।(ਈਸਾਈ ਧਰਮ ਅਨੁਸਾਰ ਕੋਈ ਵਿਅਕਤੀ ਕੇਵਲ ਮਰਨ ਉਪਰੰਤ ਹੀ 'ਸੰਤ' ਹੋ ਸਕਦਾ ਹੈ)

ਚਾਰ ਹਜ਼ਾਰ ਦੀ ਵਸੋਂ ਦੇ ਲੁਰਦ 'ਚ ਹੁਣ ਹਰ ਸਾਲ 50 ਲੱਖ ਯਾਤਰੀ ਆਉਂਦੇ ਹਨ, 270 ਹੋਟਲ ਹਨ ਅਤੇ ਸੱਤ ਚਰਚ ਹਨ। ਅਨੁਮਾਨ ਹੈ ਕਿ ਯਾਤਰੀ ਸਥਾਨਕ ਆਰਥਿਕਤਾ ਵਿਚ 30 ਕਰੋੜ ਡਾਲਰ ਦਾ ਵਾਧਾ ਕਰਦੇ ਹਨ। ਪੁਰਾਤਨ ਕਾਲ ਵਾਂਗੂੰ ਧਰਮ ਅਤੇ ਵਪਾਰ ਦਾ ਮੇਲ ਹੈ।

ਜਲ ਪਰਮੇਸ਼ਰ ਦਾ ਰੂਪ ਹੈ। ਪ੍ਰਯਾਗ ਉੱਤਮ ਯੱਗ-ਸਥਾਨ ਹੋਣ ਕਰਕੇ ਪ੍ਰਯਾਗ ਹੈ, ਜਿੱਥੇ

ਗੰਗਾ, ਜਮਨਾ ਅਤੇ ਅਦ੍ਰਿਸ਼ਟ ਸਰਸਵਤੀ ਦਾ ਮੇਲ ਹੁੰਦਾ ਹੈ।

ਮੇਰੇ ਬਚਪਨ ਵਿਚ ਖੂਹ ਵਾਲਾ ਜ਼ਿਮੀਂਦਾਰ ਗੁਜ਼ਾਰੇ ਵਾਲਾ ਹੁੰਦਾ ਸੀ। ਜੀਹਦੇ ਘਰ ਖੂਹੀ ਲੱਗੀ ਹੋਵੇ, ਉਹ ਸੌਖਿਆਂ 'ਚ ਗਿਣਿਆਂ ਜਾਂਦਾ ਸੀ। ਫੇਰ ਇਹਦੀ ਥਾਂ ਨਲਕਾ ਲੱਗਣ ਲੱਗਿਆ। ਤਲਾਬ, ਢਾਬ, ਡਿੱਗੀ ਤਾਂ ਪਾਣੀ ਦੇ ਭੰਡਾਰ ਹਨ।

ਪੰਜਾਬ ਵਿਚ ਅੰਗਰੇਜ਼ ਦੀ ਬੱਲੇ ਬੱਲੇ ਬਾਰ ਦੀਆਂ ਨਹਿਰਾਂ ਨੇ ਬਣਾਈ ਹੋਈ ਸੀ। Triple Canal Project ਸੀ ਜੋ ਚਨਾਬ 'ਚੋਂ ਦੋ ਨਹਿਰਾਂ ਕੱਢੀਆਂ ਗਈਆਂ, ਇਕ ਇਲਾਕੇ ਦੀ ਆਬਪਾਸ਼ੀ ਲਈ, ਦੂਜੀ ਦਾ ਪਾਣੀ ਰਾਵੀ ਦਰਿਆ ਵਿਚ ਪਾਉਣ ਲਈ, ਕਿਉਂ ਜੋ ਉਹਦੇ ਵਿਚੋਂ ਵੀ ਨਹਿਰ ਕੱਢਣੀ ਸੀ, ਪਰ ਉਹਦਾ ਆਪਣਾ ਪਾਣੀ ਕਾਫੀ ਨਹੀਂ ਸੀ। ਮੈਨੂੰ ਆਪਣੇ ਚੌਥੀ ਜਮਾਤ ਦੇ ਜੁਗਰਾਫ਼ੀਏ ਦਾ ਬਹੁਤਾ ਭਰੋਸਾ ਨਹੀਂ। ਕੀ ਚੰਗਾ ਹੋਵੇ ਜੋ ਜਾਣਕਾਰ ਪਾਠਕ ਆਪ ਹੀ ਸੋਧ ਕਰ ਲੈਣ।

ਭੁੱਖ ਅਤੇ ਪਿਆਸ ਇਲੈਹਦਾ ਇਲੈਹਦਾ ਸਰੀਰਕ ਪ੍ਰਬੰਧ ਹਨ। ਪਿਆਸ ਦਾ ਸਰੀਰਕ ਸੰਕੇਤ ਸਭ ਤੋਂ ਅਧਿਕ ਮਹੱਤਵਪੂਰਨ ਹੁੰਦਾ ਹੈ। ਤਿੰਨ ਦਿਨ ਪਾਣੀ ਨਾ ਲੱਭੇ ਤਾਂ ਜਾਨ ਦਾ ਖਤਰਾ ਹੋ ਜਾਂਦਾ ਹੈ।

ਯਹੂਦੀ ਧਰਮ ਗ੍ਰੰਥ 'ਤਾਲਮੁਦ' ਅਨੁਸਾਰ ਪਾਣੀ ਪ੍ਰਕਿਰਤਕ ਸਾਧਨ ਵਜੋਂ ਰੱਬ ਦੀ ਦੇਣ ਹੈ, ਤੇ ਰੱਬੀ ਦੇਣ ਨੂੰ ਵੇਚਣਾ ਪਾਪ ਹੈ।

ਪਾਣੀ ਭਾਰਾ, ਬੇ-ਕਾਬੂ ਅਤੇ ਉੱਚੇ ਪਾਸੇ ਲਜਾਣਾ ਮੁਸ਼ਕਿਲ ਹੁੰਦਾ ਹੈ।

ਰੋਮ Rome ਨੇ 312 ਪੂਰਵ ਈਸਾ ਨਿਮਨਭੂ ਜਲਨਾਲੇ ਬਣਾਏ ਕਿਉਂ ਜੋ ਨਾਲ ਵਗਦਾ ਟਾਈਬਰ ਦਰਿਆ ਦੂਸ਼ਤ ਹੋ ਗਿਆ ਸੀ। ਕੋਈ ਪੰਜ ਸਦੀਆਂ ਜਲ-ਇੰਜੀਨੀਅਰੀ (Engineering) ਚਲਦੀ ਰਹੀ, ਜਿਸ ਲਈ ਪਾਣੀ, ਸੀਮੈਂਟ ਅਤੇ ਪੱਥਰ ਦੀ ਉਸਤਾਦੀ ਜ਼ਰੂਰੀ ਸੀ। ਜਲਨਾਲੇ ਦਰਿਆਵਾਂ ਦੇ ਥੱਲਿਓਂ ਅਤੇ ਪੱਥਰਾਂ ਦੇ ਵਿਚਦੀ ਵਗਦੇ ਸੀ। ਜਲ ਕੁੰਡ ਜਨਤਾ ਲਈ ਮੁਫ਼ਤ ਸੀ, ਉਮਰਾ ਦੇ ਘਰਾਂ ਵਿਚ ਨੁਮਾਇਸ਼ੀ ਚਸ਼ਮਿਆਂ, ਧੋਬੀ ਘਾਟ, ਰਸੋਈ ਲਈ ਪੈਸੇ ਲਗਦੇ ਸੀ। ਜਲ ਪ੍ਰਬੰਧ ਸ਼ਹਿਨਸ਼ਾਹ ਦੀ ਮਹਿਮਾ ਦਾ ਲਖਾਇਕ ਸੀ ਅਤੇ 54 ਜਲਕੁੰਡ ਉਹਦੀ ਹੀਣ ਜਨਾਂ ਲਈ ਦਯਾਲਤਾ ਸੀ।

(ਇੰਝੇ ਅਕਾਲ ਪੈਣ 'ਤੇ ਮੁਗਲ ਬਾਦਸ਼ਾਹ ਸ਼ਾਹੀ ਗੁਦਾਮਾਂ 'ਚੋਂ ਮੁਫ਼ਤ ਅੰਨ ਦਿੰਦੇ ਹੁੰਦੇ ਸੀ)

Manhatten ਨਿਊਯਾਰਕ ਨੇੜੇ ਚਸ਼ਮੇ ਦੇ ਤਾਜ਼ਾ ਪਾਣੀ ਦਾ 70 ਏਕੜ ਵਿਚ ਤਲਾਬ ਸੀ, ਜਿਸ ਨੂੰ ਮੂਲਵਾਸੀ Kalch-Hook ਕਹਿੰਦੇ ਸੀ, ਜੋ ਸਤਾਰਵੀਂ ਸਦੀ ਦੇ ਗੋਰੇ ਹਾਕਮਾਂ ਲਈ Collect ਹੋ ਗਿਆ। ਸ਼ਹਿਰ ਦੀ ਆਬਾਦੀ ਵਧਣ ਅਤੇ ਕੁਲੈਕਟ ਦੇ ਆਸੇ ਪਾਸੇ ਗੰਦ ਪੈਣ ਨਾਲ (ਰੋਮ ਦੇ ਟਾਈਬਰ ਵਾਂਗੂ) ਇਹਦਾ ਪਾਣੀ ਦੂਸ਼ਤ ਹੋ ਗਿਆ। ਮਾਮਲਾ ਸ਼ਹਿਰੋਂ ਬਾਹਰ ਚਸ਼ਮਿਆਂ, ਡੂੰਘੇ ਖੂਹਾਂ 'ਚੋਂ ਪਾਣੀ ਲੈਣ ਦਾ ਹੋ ਗਿਆ। ਪੰਪ ਦੇ ਪਾਣੀ ਦਾ ਨਾਉਂ Tea Water ਪੈ ਗਿਆ। ਅਠਾਰਵੀਂ ਸਦੀ ਦੇ ਅੱਧ ਵਿਚ Tea Water Man ਪੰਪ ਤੋਂ ਪਾਣੀ ਖਰੀਦ ਕੇ ਗਲੀਆਂ ਮੁਹੱਲਿਆਂ ਵਿਚ ਵੇਚਦੇ ਫ਼ਿਰਦੇ ਸੀ, ਜੋ ਧੰਦੇ ਦੀ ਸ਼ਕਲ ਇਖਤਿਆਰ ਕਰ ਗਿਆ। ਇਕ hogshead (63-140 ਗੇਲਨ) ਪਾਣੀ ਦਾ ਮੁੱਲ ਛੇ ਸੈਂਟ (cent) ਸੀ ਜੋ Tea Water Men ਬਾਲਟੀਆਂ ਵਿਚ ਗੈਲਨ ਇਕ ਸੈਂਟ ਦਾ ਦਿੰਦੇ ਸੀ। ਇਉਂ ਡਿਸਟਰੀਬਿਊਟਰ distributor ਦਾ ਮੁਨਾਫ਼ਾ 2170 (ਇਕੀ ਸੌ ਸੱਤਰ) ਫ਼ੀਸਦੀ ਸੀ। ਇਹ ਭਾਓ ਬੋਤਲ-ਪਾਣੀ (bottled water) ਦੀ ਕਮਾਈ ਦੀ ਪੇਸ਼ਗੋਈ ਹੈ। (Waterman ਦਾ ਪੈੱਨ ਪ੍ਰਸਿੱਧ ਹੈ। ਮੈਨੂੰ ਸਮਝ ਨਾ ਆਵੇ ਕਿ



ਪੈੱਨ ਦਾ ਵਾਟਰਮੈਨ ਨਾਲ ਕੀ ਸੰਬੰਧ ਹੋਇਆ। ਹੁਣ ਅਨੁਮਾਨ ਲਗਦਾ ਹੈ ਕਿ ਇਹਦੇ ਨਿਰਮਾਤਾ ਦਾ ਵਡੇਰਾ Tea Water Man ਹੋਣਾ ਹੈ)

Manhatten Company ਪੀਣ ਵਾਲੇ ਪਾਣੀ ਦੀ ਸੁਵਿਧਾ ਲਈ ਬਣੀ ਸੀ। ਜਲਦੀ ਹੀ ਇਹਦੀ ਰੁਚੀ ਬੈਂਕ ਬਿਜ਼ਨਸ ਦੀ ਹੋ ਗਈ, ਜੋ ਪਾਣੀ ਦਾ ਖਹਿੜਾ ਛੱਡ ਗਈ, ਜੋ Chase Manhatten Bank ਹੋ ਗਈ ਜਿਹੜੀ ਹੁਣ JP Morgan Chase ਕਹਾਉਂਦੀ ਹੈ। ਇਹ ਪਹਿਲੀ ਕਮਰਸ਼ਲ ਬੈਂਕ ਹੈ ਜਿਸ ਦਾ ਮੂਲ ਪਾਣੀ ਦੀ ਸਪਲਾਈ ਹੈ।

19ਵੀਂ ਸਦੀ ਦੇ ਪਹਿਲੇ ਦਹਾਕੇ ਵਿਚ Philadelphia ਵਿਚ ਪੀਣ ਦਾ ਸਾਫ਼ ਪਾਣੀ, ਰਸੋਈ, ਨਹਾਉਣ, ਕੱਪੜੇ ਧੋਣ ਲਈ ਅਤੇ ਸੜਕਾਂ ਧੋਣ ਲਈ ਪਾਣੀ ਦਾ ਪ੍ਰਬੰਧ ਹੋ ਗਿਆ।

Manhatten ਉਦਮ ਦੀ ਪ੍ਰਾਜਯ ਅਤੇ Philadelphia ਦੀ ਈਰਖਾ ਕਰਦਿਆਂ ਨਿਊ ਯਾਰਕ ਨੇ Croton ਨਗਰ ਵਿਚ 35 ਏਕੜ ਜ਼ਮੀਨ condemn ਕੀਤੀ (ਅਮਰੀਕੀ condemn ਨੂੰ ਹਿੰਦੋਸਤਾਨ ਅੰਗਰੇਜ਼ੀ 'ਚ acquire ਕਹਿੰਦੇ ਹਨ)। ਸਨ 1838 ਵਿਚ ਹਰ ਰੋਜ਼ 9 ਕਰੋੜ 50 ਲੱਖ ਗੈਲਨ ਪਾਣੀ 41 ਮੀਲ ਲੰਬੀਆਂ ਪਾਈਪਾਂ ਵਿਚ ਦੀ ਨਿਊ ਯਾਰਕ ਪਹੁੰਚਦਾ ਸੀ। ਸਨ 1842 ਵਿਚ ਉਦਘਾਟਨੀ ਅਵਸਰ ਚਾਰ ਦਿਨ ਚਲਦਾ ਰਿਹਾ। ਸੌ ਤੋਪਾਂ ਦੀ ਸਲਾਮੀ ਦਿੱਤੀ, ਚਰਚਾਂ ਦੀਆਂ ਘੰਟੀਆਂ ਵਜਦੀਆਂ। ਸ਼ਹਿਰ ਵਿਚ ਦੀ ਪੰਜ ਮੀਲ ਲੰਬਾ ਜਲੂਸ ਨਿਕਲਿਆ। ਸ਼ਹਿਰ ਦੀ ਪਾਰਕ ਵਿਚ 50 ਫੁੱਟ ਉੱਚਾ ਫੱਵਾਰਾ ਸੀ। 'ਕਰੋਟਨ ਦੀ ਵਾਰ' ਦਾ ਗਾਇਨ New York Sacred Music Society ਨੇ ਕੀਤਾ। ਕੁਝ ਦਹਾਕਿਆਂ ਮਗਰੋਂ Catskills ਅਤੇ Delaware Watersheds ਦਾ ਸਹਾਰਾ ਲੈਣਾ ਪਿਆ ਜੋ ਨਿਊ ਯਾਰਕ ਤੋਂ 125 ਮੀਲ ਦੂਰ ਹਨ ਅਤੇ ਛੇ ਹਜ਼ਾਰ ਮੀਲ ਲੰਬੀਆਂ ਪਾਣੀ ਦੀਆਂ ਸੁਰੰਗਾਂ ਸਨ।

ਪਾਣੀ 'ਚ ਬਹੁਤ ਕੁਝ ਘੁਸ ਜਾਂਦਾ ਹੈ। ਤਾਂਬੇ, ਸਿੱਕੇ ਆਦਿ ਕੋਈ 80 ਖਣਜ ਇਹਦੇ ਦੂਸ਼ਕ ਹਨ, ਜਿਨ੍ਹਾਂ ਦੀ ਪਾਣੀ ਵਿਚ ਮਾਤਰਾ ਮਿਥਣੀ ਪੈਂਦੀ ਹੈ, ਜੋ ਪੀਣ ਯੋਗ ਪਾਣੀ ਲਈ ਮਿਆਰੀ ਸਮਝੀ ਜਾਂਦੀ ਹੈ। ਇਹਦਾ ਫੈਸਲਾ ਸਮਕਲੀ ਗਿਆਨ 'ਤੇ ਨਿਰਭਰ ਹੈ, ਜਿਸ ਦੀ ਪੈਰਵੀ ਜਲ ਨਿਗਰਾਨ ਸੰਸਥਾ ਦੀ ਕੁਸ਼ਲਤਾ ਅਤੇ ਸਮਰੱਥਾ ਜਿੰਨੀ ਹੁੰਦੀ ਰਹਿੰਦੀ ਹੈ। ਪਾਣੀ ਆਪਣੇ ਪ੍ਰਕਿਰਤਕ ਸੁਭਾਵ ਅਨੁਸਾਰ ਅਕਸਰ ਬਹੁਤ ਗੰਦਾ ਹੁੰਦਾ ਹੈ। ਜਨ ਸਾਧਾਰਨ ਦੀ ਸੋਚ ਇਹਦੇ ਉਲਟ ਹੈ।

ਪ੍ਰਾਚੀਨ ਕਾਲ ਵਿਚ ਸਵੱਛ ਪਾਣੀ ਬਾਰੇ ਸਾਵਧਾਨੀ ਦਾ ਵਰਣਨ ਮਿਲਦਾ ਹੈ। ਯੂਨਾਨੀ ਹਕੀਮ Hippocratese (460-360 ਪ.ਈ.) ਦੇ ਗ੍ਰੰਥ ਵਿਚ ਪਾਣੀ 'ਚ ਸ਼ਰਾਬ, ਬੀਅਰ, ਸ਼ਹਿਦ, ਸਿਰਕਾ ਆਦਿ ਰਲਾਉਣ ਦੀ ਸਿਫ਼ਾਰਸ਼ ਹੈ। Hops ਦੀ ਕਾਢ ਬਸਤੀਵਾਦੀ ਜ਼ਮਾਨੇ ਦੀ ਹੈ, ਜੋ ਯੌਰਪ ਤੋਂ ਦੂਰ ਬਸਤੀਵਾਦੀ (colonial) ਮੁਲਕਾਂ ਵਿਚ ale (ਬੀਅਰ) ਨੂੰ ਖਰਾਬ ਹੋਣ ਤੋਂ ਬਚਾਉਣਾ ਸੀ।

Pliny the Elder (23-79 ਈ.) ਖੂਹ ਦੇ ਪਾਣੀ ਦੇ ਹੱਕ 'ਚ ਹੈ। Collu mella (ਲਗਪਗ 70 ਈ.) ਚਸ਼ਮੇ ਦੇ ਪਾਣੀ ਦਾ ਮੁੱਦਈ ਹੈ। ਪੰਜਵੀਂ ਸਦੀ ਈਸਾ ਵਿਚ Macrobius ਅਮੀਰਾਂ ਦੀ ਆਦਤ ਦੇ ਖਿਲਾਫ਼ ਹੈ ਜੋ ਬਰਫ਼ ਪਿਘਲਾ ਕੇ (ਪਾਣੀ) ਪੀਂਦੇ ਹਨ ਕਿਉਂ ਜੋ ਬਰਫ਼ 'ਚ ਪਾਣੀ ਦੀ ਸਿਹਤਮੰਦ ਭਾਫ਼ ਨਹੀਂ ਹੁੰਦੀ।

ਸਨ 1858 ਵਿਚ ਇੰਗਲੈਂਡ ਦਾ ਟੇਮਜ਼ ਦਰਿਆ ਇੰਨਾ ਗੰਦਾ ਹੋ ਗਿਆ ਜੋ ਇਹਦੇ ਵਿਚ ਉਠਦੀ ਸੜਿਆਂਦ (The Great Stink) ਕਾਰਨ ਅੰਗਰੇਜ਼ ਪਾਰਲੀਮੈਂਟ ਦੀ ਕਾਰਵਾਈ ਅਸੰਭਵ

ਹੋ ਗਈ। ਪਾਣੀ ਦੇ ਇਤਿਹਾਸ ਵਿਚ 19ਵੀਂ ਸਦੀ ਹਨੇਰੇ ਦਾ ਯੁਗ ਸੀ। ਉਦਯੋਗ ਦੇ ਪਸਾਰ, ਸ਼ਹਿਰਕਾਰੀ, ਲੋੜ ਤੋਂ ਊਣੀ ਸਫ਼ਾਈ ਅਤੇ ਨਾ-ਕਾਫ਼ੀ ਗਿਆਨ ਨੇ ਪੀਣ ਵਾਲੇ ਪਾਣੀ ਨੂੰ ਖਤਰਨਾਕ ਬਣਾ ਦਿੱਤਾ ਸੀ। ਹਨੇਰੇ ਯੁਗ ਨੂੰ ਕੁਝ ਪਿੱਛੇ ਧੱਕਣ ਸਮੇਂ cleanliness is next to godliness (ਸਫ਼ਾਈ ਤੇ ਪ੍ਰਭੂ ਪ੍ਰੇਮ ਦਾ ਮੇਲ ਹੈ) ਦਾ ਉਦੇਸ਼ ਪੈਦਾ ਹੋਇਆ।

19ਵੀਂ ਸਦੀ ਦੇ ਅੱਧ ਵਿਚ ਯੌਰਪ ਅਤੇ ਏਸ਼ੀਆ, ਅਮੀਰ ਅਤੇ ਗਰੀਬ ਕੀ, ਸ਼ਹਿਰਾਂ ਦੇ ਮਲ-ਮੂਤ, ਗੰਦੇ ਵਹੀਨਾਂ ਵਿਚ ਰਹਿੰਦੇ ਸੀ; ਲੰਡਨ ਅਤੇ ਮਦਰਾਸ 'ਚ ਕੋਈ ਫਰਕ ਨਹੀਂ ਸੀ। ਸਵੱਛ ਅਭਿਆਨ ਅਧੀਨ ਅੰਗਰੇਜ਼ ਵਸੋਂ ਲਈ ਪਰੰਪਰਾ ਦੇ ਸ਼ਹਿਰਾਂ ਵਿਚ Civil Lines, ਜਾਂ ਛਾਉਣੀਆਂ ਬਣਨ ਲੱਗੀਆਂ। ਭਾਰਤ ਦੇ ਹਰ ਸ਼ਹਿਰ ਵਿਚ ਹੁਣ ਦਿੱਲੀ-ਨਵੀਂ ਦਿੱਲੀ ਦੇ ਜੁਗਰਾਫ਼ੀਏ ਦੀ ਨਕਲ ਨਜ਼ਰ ਆਉਂਦੀ ਹੈ।

ਸਫਾਈ ਦਾ ਸਾਧਨ (sewerage) ਗੰਦੀ ਨਾਲੀਆਂ ਦੇ ਪ੍ਰਬੰਧ ਨਾਲ ਸਿਹਤ ਦੀ ਬਿਹਤਰੀ ਕਾਰਨ ਉਮਰ ਵਧ ਜਾਂਦੀ ਹੈ। ਅੰਗਰੇਜ਼ੀ ਸ਼ਹਿਰ Dudley ਵਿਚ 1852 ਵਿਚ ਔਸਤ ਉਮਰ (average age) 17 ਸਾਲ ਸੀ। ਸੀਵਰੇਜ ਬਣਨ ਤੋਂ ਵੀਹ ਸਾਲ ਬਾਅਦ 34 ਹੋ ਗਈ।

ਸਨ 1902 ਮਿਡਲਕਰਕ Middlekerk ਬੈਲਜੀਅਮ ਵਿਚ ਪਾਣੀ ਲਈ ਛੂਤਨਾਸ਼ (disinfection) ਲਈ ਕਲੋਰੀਨ ਦੀ ਕਾਢ ਨਿਕਲੀ। ਅਮਰੀਕਾ ਵਿਚ 1941 ਵਿਚ ਕੋਈ 5000 ਪਾਣੀ ਨੂੰ ਸ਼ੁੱਧ ਕਰਨ ਵਾਲੇ ਪ੍ਰਬੰਧ ਸਨ। 85 ਫ਼ੀਸਦੀ ਕਲੋਰੀਨ ਰਾਹੀਂ ਹੁੰਦੇ। ਕਲੋਰੀਨ-3 ਪਾਣੀ ਆਧੁਨਿਕ ਹੋ ਗਿਆ ਜੋ ਬੋਤਲ ਪਾਣੀ ਦਾ ਧੰਦਾ ਠੱਪ ਹੋ ਗਿਆ। ਇਸ ਤੋਂ ਪਹਿਲਾਂ ਨਲਕੇ ਦੇ ਪਾਣੀ ਨੂੰ ਆਮੀਆਨਾ ਅਤੇ ਬੋਤਲ-ਪਾਣੀ ਨੂੰ ਫੈਸ਼ਨਦਾਰ ਸਮਝਿਆ ਜਾਂਦਾ ਸੀ।

ਗੈਲਨ ਪਾਣੀ ਦਾ ਭਾਰ ਅੱਠ ਪੌਂਡ ਤੋਂ ਥੋੜ੍ਹਾ ਵੱਧ ਹੁੰਦਾ ਹੈ।

ਭੂਨਿਮਨ ਪਾਣੀ ਦੀਆਂ ਨਾਲੀਆਂ ਦੀ ਸਭ ਤੋਂ ਵੱਡੀ ਮੁਸ਼ਕਿਲ ਇਹ ਹੈ ਜੋ ਇਨ੍ਹਾਂ ਵੱਲ ਅਕਸਰ ਧਿਆਨ ਨਹੀਂ ਜਾਂਦਾ ਪਰ ਨਾਲੀ ਦੇ ਵਿਗੜ ਜਾਣ 'ਤੇ ਹੀ ਇਹਦਾ ਖਿਆਲ ਆਉਂਦਾ ਹੈ। ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਦਾ ਹਾਲ ਹੈ ਕਿ ਹਰ ਰੋਜ਼ ਤਕਰੀਬਨ ਇਕ ਪਾਈਪ ਪਾਟਦੀ ਹੈ। ਫਿਲਾਡੈਲਫੀਆ ਵਿਚ ਸੀਵਰੇਜ ਅਤੇ ਪਾਣੀ ਦੀਆਂ ਦੋ ਨਾਲੀਆਂ ਟੁੱਟਦੀਆਂ ਹਨ।

ਸਰਕਾਰੀ ਮਹਿਕਮੇ ਦਾ ਅੰਦਾਜ਼ਾ ਹੈ ਕਿ ਅਮਰੀਕਾ ਨੂੰ ਜਲ-ਪ੍ਰਬੰਧ ਕਾਇਮ ਰੱਖਣ ਲਈ 335 ਖਰਬ ਡਾਲਰ ਦੀ ਲੋੜ ਹੈ। ਇਕੱਲੇ ਨਿਊ ਯਾਰਕ ਨੂੰ 36 ਅਰਬ ਡਾਲਰ ਚਾਹੀਦੇ ਹਨ।

ਲੋੜ ਅਤੇ ਖਤਰੇ ਦਾ ਅੰਦਾਜ਼ਾ 1993 ਵਿਚ Milwaukee ਦੀ ਮਿਸਾਲ ਤੋਂ ਲੱਗ ਜਾਂਦਾ ਹੈ। ਮਲ-ਦੂਸ਼ਤ ਪਾਣੀ ਨੇ ਸ਼ਹਿਰ ਦਾ ਚੌਥਾ ਹਿੱਸਾ ਆਬਾਦੀ 4 ਲੱਖ ਨੂੰ ਰੋਗੀ ਕਰ ਦਿੱਤਾ ਜੋ ਦੋ ਹਫ਼ਤਿਆਂ ਵਿਚ 69 ਬੰਦੇ ਮਰ ਗਏ।

ਸੰਖੀਆ (arsenic) ਪ੍ਰਸਿੱਧ ਜ਼ਹਿਰ ਹੈ। ਪਾੜੀ 'ਚ ਘੋਲਿਆ ਨਜ਼ਰ ਨਹੀਂ ਆਉਂਦਾ, ਇਹਦੀ ਬੂਅ ਨਹੀਂ ਆਉਂਦੀ, ਨਾ ਸਵਾਦ ਤੋਂ ਪਤਾ ਲਗਦਾ ਹੈ। ਕਈ ਵਾਰ ਅਸਰ ਵਿਖਾਉਣ ਨੂੰ ਦਸ ਸਾਲ ਲੱਗ ਜਾਂਦੇ ਹਨ। ਬੰਗਲਾਦੇਸ਼ 'ਚ ਇਕ ਕਰੋੜ ਟਿਊਬਵੈੱਲ ਹਨ। ਇਹਦਾ ਭੂਨਿਮਨ ਜਲ ਸੰਖੀਆ ਦੂਸ਼ਤ ਹੈ। ਕੋਈ 64 ਵਿਚੋਂ 59 ਜ਼ਿਲ੍ਹਿਆਂ ਵਿਚ ਸੰਖੀਏ ਦੀ ਮਾਤਰਾ WHO ਸੰਸਥਾ ਦੀ ਦੱਸੀ ਹੱਦ ਨਾਲੋਂ ਜ਼ਿਆਦਾ ਹੈ। ਦਸ ਜ਼ਿਲ੍ਹਿਆਂ ਵਿਚ ਛੇ ਗੁਣੀ ਹੈ। ਸੰਖੀਏ ਦੀ ਬਹੁਤੀ ਮਾਤਰਾ ਵਾਲੇ ਖੂਹ ਲਾਲ ਰੰਗ ਦਿੱਤੇ ਹਨ, ਥੋੜ੍ਹੀ ਮਾਤਰਾ ਵਾਲੇ ਹਰੇ ਰੰਗ ਦੇ ਹਨ। ਕਾਫ਼ੀ ਲੋਕ ਸਭ ਕੁਝ ਜਾਣਦੇ ਹੋਏ ਲਾਲ ਖੂਹਾਂ ਦਾ ਪਾਣੀ ਵਰਤੀ ਜਾਂਦੇ ਹਨ। ਇਹ ਉਨ੍ਹਾਂ ਦੀ ਮੂਰਖਤਾ ਨਹੀਂ, ਮਜਬੂਰੀ ਹੈ। ਜਿਵੇਂ, ਜੇ ਸਰਦਾ ਹੋਵੇ ਤਾਂ ਬੁਖਾਰ ਚੜ੍ਹੇ ਵਿਚ ਮੁਸ਼ੱਕਤ ਕਰਨੀ ਬੇਵਕੂਫ਼ੀ ਹੈ,



ਪਰ ਜੇ ਘਰ ਵਿਚ ਰੋਟੀ ਜੋਗਾ ਆਟਾ ਨਹੀਂ ਤਾਂ ਬੁਖਾਰ ਚੜ੍ਹੇ ਵਿਚ ਮੁਸ਼ੱਕਤ ਮਜਬੂਰੀ ਹੈ। ਲਾਲ ਖੂਹ ਦਾ ਪਾਣੀ ਪੀਣ ਦਾ ਹਰਜ ਤਾਂ ਭਵਿੱਖ ਵਿਚ ਭਰਨਾ ਪੈਣਾ ਹੈ, ਪਰ ਦੂਰ ਹਰੇ ਖੂਹ 'ਤੇ ਜਾਣ ਨਾਲ ਜਿਹੜਾ ਹੰਦਾ ਲਗਦਾ ਹੈ, ਉਹ ਤਾਂ ਝਟਪਟ ਝੱਲਣਾ ਪੈਂਦਾ ਹੈ।

ਸਨ 2009 ਵਿਚ New York Times ਦੀ ਤਫ਼ਤੀਸ਼ੀ ਰਿਪੋਰਟ ਅਨੁਸਾਰ ਅਮਰੀਕਾ ਦੇ 20 ਫੀਸਦੀ ਜਲ-ਸੋਧਕ ਪ੍ਰਬੰਧਕਾਂ ਨੇ Safe Drinking Water ਦੀਆਂ ਹੱਦਾਂ ਉਲੰਘੀਆਂ ਸਨ; ਕੇਵਲ 6 ਫੀਸਦੀ ਨੂੰ ਸਜ਼ਾ-ਯਾਬ ਕੀਤਾ ਸੀ।

ਦਹਿਸ਼ਤਵਾਦ 21ਵੀਂ ਸਦੀ ਦੀ ਸਿਆਸਤ ਦਾ ਕੇਂਦਰੀ ਲੱਛਣ ਹੈ, ਕਰਤਿਆਂ ਲਈ, ਨਾਲੇ ਭਰਤਿਆਂ ਲਈ। ਅਮਰੀਕਾ ਦੇ ਜਲ-ਪ੍ਰਬੰਧਾਂ ਬਾਰੇ ਵਿਚਾਰ ਹੋਇਆ ਤਾਂ ਇਨ੍ਹਾਂ ਦੀ ਵਿਸ਼ਾਲਤਾ ਤੋਂ ਹੀ ਪਤਾ ਲੱਗਿਆ ਜੋ ਇਨ੍ਹਾਂ ਦੀ ਪੂਰੋ ਪੂਰੀ ਰਕਸ਼ਾ ਨਹੀਂ ਹੋ ਸਕਦੀ। ਕੋਈ 75,000 ਡੈਮ ਜਾਂ ਭੰਡਾਰ ਹਨ। ਜਲ ਨਾਲੀਆਂ ਦੀ ਲੰਬਾਈ 20 ਲੱਖ ਮੀਲ ਦੀ ਹੋ ਜਾਂਦੀ ਹੈ। ਕੋਈ 1,60,000 ਪੀਤ ਸੁਵਿਧਾਵਾਂ ਹਨ। ਲਾਸ ਐਂਜਲੀਜ਼ Los Angeles ਦੀ ਇਸ ਪਾਸੇ ਕੋਸ਼ਿਸ਼ ਹੀ ਅਭਿਯਥਾਰਥਵਾਦੀ (Surrealistic) ਨਜ਼ਰ ਆਉਣ ਲੱਗ ਜਾਂਦੀ ਹੈ। ਉਹਦੇ ਜਲ ਅਤੇ ਊਰਜਾ (Water and Power) ਵਿਭਾਗ ਨੇ ਆਪਣੇ ਕਰਮਚਾਰੀਆਂ ਦੀ ਗਿਣਤੀ ਦੁੱਗਣੀ ਕਰ ਦਿੱਤੀ, ਪਾਣੀ ਦੇ ਟੈੱਸਟ 50 ਫ਼ੀਸਦੀ ਵਧਾ ਦਿੱਤੇ, ਦੋ ਹੈਲੀਕੋਪਟਰ ਬੁਨਿਆਦੀ ਢਾਂਚੇ ਦੀ ਚੌਕੀਦਾਰੀ ਕਰਨ ਲੱਗੇ, ਨਾਲੇ ਕਰਮਚਾਰੀਆਂ ਦੇ 'ਨਿਸ਼ਾਨ ਅੰਗੂਠਾ' ਇਕੱਠੇ ਕਰ ਲਏ ਅਤੇ ਉਨ੍ਹਾਂ ਦੇ ਪਿਛੋਕੜ ਦੀ ਖੋਜ ਹੋਣ ਲੱਗੀ।

ਜਿਵੇਂ restaurant ਰੈਸਟੋਰੈਂਟ ਪਹਿਲਾਂ ਸਿਹਤ-ਯਾਬੀ ਦੀ ਜਗ੍ਹਾ ਸੀ, ਬੋਤਲ-ਪਾਣੀ ਵੀ ਦਵਾਈ ਫਰੋਸ਼ਾਂ ਤੋਂ ਮਿਲਦਾ ਸੀ। ਬੋਤਲੀ ਪਾਣੀ ਦੀ ਚੜ੍ਹਤ 19ਵੀਂ ਸਦੀ ਦੀ ਹੈ। ਫਰਾਂਸ ਵਿਚ ਇਹਦੇ 188 ਬਰਾਂਡ ਸੀ, ਜਰਮਨੀ 'ਚ 300 ਸੀ। ਸਨ 1920 ਵਿਚ ਕਲੋਰੀਨ-ਮੇਲ ਪਾਣੀ ਨੇ ਬੋਤਲ-ਪਾਣੀ ਦੇ ਧੰਦੇ ਨੂੰ ਬੜੀ ਸੱਟ ਮਾਰੀ, ਜੀਹਨੂੰ ਮੁੜ ਵਜ਼ਾ'ਦਾਰ (ਸ਼ੌਕੀਨ) ਕਹਾਉਣ ਲਈ 1990 ਨੂੰ ਉਡੀਕਣਾ ਪਿਆ। ਤਾਰੀਖ਼ਾਂ dates ਹੀ ਇਹਦੀ ਵ੍ਰਿਧੀ ਦੱਸੀ ਜਾਂਦੀਆਂ ਹਨ। ਸਵਿਟਜ਼ਰਲੈਂਡ ਦੀ Nestle ਨੇ ਅਮਰੀਕਾ ਵਿਚ ਫਰਾਂਸੀਸੀ ਬਰਾਂਡ 1992 ਵਿਚ ਖਰੀਦ ਲਿਆ। Pepsi 1994 ਵਿਚ ਸ਼ੁਰੂ ਹੋਈ, ਜੋ 1997 ਵਿਚ ਹੀ Coke ਨਾਲ ਮੁਕਾਬਲਾ ਸ਼ੁਰੂ ਹੋ ਗਿਆ। ਸਨ 1970 ਤੋਂ 2007 ਵਿਚਕਾਰ ਬੋਤਲ-ਪਾਣੀ ਦੀ ਵਿਕਰੀ 30 ਗੁਣਾ ਹੋ ਗਈ ਹੈ। ਇਹਦੀ ਲਾਗਤ ਤਾਂ ਕੀਮਤ ਦਾ 240 ਤੋਂ 10 ਹਜ਼ਾਰ-ਵਾਂ ਹਿੱਸਾ ਹੁੰਦੀ ਹੈ। ਪੈਪਸੀ ਕੋਕ ਨਲਕੇ ਦੇ ਪਾਣੀ ਨੂੰ ਸੋਧਨ ਪ੍ਰਬੰਧਾਂ ਵਿਚਦੀ ਲੰਘਾ ਕੇ ਇਹਦੇ ਵਿਚ ਗੁਪਤ ਖਣਜ minerals ਪਾਉਂਦੇ ਹਨ, ਜਿਹਨੂੰ pixie dust ਕਿਹਾ ਜਾਂਦਾ ਹੈ ਤਾਂ ਜੋ ਸ਼ੋਧਿਤ ਪਾਣੀ ਮੁੜ ਸਵਾਦ ਲੱਗਣ ਲੱਗ ਜਾਵੇ। ਅੰਗਰੇਜ਼ੀ ਵਿਚ pixie ਭੂਤ/ਪਰੀ।

ਪਹਿਲਾਂ ਮਹਿੰਗੇ ਰੈਸਟੋਰੈਂਟਾਂ ਵਿਚ ਗਲਾਸ 'ਚ ਸ਼ਰਾਬ ਪਾਉਣ ਵਾਲੇ ਵਿਸ਼ੇਸ਼ ਬਹਿਰਿਆਂ ਨੂੰ ਸ਼ਰਾਬ-ਚੀ ਕਹਿੰਦੇ ਸੀ, ਹੁਣ ਕਈਆਂ ਵਿਚ ਆਬ-ਚੀ ਵੀ ਦਿਸਣ ਲੱਗੇ ਹਨ ਜੋ ਮਨ ਪਸੰਦ ਬੋਤਲ-ਪਾਣੀ ਲਿਆ ਕੇ ਗਲਾਸ ਭਰਦੇ ਹਨ। ਚੀਜ਼ ਇੰਨੀ 'ਸਸਤੀ', ਇਹਦੀ ਚਾਕਰੀ ਇੰਨੀ ਮਹਿੰਗੀ।

Salt Lake City ਦੇ ਮੇਅਰ ਅਨੁਸਾਰ 'ਬੋਤਲ-ਪਾਣੀ ਜ਼ਮਾਨੇ ਭਰ ਦਾ marketing (ਮੰਡਿਨ) ਘਪਲਾ ਹੈ'। ਇਹਦੇ ਮੰਡਿਨ ਦੀ ਬੁਨਿਆਦੀ ਪਹੁੰਚ ਪੀਤਕ drinker ਨੂੰ ਬਿਨਾਂ ਦੱਸੇ ਉਹਨੂੰ (ਸਿਹਤ ਵੱਲੋਂ) ਡਰਾ ਕੇ ਰੱਖਣ ਦੀ ਅਤੇ ਅਣ-ਸੁਰਕਸ਼ਿਤ ਅਨੁਭਵ ਕਰਾਉਣ ਦੀ ਹੈ। ਪਰ

ice-cube ਬਣਾਉਣ ਲਈ, ਸਬਜ਼ੀ ਚਾਵਲ ਉਬਾਲਣ ਲਈ ਸਾਧਾਰਨ ਪਾਣੀ ਕੋਈ ਹਰਜ ਨਹੀਂ ਕਰਦਾ।

ਕਪੜਿਆਂ ਦੇ ਫੈਸ਼ਨ ਵਾਂਗੂ ਸੋਚ ਦੇ ਵੀ ਫ਼ੈਸ਼ਨ ਹੁੰਦੇ ਹਨ। ਸਭ ਤੋਂ ਅਨੋਖੀ ਅਤੇ ਵੱਡੀ ਮਿਸਾਲ ਸਾਡੇ ਦੇਸ਼ ਵਿਚ ਵਿੱਦਿਆ, ਇਲਾਜ, ਪੱਤਰਕਾਰੀ noble (ਆਰਯਾ, ਉੱਚੇ) ਪੇਸ਼ੇ ਸਮਝ ਜਾਂਦੇ ਸੀ ਕਿਉਂਕਿ ਇਨ੍ਹਾਂ ਨੂੰ ਕਮਾਈ ਦਾ ਸਾਧਨ ਨਹੀਂ, ਸਗੋਂ ਪਰਉਪਕਾਰ ਹਿੱਤ ਚਲਾਇਆ ਜਾਂਦਾ ਸੀ। ਹੁਣ ਸਿਕਸ਼ਾ, ਇਲਾਜ, ਪੱਤਰਕਾਰੀ ਵਿਕਾਊ ਮਾਲ ਬਣਾਏ ਜਾ ਰਹੇ ਹਨ। ਇਸੇ ਸੋਚ ਅਧੀਨ ਜਨ ਮਾਲਕੀ (public) ਅਧੀਨ ਕਾਰੋਬਾਰ ਨੂੰ ਅਕੁਸ਼ਲ (inefficient) ਕਿਹਾ ਜਾਂਦਾ ਹੈ ਅਤੇ ਪਰਾਈਵੇਟ ਮਾਲਕੀ ਨੂੰ ਕੁਸ਼ਲ ਠਹਿਰਾਇਆ ਜਾਂਦਾ ਹੈ। ਜਨ-ਮਾਲਕੀ ਦੀ ਅਕੁਸ਼ਲਤਾ ਦਾ ਵਿਪਰੀਤ 'ਕੁਸ਼ਲਤਾ' ਹੈ, ਨਾ ਕਿ ਪਰਾਈਵੇਟ ਮਾਲਕੀ ਹੈ। ਪਰਾਈਵੇਟ ਮਾਲਕੀ ਦੀ ਅਕੁਸ਼ਲਤਾ ਦਾ ਜ਼ਿਕਰ ਕਰਨਾ ਅਯੋਗ ਸਮਝਿਆ ਜਾਂਦਾ ਹੈ, ਜਿਵੇਂ ਬ੍ਰਿਟਿਸ਼ ਰੇਲ, ਜਾਪਾਨੀ ਪ੍ਰਮਾਣੂ ਕਾਰਖਾਨੇ।

ਸਨ 1950-85 ਦੌਰਾਨ ਦੁਨੀਆ ਦੀ ਸ਼ਹਿਰੀ ਆਬਾਦੀ ਦੁੱਗਣੀ ਹੋ ਗਈ ਹੈ। ਸਾਫ਼ ਪਾਣੀ ਦੇ ਸੋਮੇ ਘਟਦੇ ਜਾ ਰਹੇ ਹਨ ਅਤੇ ਸਫ਼ਾਈ ਦਾ ਕੰਮ ਹੋਰ ਮੁਸ਼ਕਿਲ ਹੋ ਰਿਹਾ। ਆਬਾਦੀ ਦੇ ਵਾਧੇ ਦੇ ਦਰਪੇਸ਼ ਪਾਣੀ ਦੀ ਸੁਲੱਭਤਾ ਦੀ ਗਤੀ ਹੋਰ ਵੀ ਤੇਜ਼ ਕਰਨੀ ਪੈਣੀ ਹੈ, ਜੋ ਉਹਦੀ ਅੰਨ ਦੀ ਲੋੜ ਪੂਰੀ ਕਰਨ ਲਈ ਫਸਲਾਂ ਵਾਸਤੇ ਪਾਣੀ ਜ਼ਰੂਰੀ ਹੈ, ਨਾਲੇ ਮਾਸਾਹਾਰੀ ਵਸੋਂ ਲਈ ਹੋਰ ਪਸ਼ੂਆਂ ਦੀ ਲੋੜ ਹੈ ਜਿਹਨਾਂ ਲਈ ਅੰਨ ਦੀ ਸਗੋਂ ਵੱਧ ਲੋੜ ਹੈ।

ਕੋਈ ਹੈਰਾਨੀ ਦੀ ਗੱਲ ਨਹੀਂ ਜੋ ਪਾਣੀ ਤਾਂ ਮਾਣਸ ਦਾ ਸਰਵਸ਼ਕਤੀ ਚਿੰਨ੍ਹ ਹੈ। ਇਹ ਆਬ-ਏ ਹਿਆਤ ਹੈ ਜਿਸ ਨੂੰ ਪੀ ਕੇ ਬੰਦਾ ਅਮਰ ਹੋ ਜਾਂਦਾ ਹੈ। ਇਹ ਅਕਸੀਰ, ਅੰਗਰੇਜ਼ੀ elixir ਹੈ ਜੋ ਸਰਬਔਸ਼ਧਿ ਹੈ। ਇਹਦੇ ਵਿਚ ਟੁੱਬੀ ਲਾਉਣ ਨਾਲ ਜਨਮ ਜਨਮ ਦੇ ਪਾਪ ਲਹਿ ਜਾਂਦੇ ਹਨ- ਰਾਮਦਾਸ ਸਰੋਵਰ ਨ੍ਹਾਤੇ; ਅਤੇ ਕੋਹੜੀ ਚੰਗਾ ਭਲਾ ਹੋ ਜਾਂਦਾ ਹੈ। ਯਵਨ Styx ਦਰਿਆ- ਹਿੰਦੂ ਵੈਤਰਨੀ- ਲੰਘ ਕੇ ਅਗਲੀ ਦੁਨੀਆ ਆਉਂਦੀ ਹੈ, ਜਿਸ ਨੂੰ ਪਾਰ ਕਰਨ ਲਈ ਆਤਮਾ ਮੱਲਾਹ ਨੂੰ ਵਿਤਰਨ (ਦਾਨ) ਦਿੰਦੀ ਹੈ, ਜੋ ਮੁਸਲਮਾਨ ਮੁਰਦੇ ਦੇ ਮੂੰਹ ਵਿਚ ਰੁਪਈਆ ਪਾਉਣਾ ਪੈਂਦਾ ਹੈ। Lethe ਵਿ-ਸਿਮਰਨ ਦੀ ਨਦੀ ਹੈ ਜੋ ਇਹ ਦੁਨੀਆ ਦੇ ਸੰਸਕਾਰ ਭੁਲਾ ਦਿੰਦੀ ਹੈ ਤਾਂ ਜੋ ਪ੍ਰਾਣੀ ਅਗਲੀ ਦੁਨੀਆ ਵਿਚ ਵਸਣ ਜੋਗਾ ਹੋ ਜਾਵੇ। ਇਹ ਅਮ੍ਰਿਤ ਵੀ ਹੈ; ਇਹ ਈਸਾਈਆਂ ਦਾ baptismal font (ਲਘੂ ਸਰੋਵਰ) ਵੀ ਹੈ। 000

**Drinking Water, James Salzman, Overlook Duckworth, 2012.**

***(144 ਸੈਕਟਰ 65, ਐੱਸ.ਏ.ਐੱਸ.ਨਗਰ - ਮੁਹਾਲੀ 160 062)***





## ਮਾਨਵਤਾ ਗ਼ੈਰਹਾਜ਼ਰ ਹੈ (ਕਵਿਤਾਵਾਂ) ਬਲਬੀਰ ਜਲਾਲਾਬਾਦੀ

ਮੇਰੇ ਕੋਲ ਬਲਬੀਰ ਜਲਾਲਾਬਾਦੀ ਦਾ ਕਾਵਿ ਸੰਗ੍ਰਹਿ 'ਮਾਨਵਤਾ ਗੈਰਹਾਜ਼ਰ ਹੈ' (ਪੰਨੇ 108, ਮੁੱਲ 150 ਰੁਪਏ, ਸ਼ਹੀਦ-ਏ-ਆਜ਼ਮ ਪਬਲੀਕੇਸ਼ਨਜ਼, ਚੌਕ ਦੂਖ ਨਿਵਾਰਨ ਸਾਹਿਬ, ਪਟਿਆਲਾ) ਲੰਮੇ ਸਮੇਂ ਤੋਂ ਪਿਆ ਹੈ। ਮੈਂ ਇਹਦੇ ਬਾਰੇ ਲਿਖਣ ਤੋਂ ਘੇਸ ਵਟਦਾ ਰਿਹਾ। ਬਹੁਤੀ ਏਸ ਲਈ, ਇਸ ਦੇ ਮੁੱਢਲੇ ਪੰਨਿਆਂ ਵਿਚ ਕਵੀ ਨੇ ਦੂਰਦਰਸ਼ਨ ਕੇਂਦਰ ਵਾਲੇ ਲਖਵਿੰਦਰ ਜੌਹਲ ਅਤੇ ਦਰਸ਼ਨ ਖਟਕੜ ਦੇ ਮੁੱਖਬੰਧ ਰੂਪੀ ਲੇਖ ਹੀ ਨਹੀਂ, ਸਰਵਰਕ ਉੱਤੇ ਦਰਸ਼ਨ ਬੁੱਟਰ ਤੇ ਹਰਜਿੰਦਰ ਵਾਲੀਆ ਦੀਆਂ ਸਰਟੀਫਿਕੇਟ ਰੂਪੀ ਟਿੱਪਣੀਆਂ ਵੀ ਛਾਪੀਆਂ ਹਨ। ਜਿਹੜਾ ਰਚਨਾਕਾਰ ਆਪਣੀ ਰਚਨਾ ਲਈ ਏਨੀਆਂ ਵਸਾਖੀਆਂ ਵਰਤੇ, ਉਸ ਦੀ ਉੱਤਮਤਾ ਉੱਤੇ ਕਿੰਤੂ ਪਰੰਤੂ ਜਾਗਣਾ ਕੁਦਰਤੀ ਹੈ। ਮੈਂ ਦੋ ਚਾਰ ਗੀਤ ਪੜ੍ਹੇ ਤਾਂ ਉਹ ਵੀ ਲੈਅਬੱਧ ਹੋਣ ਦੇ ਬਾਵਜੂਦ ਕਾਵਿਕ ਉੱਤਮਤਾਈ ਦੇ ਰਾਹ ਤੁਰਦੇ ਵਿਖਾਈ ਨਾ ਦਿੱਤੇ।

'ਸਿਰਜਣਾ' ਨਾਲ ਆਪਣੀ ਵਚਨਬੱਧਤਾ ਨਿਭਾਉਣ ਸਮੇਂ ਆਪਣੇ ਮਨ ਦੀਆਂ ਇਨ੍ਹਾਂ ਸੀਮਾਵਾਂ ਵਿਚੋਂ ਬਾਹਰ ਨਿਕਲਦਾ ਹਾਂ ਤਾਂ ਅਚਾਨਕ ਹੀ ਮੇਰੀ ਨਜ਼ਰ ਪੁਸਤਕ ਦੇ ਇਨ੍ਹਾਂ ਬੋਲਾਂ ਉੱਤੇ ਪੈ ਜਾਂਦੀ ਹੈ:

*ਮਾਂ! ਆਪਣੇ ਨਾਰੀਪਨ ਦੇ ਅਹਿਸਾਸ ਨੂੰ ਛਿਟਕ ਕੇ*
*ਆਪਣੀ ਕੁੱਖ ਨੂੰ ਕਹਿ*
*ਵੀਰੇ ਵਾਂਗ / ਮੇਰੀ ਆਮਦ ਨੂੰ ਵੀ ਸਵੀਕਾਰ ਕਰੇ*
*ਰੁੱਤਾਂ ਤੇ ਕੁੱਖਾਂ / ਜੀਵਨ ਦੀ ਪਰਿਭਾਸ਼ਾ ਹੁੰਦੀਆਂ ਹਨ*

ਤੇ ਫੇਰ ਪੁਸਤਕ ਦੇ ਅਗਲੇ ਵਰਕੇ ਫਰੋਲਦਿਆਂ ਇਨ੍ਹਾਂ ਬੋਲਾਂ ਉੱਤੇ ਵੀ:

*ਮੁਮਕਿਨ ਨਹੀਂ / ਚੇਤਨਾ ਦਾ ਬੇੜੀਆਂ 'ਚ ਬੰਨ੍ਹੇ ਜਾਣਾ*
*ਬੇੜੀਆਂ 'ਚ ਸਿਰਫ / ਮਨੁੱਖ ਬੰਨ੍ਹੇ ਜਾ ਸਕਦੇ ਹਨ*
*ਤੇ ਇੰਟੈਰੋਗੇਸ਼ਨ ਸੈਂਟਰ / ਸੁਧਾਰ ਘਰ ਐਲਾਨੇ ਜਾਂਦੇ ਹਨ*

ਉਹ ਸਭਿਅਤਾ ਦੇ ਦਾਮਨ ਨੂੰ ਚਿੰਬੜੀਆਂ ਉਨ੍ਹਾਂ ਜੋਕਾਂ ਤੋਂ ਵੀ ਬੇਖਬਰ ਨਹੀਂ ਜਿਹੜੀਆਂ ਤਹਿਜ਼ੀਬ ਦਾ ਲਹੂ ਪੀ ਰਹੀਆਂ ਹਨ:

*ਅਖਲਾਕ ਦੀ ਬਰਬਰਤਾ ਹੈ ਕਿ / ਵਿਦੇਸ਼ਾਂ ਦੇ ਲਾਲਚ ਨੇ*
*ਸਿਰਲੱਥ ਕੌਮ ਦੇ ਪਾਕ ਦਾਮਨ ਨੂੰ / ਦਾਗ਼ਦਾਰ ਕੀਤਾ ਹੈ*
*ਭਾਈਆਂ ਦੀ ਖ਼ੁਦਗਰਜ਼ੀ ਹੈ*
*ਕੱਚੇ ਅਨੰਦ-ਕਾਰਜਾਂ ਨੇ / ਭੈਣ-ਭਾਈ ਦੇ ਲਹੂ ਰਿਸ਼ਤੇ ਨੂੰ*
*ਤਾਰ-ਤਾਰ ਕੀਤਾ ਹੈ।*

ਉਹ ਆਪਣੇ ਆਪ ਨੂੰ ਵੀ ਮੁਆਫ਼ ਨਹੀਂ ਕਰਦਾ ਜਿਹੜਾ ਰੋਜ਼ੀ ਰੋਟੀ ਦੀ ਭਾਲ ਵਿਚ ਪਿੰਡ ਦੀ ਮਿੱਟੀ, ਆਪਣੀ ਮਾਂ ਦੇ ਅਕਸ ਤੇ ਬੁੱਢੇ ਬਾਪ ਦੀ ਬੀਬੀ ਦਾਹੜੀ ਤੋਂ ਬੇਮੁਖ ਹੋ ਕੇ ਸ਼ਹਿਰ ਦੀ ਸਵੈ-ਸਿਰਜੀ ਮਸਨੂਈ ਜ਼ਿੰਦਗੀ ਜੀਉਂ ਰਿਹਾ ਹੈ। ਸ਼ਾਇਦ ਇਹੀਓ ਕਾਰਨ ਹੈ ਕਿ ਜਲਾਲਾਬਾਦ ਦੀ ਥਾਂ ਪਟਿਆਲਾ ਦੇ ਰਿਆਸਤੀ ਸ਼ਹਿਰ ਵਿਚ ਵਸਣ ਉੱਤੇ ਉਹ ਕਵਿਤਾਵਾਂ ਪੇਸ਼ ਕਰਨ ਸਮੇਂ ਜਲਾਲਾਬਾਦੀ ਪਰਦਾ ਪਾ ਕੇ ਮਨ ਬਹਿਲਾਉਂਦਾ ਹੈ। ਉਸ ਦਾ ਕਾਵਿਕ ਉੱਤਮਤਾ ਤੋਂ ਸਰਕ ਕੇ

ਹੇਠ ਲਿਖਿਆ ਨਾਅਰਾ ਲਾਉਣਾ ਵੀ ਆਪਣੇ ਮਨ ਨੂੰ ਵਰਚਾਉਣ ਮਾਤਰ ਹੀ ਹੈ:

*ਮੈਂ ਚਾਹੁੰਨਾਂ ਕਿ ਤੋੜ ਦੇਵਾਂ / ਅਵਾਮ ਦੇ ਪੈਰਾਂ ਵਿਚ ਨੂੜੇ*
*ਫਿਰਕਾਪ੍ਰਸਤੀ ਦੇ ਕਾਲੇ ਸੰਗਲ*
*ਉਖਾੜ ਦੇਵਾਂ / ਦਰਿੰਦਗੀ ਦਾ ਪਰਦਾ ਬਣੇ*
*ਜਹਾਦ ਦੇ ਬੁਰਕੇ*
*ਤੇ ਟੰਗ ਦੇਵਾਂ ਦੁਨੀਆਂ ਦੇ ਮੱਥੇ 'ਤੇ*
*ਹੱਕ ਸੱਚ ਤੇ ਅਮਨ ਲਈ ਜੂਝਦਾ / ਆਪਣੇ ਜਿਸਮ ਦਾ ਕਲੰਡਰ*
*ਜੋ ਪਹਿਲਾਂ ਵੀ ਕਦੀ ਖ਼ੁਦਾ ਨੇ / ਈਸਾ ਬਣ ਕੇ*
*ਸਲੀਬ 'ਤੇ ਟੰਗਿਆ ਸੀ।*

ਭਾਵੇਂ 'ਸਰਫ਼ਰੋਸ਼ੀ' ਨਾਂ ਦੀ ਗੀਤ ਰੂਪੀ ਕਵਿਤਾ ਵਿਚ ਬਲਬੀਰ ਜਲਾਲਾਬਾਦੀ *'ਅੰਨ੍ਹੀ ਰੁੱਤ ਸੰਤਾਲੀ ਵਾਲੀ ਫਿਰ ਕਦੇ ਦੁਹਰਾਉਣ ਨਹੀਂ ਦੇਣੀ'* ਦਾ ਨਾਅਰਾ ਲਾਉਂਦਾ ਹੈ ਪਰ ਉਸ ਨੂੰ ਇਸ ਗੱਲ ਦਾ ਪੂਰਨ ਅਹਿਸਾਸ ਹੈ ਕਿ ਸਰਹੱਦ ਦੇ ਦੋਨਾਂ ਕਿਨਾਰਿਆਂ ਦੀਆਂ ਸਰਾਪੀਆਂ ਪਉਣਾਂ ਉਤਰੇ ਚਿਹਰਿਆਂ ਦੀ ਹਾਮੀ ਭਰਦੀਆਂ ਹਨ। 'ਜੰਗ ਅਜੇ ਰੁਕੀ ਨਹੀਂ' ਵਿਚ ਉਹ ਜੰਗ ਦੀ ਹੇਠ ਲਿਖੀ ਪਰਿਭਾਸ਼ਾ ਸਿਰਜਦਾ ਹੈ:

*ਜੰਗ ਜੋ / ਡੀਕ ਜਾਂਦੀ ਹੈ / ਮਾਵਾਂ ਦੀਆਂ ਭਰੀਆਂ ਛਾਤੀਆਂ ਦੀ ਉਮਰ*
*ਬੁੱਢੇ ਬੋਹੜਾਂ ਦੀ ਛਾਵੇਂ ਦਿਨ ਕੱਟਦੀਆਂ / ਉਦਾਸ ਅੱਖਾਂ ਦੀ ਉਡੀਕ*
*ਤੇ ਸੂਹੇ ਚੂੜਿਆਂ 'ਚ ਮਚਲਦੀਆਂ / ਮਲਾਈ ਵਰਗੀਆਂ ਬਾਹਵਾਂ ਦਾ ਨਿੱਘ*

ਕਾਵਿਕ ਉੱਤਮਤਾ ਦਾ ਖਹਿੜਾ ਛੱਡ ਕੇ ਹੱਕ ਸੱਚ ਦੀ ਤੱਕੜੀ ਤੋਲੀਏ ਤਾਂ ਬਲਬੀਰ ਹਰ ਥਾਂ ਸਾਵਾਂ ਉਤਰਦਾ ਹੈ:

*ਭੁੱਖ ਜਦੋਂ ਮਨਾਂ 'ਤੇ ਕਾਬਜ਼ ਹੁੰਦੀ ਹੈ*
*ਭੁੱਖ ਦੇ ਖੇਤਰਫ਼ਲ ਦਾ ਮਾਪਿਆ ਜਾਣਾ ਅਸਹਿ ਹੋ ਜਾਂਦੈ*

ਪ੍ਰਾਣੀ ਦੀ ਭੁੱਖ ਤੋਂ ਉਤਾਂਹ ਉਠ ਕੇ ਉਹ ਰਾਜਨੀਤੀ ਦੇ ਦੰਗਲ ਵੱਲ ਵੀ ਏਸੇ ਤਰ੍ਹਾਂ ਅਹੁੜਦਾ ਹੈ:

*ਸਿਆਸਤ ਦੀ ਸ਼ਤਰੰਜ ਹੈ*
*ਹਰ ਕੁਰਸੀ ਨੇ ਗੂੰਗੀ ਚੁੱਪ ਧਾਰੀ ਹੈ*
*ਤੰਗ-ਨਜ਼ਰੀ ਦੇ ਚੁਲ੍ਹਿਆਂ 'ਚੋਂ*
*ਸੜੀਆਂ ਲਾਸ਼ਾਂ ਦਾ ਨਿਕਲਣਾ ਜਾਰੀ ਹੈ*

ਬਲਬੀਰ ਜਲਾਲਾਬਾਦੀ ਦਾ ਉਭਾਰ ਪ੍ਰੋ. ਪੂਰਨ ਸਿੰਘ ਦੀ ਖੁੱਲ੍ਹੀ ਕਵਿਤਾ ਉੱਤੇ ਹੀ ਸੀਮਤ ਨਹੀਂ, ਵਿਸ਼ੇ ਦੀ ਚੋਣ ਤੇ ਉਸ ਦੇ ਨਿਭਾਅ ਨਾਲ ਵੀ ਸੰਬੰਧ ਰੱਖਦਾ ਹੈ। 'ਭਾਰਤੀ ਨਾਗਰਿਕਤਾ' ਨਾਂ ਦੀ ਕਵਿਤਾ ਵਿਚ ਉਹ ਅੱਧ-ਅਸਮਾਨੇ ਖੜ੍ਹੀ ਬਾਂਸ ਦੀ ਨੁਕੀਲੀ ਟੀਸੀ 'ਤੇ ਮਾਸੂਮ ਬਾਲੜੀ ਦੇ ਭੁੱਖੇ ਪੇਟ ਰੱਖ ਕੇ ਮੂਧੇ ਮੂੰਹ ਘੁੰਮਣ ਉੱਤੇ ਵਿਅੰਗ ਕੱਸਦਾ ਹੋਇਆ ਇਸ ਨੂੰ ਜਾਇਜ਼ ਦੱਸਦਾ ਹੈ। ਤੇ ਬਾਲੜੀ ਦੀਆਂ ਤਰਸ ਭਰੀਆਂ ਨਜ਼ਰਾਂ ਨਾਲ ਪੈਸੇ ਧੇਲੇ ਦੀ ਆਸ ਨਾਲ ਹਜੂਮ ਦੀਆਂ ਜੇਬਾਂ ਨਿਹਾਰਨ ਨੂੰ ਵੀ ਅੰਤ ਵਿਚ ਉਸ ਦੇ ਹੱਥ ਵਿਚ ਫੜਿਆ ਕਟੋਰਾ ਉੱਕਾ ਹੀ ਖਾਲੀ ਦਰਸਾ ਕੇ, ਕਵੀ ਇਸ ਨੂੰ ਭਾਰਤੀ ਨਾਗਰਿਕਤਾ ਦੇ ਮੱਥੇ ਉੱਤੇ ਲੱਗਿਆ ਕਲੰਕ ਦੱਸਦਾ ਹੈ।

ਮਾਨਵਤਾ ਦੀ ਗ਼ੈਰਹਾਜ਼ਰੀ ਦੇ ਕਫਣ ਛਾਣਦੀਆਂ ਇਨ੍ਹਾਂ ਕਵਿਤਾਵਾਂ ਦੇ ਅੰਤ ਉੱਤੇ ਕੁਝ ਲੈਅਬੱਧ ਗੀਤ ਵੀ ਹਨ ਪਰ ਬਲਬੀਰ ਜਲਾਲਾਬਾਦੀ ਮੁਖ ਤੌਰ 'ਤੇ ਖੁੱਲ੍ਹੀ ਕਵਿਤਾ ਦਾ ਕਵੀ ਹੈ। ਉਸ ਦੀ ਨਜ਼ਰ ਵਿਚ ਯੁਗ ਮਾਨਵ ਉਹੀਓ ਹੁੰਦਾ ਹੈ ਜਿਸ ਦੇ ਮਨ ਵਿਚ ਫਕੀਰੀ ਤੇ ਫਰਜ਼ਾਂ ਦੀ ਅਮੀਰੀ ਹੁੰਦੀ ਹੈ:

*ਉਹਦੇ ਚਿਹਰੇ 'ਤੇ ਜਲੌ ਹੈ / ਸੂਰਜ ਵਰਗਾ*



*ਹਿਰਦੇ ਵਿਚ ਸ਼ੀਤਲਤਾ ਹੈ / ਪੁੰਨਿਆਂ ਦੇ ਚੰਨ ਵਰਗੀ*
*ਤੇ ਉਂਝ ਉਹ / ਹਰ ਹੋਣੀ ਨੂੰ ਜੀ ਆਇਆਂ ਆਖਦਾ ਹੈ*
*ਨਾਬਰ ਵੀ ਹੈ ਉਹ / ਜਾਬਰ ਵੀ ਹੈ ਉਹ*
*ਤੇ ਆਪਣੀ ਤਲੀ ਦੀਆਂ ਰੇਖਾਵਾਂ ਨੂੰ / ਨਜ਼ਰ-ਅੰਦਾਜ਼ ਕਰਦਿਆਂ*
*ਸਿਰਫ਼ ਕਰਮ ਵਿਚ ਰੱਖਦਾ ਹੈ ਯਕੀਨ*
*ਨਹੀਂ ਮੰਨਦਾ ਕਿਸੇ ਦੀ ਈਨ*

ਮੈਂ ਆਪਣੀ ਗੱਲ ਪੰਜਾਬੀ ਕਾਵਿ ਜਗਤ ਦੇ ਇਸ ਨਵੇਂ ਹਸਤਾਖ਼ਰ ਵੱਲੋਂ ਮਾਨਵਤਾ ਦੇ ਗੁਣ ਗਾਇਨ ਦੀ ਥਾਂ ਉਹਦੇ ਵੱਲੋਂ ਔਰਤ ਜਾਤੀ ਦੀ ਵਡਿੱਤਣ ਵਾਸਤੇ ਵਰਤੇ ਸ਼ਬਦਾਂ ਨਾਲ ਖਤਮ ਕਰਨਾ ਚਾਹਾਂਗਾ:

*ਔਰਤ ਰਾਜਨ ਹੀ ਨਹੀਂ ਜੰਮਦੀ*
*ਤੇ ਨਾ ਹੀ ਜੰਮਦੀ ਹੈ ਰੰਕ*
*ਔਰਤ ਸਿਰਫ਼ ਇਨਸਾਨ ਜਨਮਦੀ ਹੈ*

**– ਗੁਲਜ਼ਾਰ ਸਿੰਘ ਸੰਧੂ**

## ਚੱਕਰਵਿਊ (ਨਾਵਲ) ਦਰਸ਼ਨ ਸਿੰਘ

ਪੰਜਾਬੀ ਨਾਵਲ ਦੇ ਇਤਿਹਾਸ ਵਿਚ ਦਰਸ਼ਨ ਸਿੰਘ ਦਾ ਵਿਸ਼ੇਸ਼ ਸਥਾਨ ਬਣਦਾ ਹੈ। ਕਿਉਂਕਿ ਉਸਦੀ ਨਾਵਲ ਨਿਗ਼ਾਰੀ ਨੇੜਲੇ ਸਮੇਂ ਦੀਆਂ ਯਥਾਰਥਕ ਹਾਲਤਾਂ ਨੂੰ ਪ੍ਰਭਾਵਮਈ ਯਥਾਰਥਵਾਦੀ ਸ਼ੈਲੀ ਰਾਹੀਂ ਪਕੜਨ ਵਾਲੇ ਪੰਜਾਬੀ ਦੇ ਇਕ ਨਿਵੇਕਲੇ ਨਾਵਲੀ ਰੂਪ ਨੂੰ ਸਾਹਵੇਂ ਲਿਆਉਂਦੀ ਹੈ। ਜਿਸਦੇ ਪ੍ਰਮਾਣ ਵਜੋਂ ਉਸਦੇ ਸਿਆਸੀ ਨਾਵਲਾਂ, 'ਭਾਊ', 'ਗੈਲਰੀ ਸ਼ਹੀਦਾਂ' ਤੇ 'ਲੋਟਾ' ਸਮੇਤ ਹੱਥਲੇ ਨਵੇਂ ਨਾਵਲ 'ਚੱਕਰਵਿਊ' (ਪੰਨੇ 208, ਮੁੱਲ 295, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ) ਨੂੰ ਪੇਸ਼ ਕੀਤਾ ਜਾ ਸਕਦਾ ਹੈ।

'ਚੱਕਰਵਿਊ' ਵਿਚ ਦਰਸ਼ਨ ਸਿੰਘ ਨੇ ਭਾਰਤੀ ਸਿਆਸਤ ਦੀਆਂ ਗੰਭੀਰ ਸਮੱਸਿਆਵਾਂ ਨੂੰ ਜ਼ਮੀਨ ਤੇ ਅਸਮਾਨ ਦੇ ਹੱਦ ਮੇਲਵੇਂ ਭ੍ਰਿਸ਼ਟਾਚਾਰਕ ਮੁੱਦੇ ਰਾਹੀਂ ਉਭਾਰਦਿਆਂ ਜਿਸ ਗੰਭੀਰਤਾ ਨਾਲ ਗਲਪ ਦੀ ਪੱਧਰ ਉੱਤੇ ਬਿਰਤਾਂਤਿਆ ਤੇ ਵਿਚਾਰਧਾਰਾ ਦੀ ਪੱਧਰ ਉੱਤੇ ਸਾਕਾਰਿਆ ਹੈ; ਉਸ ਤੋਂ ਲਗਦੈ, ਵਿਅਕਤੀ ਵਜੋਂ ਦਰਸ਼ਨ ਸਿੰਘ ਲਈ ਸਿਰਜਣਾ ਦੇ ਪੱਧਰ ਉੱਤੇ ਸਿਆਸਤ ਦੇ ਬੂਹਿਆਂ ਨੂੰ ਬੰਦ ਰੱਖਣਾ ਸੰਭਵ ਹੀ ਨਹੀਂ ਸੀ। ਬਤੌਰ ਇਕ ਨਾਵਲਕਾਰ ਦਰਸ਼ਨ ਸਿੰਘ ਸਿਆਸਤ ਦੇ ਬੂਹਿਆਂ ਰਾਜਨੀਤਕ ਦਲਾਂ ਉੱਤੇ ਹੁੰਦੀ ਸਿਆਸੀ ਹਲਚਲ ਦਾ ਇਕ ਐਸਾ ਭਾਵਨਾਤਮਕ ਚੱਕਰਵਿਊ ਰਚਦਾ ਹੈ ਜਿਸ ਰਾਹੀਂ ਰਾਸ਼ਟਰੀ, ਪ੍ਰਦੇਸ਼ਕ ਤੇ ਇਲਾਕਾਈ ਪੱਧਰ ਦੇ ਸਿਆਸੀ ਦਲਾਂ ਦੀ ਭ੍ਰਿਸ਼ਟ ਸਿਆਸੀ ਸਮਝ ਤੇ ਸਵਾਰਥਮਈ ਚਤੁਰਾਈ ਦਾ ਪ੍ਰਮਾਣ ਮਿਲਦਾ ਹੈ। ਜਿਵੇਂ, ਵਿਭਿੰਨ ਰਾਜਨੀਤਕ ਪਾਰਟੀਆਂ ਦੀਆਂ ਪਦ-ਯਾਤਰਾਵਾਂ ਤੇ ਪ੍ਰੈੱਸ ਕਾਨਫਰੰਸਾਂ ਕਿਵੇਂ ਹਾਕਮ ਪਾਰਟੀਆਂ ਤੇ ਵਿਰੋਧੀ ਰਾਜਨੀਤਕ ਪਾਰਟੀਆਂ ਦੇ ਸਵਾਰਥੀ ਹਿੱਤਾਂ ਨੂੰ ਪੂਰ ਕੇ ਆਮ ਜਨਤਾ ਨੂੰ ਮੂਰਖ ਬਣਾਉਂਦੀਆਂ ਹਨ, ਅਖਬਾਰਾਂ ਦੀਆਂ ਖਬਰਾਂ ਤੇ ਟੈਲੀਵਿਯਨ ਦੀ ਸਕਰੀਨ ਉੱਤੇ ਤਰਦੀਆਂ ਬਰੇਕਿੰਗ ਨਿਊਜ਼ ਅਤੇ ਚੋਣਾਂ ਦੇ ਸਰਵੇਖਣ ਕਿਵੇਂ ਰਾਜਨੀਤੱਗਾਂ ਦੇ ਦਿਮਾਗ਼ਾਂ ਨੂੰ ਤੇਜ਼-ਤਰਾਰ ਰੱਖਦੇ ਹਨ, ਸਾਰੇ ਦੇਸ ਅੰਦਰ ਬਿਜ਼ਨਿਸ ਤੇ ਸਿਆਸਤ ਕਿਵੇਂ ਘਿਉ-ਖਿਚੜੀ ਹੋਏ ਪਏ ਨੇ, ਰੀਅਲ ਅਸਟੇਟ ਦੇ ਕਾਰੋਬਾਰੀ ਤੇ ਹਾਕਮ ਪਾਰਟੀਆਂ ਦੇ ਮੰਤਰੀ ਕਿਵੇਂ ਇਕ ਦੂਸਰੇ ਦੇ ਹਿੱਤਾਂ ਨੂੰ ਪਾਲ਼ਦੇ ਹਨ, ਰਾਜਨੀਤਕ ਸਫ਼ਾਂ ਵਿਚ ਭ੍ਰਿਸ਼ਟਾਚਾਰ, ਦਲਾਲੀ ਤੇ ਵੱਢੀਖੋਰੀ ਦੀਆਂ ਮਾਰੂ ਪ੍ਰਵਿਰਤੀਆਂ ਕਿਵੇਂ ਭਾਰੂ ਹਨ, ਵੱਡੇ-ਵੱਡੇ ਵਕੀਲ ਰਾਜਨੀਤੀਵਾਨਾਂ ਦੇ ਭ੍ਰਿਸ਼ਟਾਚਾਰੀ ਕਦਮਾਂ ਨੂੰ

ਕਾਨੂੰਨ ਦੀਆਂ ਘੁਣਤਰਾਂ ਉੱਤੇ ਟਿਕਾ ਕੇ ਕਾਨੂੰਨ ਨੂੰ ਕਿਵੇਂ ਉਹਨਾਂ ਦਾ ਭਾਈਵਾਲ ਬਣਾਉਂਦੇ ਨੇ, ਜਾਤਪਾਤੀ ਵਿਵਸਥਾ ਦੇ ਸਿਰ ਚੜ੍ਹ ਕੇ ਸਿਆਸਤ ਕਿਵੇਂ ਬੜ੍ਹਕਾਂ ਮਾਰਦੀ ਹੈ, ਲੋਕ-ਭਲਾਈ ਦੀਆਂ ਸਰਕਾਰੀ ਸਕੀਮਾਂ ਨੂੰ ਹਾਕਮ ਪਾਰਟੀਆਂ ਆਪਣੀ ਰਾਜਨੀਤਕ ਸਥਿਰਤਾ ਲਈ ਕਿਵੇਂ ਵਰਤਦੀਆਂ ਹਨ, ਭ੍ਰਿਸ਼ਟਾਚਾਰ ਦਾ ਕੋਹੜ ਦਲ-ਬਦਲੂ ਰਾਜਨੀਤੀ ਨੂੰ ਕਿਵੇਂ ਪ੍ਰਭਾਵਤ ਕਰਦਾ ਹੈ, ਫਿਲਮੀ ਦੁਨੀਆਂ ਸਿਆਸਤ ਦੇ ਖੇਤਰ 'ਚ ਸਰਗਰਮ ਹੋ ਕੇ ਰਾਜਨੀਤਕ ਦਲਾਲੀ ਕਿਵੇਂ ਕਰਦੀ ਹੈ, ਸਰਕਾਰ ਦੀਆਂ ਵਿਦੇਸ਼ੀ ਕੰਪਨੀਆਂ ਨਾਲ ਕੀਤੀਆਂ ਆਰਥਿਕ ਸੰਧੀਆਂ ਕਿਵੇਂ ਹਾਕਮ ਪਾਰਟੀਆਂ ਦੇ ਕਾਲ਼ੇ ਧਨ ਨੂੰ ਸਫੇਦ ਕਰਨ ਦੀਆਂ ਮਸ਼ੀਨਾਂ ਬਣਦੀਆਂ ਹਨ, ਵਿਦੇਸ਼ੀ ਕੰਪਨੀਆਂ ਰਾਜਨੀਤਕ ਆਗੂਆਂ ਦੇ ਕਾਲੇ ਧਨ ਨੂੰ ਛੁਪਾ ਕੇ ਉਹਨਾਂ ਦੀ ਰਾਜਨੀਤਕ ਸ਼ਕਤੀ ਦਾ ਕਿਵੇਂ ਪ੍ਰਯੋਗ ਕਰਦੀਆਂ ਹਨ, ਲੋਕਾਂ ਦੇ ਭਲੇ ਲਈ ਬਣਾਏ ਗਏ ਐੱਨ.ਜੀ.ਓ.ਕਿਵੇਂ ਰਾਜਨੀਤਕ ਪਾਰਟੀਆਂ ਦੇ ਪਿੱਠੂ ਬਣਦੇ ਹਨ, ਵੱਡੇ-ਵੱਡੇ ਪ੍ਰਾਈਵੇਟ ਹਸਪਤਾਲ ਕਿਵੇਂ ਰਾਜਨੀਤਕ ਕੈਦੀਆਂ ਲਈ ਆਰਾਮਗਾਹ ਬਣਦੇ ਹਨ, ਇਤਿਆਦਿ...। ਐਪਰ, ਦਰਸ਼ਨ ਸਿੰਘ ਨੇ ਇਹਨਾਂ ਸਾਰੇ ਭ੍ਰਿਸ਼ਟਾਚਾਰੀ ਮੁੱਦਿਆਂ ਨੂੰ ਨਾਵਲੀ ਕਲਾ ਦੀ ਪਗਡੰਡੀਓ-ਪਗਡੰਡੀ ਤੋਰਿਆ ਹੈ।

ਦਰਸ਼ਨ ਸਿੰਘ ਦੀ ਨਾਵਲੀ ਕਲਾ ਵਿਚ ਅਹਿਮ ਸਥਾਨ ਪਾਤਰ-ਉਸਾਰੀ ਦਾ ਬਣਦਾ ਹੈ। ਇਹ ਪਾਤਰ-ਉਸਾਰੀ ਉਸਦੀ ਕਲਾ ਦੇ ਸਾਰੇ ਦਰਵਾਜ਼ੇ ਖੋਲ੍ਹ ਕੇ ਰੱਖ ਦਿੰਦੀ ਹੈ। ਨਾਵਲ ਵਿਚ ਪਾਤਰਾਂ ਦਾ ਸਿਰਜਣ ਇਵੇਂ ਵੀ ਕੀਤਾ ਗਿਆ ਹੈ ਕਿ ਦਰਸ਼ਨ ਸਿੰਘ ਦੀ ਇਕ ਨਾਟਕਕਾਰ ਵਜੋਂ ਖੁਦ-ਬ-ਖੁਦ ਪਛਾਣ ਹੋ ਜਾਂਦੀ ਹੈ।

ਨਾਵਲ ਵਿਚ ਸਮੇਂ, ਸਥਾਨ ਤੇ ਪਾਤਰਾਂ ਦੇ ਕਾਰਜਾਂ ਦੀ ਪ੍ਰਭਾਵਮਈ ਏਕਤਾ ਨੂੰ ਸਿਰਜਣ ਲਈ ਵਿਸ਼ਾਲਾਂਚਲ ਪ੍ਰਦੇਸ਼, ਉਸਦੀ ਰਾਜਧਾਨੀ 'ਸ਼ੁਭਸ਼ਹਿਰ' ਦੀ ਬਦਨਾਮ 'ਚਹਾਰ ਬਾਗ' ਨਾਂ ਦੀ ਜੇਲ੍ਹ ਤੇ ਪੰਜ-ਤਾਰਾ ਬੰਦੋਬਸਤ ਵਾਲੇ 'ਗੁਲ ਬਹਾਰ ਮੈਡ ਸਿਟੀ' ਨਾਂ ਦੇ ਹਸਪਤਾਲ ਦੀ ਚੋਣ ਕੀਤੀ ਗਈ ਹੈ। ਨਾਵਲ ਦਾ ਮੁੱਖ ਪਾਤਰ ਗੌਤਮ ਸ਼ਾਹ ਹੈ, ਜਿਸਨੂੰ ਨਾਵਲ ਦੀ ਪ੍ਰਮੁੱਖ ਪਾਤਰ ਗੋਰੋ ਦੇ ਕਹਿਣ ਉੱਤੇ ਕੇਂਦਰੀ ਏਜੰਸੀਆਂ ਵੱਲੋਂ ਰਿਸ਼ਵਤਖੋਰੀ ਨਾਲ ਜੁੜੇ ਛੇ ਮਾਮਲਿਆਂ ਦੇ ਚੱਕਰਵਿਊ ਵਿਚ ਫਸਾ ਦਿੱਤਾ ਜਾਂਦਾ ਹੈ। ਜਿਸ ਵਿਚੋਂ ਨਿਕਲਣ ਲਈ ਉਹ ਛਟਪਟਾਉਂਦਾ ਹੈ ਤੇ ਅੰਤ ਵਿਚ ਆਪਣੀ ਪਤਨੀ ਨਿਰੂਪਮਾ, ਭੈਣ ਕਾਕੋ ਤੇ ਮਾਂ ਕੌਸ਼ੱਲਿਆ ਦੇ ਜੱਥੇਬੰਦਕ ਤੌਰ-ਤਰੀਕਿਆਂ ਦੀ ਮਦਦ ਨਾਲ ਆਪਣੀ ਬਦਨਾਮੀ ਨੂੰ ਝੂਠੀ ਨੇਕਨਾਮੀ ਵਿਚ ਬਦਲ ਕੇ ਜੇਲ੍ਹੋਂ ਛੁੱਟਣ ਵਿਚ ਕਾਮਯਾਬ ਹੋ ਜਾਂਦਾ ਹੈ। ਨਾਵਲ ਵਿਚਲੇ ਗੋਰੋ, ਨਿਰੂਪਮਾ, ਕਾਕੋ ਤੇ ਕੌਸ਼ੱਲਿਆ ਨਮੂਨੇ ਦੇ ਇਸਤਰੀ ਪਾਤਰ ਹਨ ਜੋ ਭਾਰਤੀ ਸਿਆਸਤ ਵਿਚ ਨਾਰੀ ਸਸ਼ਕਤੀਕਰਨ ਦੇ ਪ੍ਰਰੂਪ ਹਨ। ਇਹਨਾਂ ਪਾਤਰਾਂ ਰਾਹੀਂ ਗੌਤਮ ਦੇ ਜੀਵਨ ਨੂੰ ਗਤੀ ਮਿਲਦੀ ਹੈ ਤੇ ਨਾਵਲ ਨੂੰ ਕਲਾਤਮਕ ਸ਼ਕਤੀ। ਕਿਉਂਕਿ ਗੋਰੋ ਰਾਸ਼ਟਰ ਦਲ ਦੀ ਹਾਈ ਕਮਾਨ ਹੈ, ਆਕੜਖਾਨ ਹੈ, ਉਸਦੀ ਆਗਿਆ ਤੋਂ ਬਿਨਾਂ ਦਲ ਦਾ ਕੋਈ ਵੀ ਨੇਤਾ ਪੈਰ ਨਹੀਂ ਪੁੱਟ ਸਕਦਾ। ਗੌਤਮ ਆਪਣੇ ਮੁੱਖ ਮੰਤਰੀ ਪਿਤਾ ਨਰੋਤਮ ਸ਼ਾਹ ਦੀ ਮੌਤ ਤੋਂ ਬਾਅਦ ਮੁੱਖ ਮੰਤਰੀ ਦੀ ਕੁਰਸੀ ਨੂੰ ਬਾਣੀਏ ਦੀ ਹੱਟੀ ਦੀ ਗੱਦੀ ਸਮਝ ਬੈਠਦਾ ਹੈ। ਪਰ ਭਾਰਤੀ ਲੋਕਤੰਤਰ ਦਾ ਦਸਤੂਰ ਹੈ ਕਿ ਜ਼ਰੂਰੀ ਨਹੀਂ ਉਹ ਮੁੱਖ ਮੰਤਰੀ ਦੇ ਪੁੱਤ ਨੂੰ ਹੀ ਮੁੱਖ ਮੰਤਰੀ ਦੀ ਕੁਰਸੀ ਉੱਤੇ ਬੈਠਾਵੇ।

ਨਾਵਲ ਦਾ ਮੂਲ ਤਣਾਉ ਸੂਤਰ ਹੀ ਇਹ ਹੈ ਕਿ ਗੌਤਮ ਹਾਈ ਕਮਾਨ ਅੱਗੇ ਜ਼ਿੱਦ ਕਰਦਾ ਹੈ ਕਿ ਉਸੇ ਨੂੰ ਹੀ ਵਿਸ਼ਾਲਾਂਚਲ ਪ੍ਰਦੇਸ਼ ਦਾ ਮੁੱਖ ਮੰਤਰੀ ਬਣਾਇਆ ਜਾਵੇ। ਹਾਈ ਕਮਾਨ ਉਰਫ ਗੋਰੋ ਉਸਦੀ ਇਸ ਤਜਵੀਜ਼ ਨੂੰ ਨਹੀਂ ਮੰਨਦੀ। ਅੱਗੋਂ ਗੌਤਮ ਉਸਨੂੰ ਅੱਖਾਂ ਵਿਖਾਉਂਦਾ ਹੈ। ਗੋਰੋ ਨੂੰ ਉਸਦੀ ਅਜਿਹੀ ਹਰਕਤ ਪਸੰਦ ਨਹੀਂ। ਉਹ ਆਪਣੀ ਹੇਠੀ ਹੋਈ ਮਹਿਸੂਸ ਕਰਦੀ ਹੈ। ਤੇ ਗੌਤਮ ਨੂੰ ਸਬਕ ਸਿਖਾਉਣ ਲਈ ਉਸਦੇ ਪਿਉ ਵੱਲੋਂ ਇਕੱਠੇ ਕੀਤੇ ਕਾਲ਼ੇ ਧਨ ਨੂੰ ਹਥਿਆਰ ਵਾਂਗ



ਕੇਂਦਰੀ ਏਜੰਸੀਆਂ ਰਾਹੀਂ ਵਰਤ ਕੇ ਗੌਤਮ ਨੂੰ ਜੇਲ੍ਹੇ ਪੁਵਾ ਦਿੰਦੀ ਹੈ। ਗੌਤਮ ਆਪਣੇ ਆਪ ਨੂੰ ਚੱਕਰਵਿਊ ਵਿਚ ਫਸਿਆ ਮਹਿਸੂਸ ਕਰਦਾ ਹੈ। ਗੋਰੋ-ਸਿਰਜਿਤ ਚੱਕਰਵਿਊ ਨੂੰ ਤੋੜਨ ਲਈ ਉਹ ਆਪਣੇ ਧਰਮ ਦੇ ਭਰਾ ਸ਼ਿਵ ਕੁਮਾਰ ਖੋਸਲਾ ਉਰਫ ਭਈਆ ਜੀ ਤੇ ਤਾਇਆ ਪਰਸ਼ੋਤਮ ਸ਼ਾਹ ਦੀਆਂ ਸਲਾਹਾਂ ਨਾਲ ਆਪਣੇ ਦੁਆਲ਼ੇ ਆਪਣਾ ਹੀ ਇਕ ਚੱਕਰਵਿਊ ਬਣਾਉਂਦਾ ਹੈ। ਇਹ ਦੋਵੇਂ ਚੱਕਰਵਿਊ ਜਦੋਂ ਆਪਸ ਵਿਚ ਟਕਰਾਉਂਦੇ ਹਨ ਤਾਂ ਸੱਤਾ ਸਿਆਸਤ ਦੀਆਂ ਨੰਗੀਆਂ ਚਿੱਟੀਆਂ ਸਥਿਤੀਆਂ ਦਾ ਸੱਚ ਸਾਹਵੇਂ ਆਉਣੋਂ ਨਹੀਂ ਰਹਿੰਦਾ। ਸੱਚ ਇਹ ਹੈ ਕਿ ਭਾਰਤੀ ਲੋਕਤੰਤਰ ਪੂੰਜੀਪਤੀ ਸਿਆਸਤਦਾਨਾਂ ਦੀ ਜਕੜ ਵਿਚ ਭ੍ਰਿਸ਼ਟਤੰਤਰ ਬਣ ਕੇ ਮੌਲ ਰਿਹਾ ਹੈ। ਭਾਰਤੀ ਸਿਆਸਤ ਭਾਰਤੀ ਲੋਕਤੰਤਰੀ ਅਸੂਲਾਂ ਨਾਲ ਮਜ਼ਾਕ ਕਰਦੀ ਹੈ। ਸਿਆਸਤ ਦਾ ਲੋਕਤੰਤਰ ਨਾਲ ਕੀਤਾ ਜਾਂਦਾ ਇਹ ਇਕ ਧੋਖੇ ਭਰਿਆ ਡਰਾਮਾ ਹੈ, ਜਿਸਨੂੰ ਨਾਵਲਕਾਰ ਦਰਸ਼ਨ ਸਿੰਘ ਨੇ 'ਚੱਕਰਵਿਊ' ਦੇ ਨਾਵਲੀ ਸੀਨ ਉੱਤੇ ਬੜੇ ਹੀ ਮਾਰਮਿਕ ਢੰਗ ਨਾਲ ਪੇਸ਼ ਕੀਤਾ ਹੈ।

ਗੌਤਮ ਇਕ ਪ੍ਰਦੇਸ਼ ਦੇ ਮੁਖ ਮੰਤਰੀ ਦਾ ਪੁੱਤਰ ਹੈ। ਆਪਣੀ ਰਿਹਾਈ ਲਈ ਉਹ ਸ਼ਕਤੀਮਾਨ ਵਰਗੇ ਵਕੀਲਾਂ ਦੀ ਫੌਜ ਵੀ ਰੱਖ ਸਕਦਾ ਹੈ।ਹਾਈ ਕਮਾਨ ਗੋਰੋ ਦੇ ਨਹਿਲੇ'ਤੇ ਦਹਿਲਾ ਵੀ ਮਾਰ ਸਕਦਾ ਹੈ। ਪਾਣੀਗਰਾਹੀ ਤੇ ਚੌਹਾਨ ਵਰਗੇ ਹਾਈ ਕਮਾਨ ਦੇ ਵਿਸ਼ੇਸ਼ ਸਲਾਹਕਾਰਾਂ ਨੂੰ ਪੱਠੇ ਵੀ ਪਾ ਸਕਦਾ ਹੈ। ਭਗਵਾਂ ਦਲ ਦੇ ਏਲਚੀ ਕੋਹਲੀ ਨੂੰ ਵੀ ਭਰਮਾ ਸਕਦਾ ਹੈ। ਮੀਡੀਏ ਰਾਹੀਂ ਅਸਲੀ ਤੇ ਨਕਲੀ ਰਾਸ਼ਟਰ ਦਲਾਂ ਦਾ ਰੇੜਕਾ ਪੁਵਾ ਕੇ ਆਪਣਾ ਇਕ ਵੱਖਰਾ ਸ਼ਾਹ ਦਲ ਬਣਾਉਣ ਵਿਚ ਸਫਲ ਹੋ ਕੇ ਆਪਣੇ ਹੀ ਵਰਗਿਆਂ ਸੁਸ਼ੀਲ ਰਾਣਾ, ਬਿਹਾਰੀ ਲਾਲ ਨੰਦਾ, ਬਿਮਲ ਸੋਹਿਲ, ਰਾਮ ਸਰੂਪ ਗਰਗ, ਗੋਪਾਲ ਦਾਸ, ਜੁਗਲ ਕਿਸ਼ੋਰ ਵਰਗੇ ਛੋਟੇ-ਵੱਡੇ ਰਾਜਨੀਤਕ ਆਗੂਆਂ ਨੂੰ ਆਪਣੇ ਦਲ ਵਿਚ ਸ਼ਾਮਲ ਕਰਕੇ ਹਾਈ ਕਮਾਨ ਉੱਤੇ ਦਬਾਅ ਪਾ ਸਕਦਾ ਹੈ। ਹਾਈ ਕਮਾਨ ਨੂੰ ਸ਼ਾਹ ਪਾਰਟੀ ਦੇ ਰਾਜਨੀਤਕ ਡੰਡੇ ਨਾਲ ਡਰਾ ਧਮਕਾ ਕੇ ਆਪਣੀ ਰਿਹਾਈ ਲਈ ਮੰਨਵਾ ਸਕਦਾ ਹੈ। ਅਜਿਹੀ ਰਾਜਸੀ ਢਕੌਂਸਲੇਬਾਜ਼ੀ ਨਾਲ ਉਹ ਆਪਣੇ ਪ੍ਰਦੇਸ਼ ਦੇ ਅਸਲੀ ਰਾਸ਼ਟਰ ਦਲੀਏ ਮੁਖ ਮੰਤਰੀ ਪ੍ਰੇਮ ਕਿਰਪਾਲ ਦਾ ਸਥਾਨ ਲੈਣ ਵਿਚ ਯੋਗ ਸਾਬਤ ਹੁੰਦਾ ਹੈ।

ਦਰਸ਼ਨ ਸਿੰਘ ਨੇ ਗੌਤਮ ਸ਼ਾਹ ਦੇ ਇਸ ਸਾਰੇ ਜੀਵਨ ਵਰਤਾਰੇ ਨੂੰ ਵਿਅੰਗ ਦੀਆਂ ਚੋਭਾਂ ਤੇ ਮਸ਼ਕਰੀ ਭਰੀਆਂ ਟਕੋਰਾਂ ਨਾਲ ਖੰਡ ਖੰਡ ਕੀਤਾ ਹੈ, ਇਹ ਦੱਸਣ ਲਈ ਕਿ ਭਾਰਤੀ ਸਿਆਸਤਦਾਨਾਂ ਦੀ ਸਮਝ ਅਤੇ ਦੂਰ-ਦ੍ਰਿਸ਼ਟੀ ਦਾ ਦਿਵਾਲ਼ੀਆ ਨਿਕਲਿਆ ਪਿਆ ਹੈ, ਸਿਆਸੀ ਨੈਤਿਕਤਾ ਨਾਂ ਦੀ ਕੋਈ ਚੀਜ਼ ਰਹਿ ਨਹੀਂ ਗਈ, ਸਿਆਸੀ ਨਿਘਾਰ ਤੇ ਪਾਰਟੀਆਂ ਦੀ ਤੰਗ ਨਜ਼ਰੀ ਨੇ ਨਿੱਤ ਨਵੀਆਂ ਪਾਰਟੀਆਂ ਲਈ ਜ਼ਮੀਨ ਤਿਆਰ ਕਰ ਦਿੱਤੀ ਹੈ, ਜੋ ਸਿਆਸੀ ਇਕਜੁੱਟਤਾ ਨੂੰ ਢਾਹ ਲਾਉਣ ਵਿਚ ਕੋਈ ਕਸਰ ਨਹੀਂ ਛੱਡਦੀਆਂ। ਸਿਰਫ ਪੈਸਾ ਤੇ ਪਦਵੀ ਇਹਨਾਂ ਦਾ ਜੀਵਨ ਹੈ। ਲੋਕਤੰਤਰ ਲਈ ਇਹ ਸਭ ਵੱਡਾ ਖਤਰਾ ਹਨ।

ਨਾਵਲ 'ਚੱਕਰਵਿਊ' ਨੂੰ ਪੜ੍ਹਦਿਆਂ ਦਰਸ਼ਨ ਸਿੰਘ ਦੀ ਕਲਾ ਦੇ ਇਹ ਕ੍ਰਿਸ਼ਮੇ ਵੇਖਣ ਨੂੰ ਮਿਲਦੇ ਹਨ ਕਿ ਨਾਵਲ ਵਿਚ ਇਕ ਭੂਗੋਲ ਵਿਗਿਆਨੀ ਵਾਂਗ ਕਿਸੇ ਦੇਸ ਦਾ ਨਕਸ਼ਾ ਕਿਵੇਂ ਉਲੀਕਣਾ ਹੈ, ਇਕ ਰਾਜਨੀਤਕ ਸਮੀਖਿਅਕ ਦੇ ਤੌਰ ਉੱਤੇ ਆਪਣੀ ਰਾਜਨੀਤਕ ਸੂਝ ਬੂਝ ਨੂੰ ਕਲਾ ਵਿਚ ਕਿਵੇਂ ਰਮਾਉਣਾ ਹੈ, ਵਿਚਾਰਧਾਰਾ ਨੂੰ ਜਨ-ਸਾਧਾਰਨ ਦੇ ਹਿਤਾਂ ਲਈ ਕਿਵੇਂ ਸੰਚਾਰਨਾ ਹੈ, ਕਿਸੇ ਰਾਜ ਦੇ ਰਾਜਨੀਤਕ ਤੇ ਆਰਥਿਕ ਸੰਬੰਧਾਂ ਦੇ ਦਵੰਦਮਈ ਰੂਪਾਂ ਨੂੰ ਕਲਾ ਦੇ ਮੂਲ ਧੁਰੇ ਬਣਾ ਕੇ ਕਿਵੇਂ ਪੇਸ਼ ਕਰਨਾ ਹੈ, ਸ਼ਬਦਾਂ ਦੇ ਨੈਣਾਂ ਵਿਚ ਸੁਹਜਮਈ ਸੁਰਮਾ ਕਿਵੇਂ ਪੁਵਾਉਣਾ ਹੈ, ਗਲਪ ਸਿਰਜਣ ਲਈ ਮੁਹਾਵਰਿਆਂ ਦੀ ਭਰਪੂਰ ਵਰਤੋਂ ਕਿਵੇਂ ਕਰਨੀ ਹੈ, ਇਤਿਆਦਿ...।ਨਾਵਲ ਦੇ ਇਹ ਕਲਾਤਮਕ ਗੁਰ ਨਵੇਂ ਨਾਵਲਕਾਰਾਂ ਲਈ ਸਿੱਖਣਯੋਗ ਹਨ। ਪਾਠਕਾਂ ਤੇ ਆਲੋਚਕਾਂ ਲਈ ਇਹ ਸਭ ਕੁਝ ਪੂਰੀ ਤਰ੍ਹਾਂ ਤਸਲੀਬਖ਼ਸ਼ ਹੈ।

**- ਚੰਦਰ ਮੋਹਨ**

# ਸਿਮਟਦਾ ਆਕਾਸ਼ (ਨਾਵਲ) ਬਲਬੀਰ ਪਰਵਾਨਾ

ਬਲਬੀਰ ਪਰਵਾਨਾ ਪੰਜਾਬੀ ਸਾਹਿਤ ਦੀਆਂ ਕਈ ਸਿਰਜਣਾਤਮਕ ਵਿਧਾਵਾਂ ਦਾ ਅਜਿਹਾ ਲੇਖਕ ਹੈ ਜਿਸ ਨੇ ਮਾਰਕਸਵਾਦੀ ਫਲਸਫੇ ਨੂੰ ਆਧਾਰ ਬਣਾ ਕੇ ਲਿਖੀਆਂ ਆਪਣੀਆਂ ਲਿਖਤਾਂ ਨਾਲ ਪਾਠਕਾਂ, ਵਿਦਵਾਨਾਂ ਅਤੇ ਆਲੋਚਕਾਂ ਦਾ ਵਿਸ਼ੇਸ਼ ਧਿਆਨ ਖਿੱਚਿਆ ਹੈ। ਪਿਛਲੇ ਕੁਝ ਸਾਲਾਂ ਤੋਂ ਉਹ ਨਾਵਲਕਾਰੀ ਦੇ ਖੇਤਰ ਵਿਚ ਗੌਲਣਯੋਗ ਕੰਮ ਕਰ ਰਿਹਾ ਹੈ। ਪਿਛਲੇ ਸਮਿਆਂ ਵਿਚ ਉਸ ਦਾ ਵੱਡ-ਆਕਾਰੀ ਨਾਵਲ 'ਬਹੁਤ ਸਾਰੇ ਚੁਰੱਸਤੇ' ਸਾਹਮਣੇ ਆਇਆ ਸੀ, ਜਿਸ ਦੇ ਮਾਧਿਅਮ ਨਾਲ ਉਸ ਨੇ ਆਜ਼ਾਦੀ ਮਗਰੋਂ ਦੇ ਪੰਜਾਬੀ ਸਮਾਜ-ਸਭਿਆਚਾਰ ਦੀਆਂ ਅਨੇਕਾਂ ਕਰਵਟਾਂ ਪੇਸ਼ ਕਰਦਿਆਂ ਕਮਿਊਨਿਸਟ ਵਿਚਾਰਧਾਰਾ ਦੇ ਉਤਰਾਅ-ਚੜ੍ਹਾਅ ਦਾ ਗਲਪੀ ਚਿੰਤਨ ਕੀਤਾ। ਇਹ ਨਾਵਲ ਵੀਹਵੀਂ ਸਦੀ ਦੇ ਪਿਛਲੇ ਪੰਜ ਦਹਾਕਿਆਂ ਵਿਚਲੀ ਕਮਿਊਨਿਸਟ ਚੇਤਨਾ ਦੀ ਦਸਤਾਵੇਜ਼ੀ ਇਤਿਹਾਸਕਾਰੀ ਵੀ ਹੈ। ਹੱਥਲਾ ਨਾਵਲ 'ਸਿਮਟਦਾ ਆਕਾਸ਼' ( ਲੋਕਗੀਤ ਪ੍ਰਕਾਸ਼ਨ, ਮੁੱਲ 200, ਪੰਨੇ 158 ) ਬਲਬੀਰ ਪਰਵਾਨਾ ਦਾ ਨਵਾਂ ਨਾਵਲ ਹੈ। ਇਸ ਨਾਵਲ ਦੁਆਰਾ ਉਸ ਨੇ ਪੰਜਾਬ ਵਿਚ ਸੱਤਵੇਂ ਦਹਾਕੇ ਅੰਦਰ ਉੱਠੀ ਨਕਸਲਵਾਦੀ ਲਹਿਰ ਦੇ ਵਿਚਾਰਧਾਰਕ ਆਧਾਰ, ਇਨਕਲਾਬੀ ਤਬਦੀਲੀਆਂ ਵਿਚ ਯੋਗਦਾਨ ਅਤੇ ਇਸ ਮਗਰੋਂ ਇਸ ਲਹਿਰ ਦੇ ਖਿੰਡਾਅ ਦੇ ਕਾਰਨਾਂ ਨੂੰ ਤਲਾਸ਼ਣ ਦਾ ਯਤਨ ਕੀਤਾ ਹੈ।

ਇਹ ਨਾਵਲ ਨਕਸਲਵਾਦੀ ਲਹਿਰ ਦੇ ਕਈ ਪੂਰਵਲੇ ਨਾਵਲਾਂ ਵਾਂਗ ਲਹਿਰ ਦੀ ਤੱਤਕਾਲੀ ਇਤਿਹਾਸਕਾਰੀ ਤਕ ਹੀ ਨਹੀਂ ਸਿਮਟਦਾ। ਇਹ ਇਨਕਲਾਬੀਆਂ ਦੇ ਨਾਇਕਤਵ ਦੀ ਗਲਪੀ ਪਰਿਕਰਮਾ ਨਹੀਂ ਕਰਦਾ ਅਤੇ ਨਾ ਹੀ ਲਹਿਰ ਪ੍ਰਤੀ ਸ਼ਰਧਾ ਤੇ ਆਸਥਾ ਦੀਆਂ ਮਿਥਾਂ ਸਿਰਜਦਾ ਹੈ। ਇੱਥੋਂ ਤਕ ਕਿ ਇਹ ਨਾਵਲ ਸਟੇਟ ਦੇ ਜਬਰ ਜ਼ੁਲਮ ਦੀਆਂ ਉਦਾਹਰਣਾਂ ਨੂੰ ਹੀ ਪੇਸ਼ ਨਹੀਂ ਕਰਦਾ, ਸਗੋਂ ਇਸ ਕ੍ਰਿਤ ਦੁਆਰਾ ਲੇਖਕ ਨਕਸਲੀ ਆਗੂਆਂ ਦੇ ਦੋਗਲੇ ਕਿਰਦਾਰ, ਪ੍ਰਤੀਬੱਧ ਕਾਰਕੁਨਾਂ ਦੀ ਗੁੰਮਨਾਮੀ ਅਤੇ ਲਹਿਰ ਨੂੰ ਲੱਗਦੀ ਰਹੀ ਅੰਦਰੂਨੀ ਢਾਹ ਦਾ ਬਿਰਤਾਂਤ ਵੀ ਪੇਸ਼ ਕਰਦਾ ਹੈ। ਇਹ ਬਿਰਤਾਂਤ ਕਾਰਪੋਰੇਟੀ ਵਿਸ਼ਵੀਕਰਨ ਦੀ ਸਮਕਾਲੀਨਤਾ ਤਕ ਫੈਲਦਾ ਹੈ, ਜਿਸ ਕਰ ਕੇ ਨਾਵਲ ਹੋਰ ਵੀ ਪ੍ਰਸੰਗਕ ਹੋ ਜਾਂਦਾ ਹੈ, ਅਤੇ ਲਹਿਰ ਦੇ ਆਗੂਆਂ, ਕਾਰਕੁਨਾਂ ਦੀ ਉਸੇ ਦਲਦਲ ਵਿਚ ਪ੍ਰਵੇਸ਼ ਹੋ ਜਾਣ ਦੀ ਹੋਣੀ ਸਿਰਜਦਾ ਹੈ, ਜਿਸ ਦੇ ਖਿਲਾਫ ਨਕਸਲੀ ਅਤੇ ਕਮਿਊਨਿਸਟ ਚਿੰਤਨ ਸਿਰ ਚੁੱਕਦਾ ਰਿਹਾ ਹੈ।

ਇਸ ਨਾਵਲ ਦਾ ਬਿਰਤਾਂਤਕ ਕੇਂਦਰ ਕੰਢੀ ਖੇਤਰ ਦੀ ਤਹਿਸੀਲ ਮੁਕੇਰੀਆਂ ਅਤੇ ਇਸ ਦੇ ਨਾਲ ਲੱਗਦੇ ਪਿੰਡ ਹਨ। ਇਨ੍ਹਾਂ ਪਿੰਡਾਂ ਵਿਚ ਨਕਸਲੀ ਲਹਿਰ ਦੇ ਪ੍ਰਤੀਬੱਧ ਆਗੂਆਂ ਤੇ ਕਾਰਕੁਨਾਂ ਦੀ ਅਗਵਾਈ ਕਾਮਰੇਡ ਤਰਲੋਚਨ, ਕਾਮਰੇਡ ਅਜੀਤ, ਕਾਮਰੇਡ ਮਹਿੰਦਰ ਵਰਗੇ ਸ਼ਖ਼ਸ ਕਰਦੇ ਹਨ। ਮੁਜਾਰਾ ਲਹਿਰ ਦੀ ਅਗਵਾਈ ਕਰਦਿਆਂ ਕਾਮਰੇਡ ਤਰਲੋਚਨ ਸ਼ਹੀਦੀ ਪਾ ਜਾਂਦਾ ਹੈ, ਲਹਿਰ ਦੇ ਹੋਰ ਸਾਥੀ ਰੂਪੋਸ਼ ਹੋ ਜਾਂਦੇ ਹਨ। ਇਨ੍ਹਾਂ ਦਾ ਇਕ ਸਾਥੀ ਕਾਮਰੇਡ ਬਚਨ ਆਖ਼ਰ ਤਕ ਕਮਿਊਨਿਸਟ ਲਹਿਰ ਨਾਲ ਜੁੜਿਆ ਹੀ ਨਹੀਂ ਰਹਿੰਦਾ, ਬਲਕਿ ਹੋਰਨਾਂ ਲਈ ਮਾਡਲ ਪਾਤਰ ਵੀ ਬਣਦਾ ਹੈ। ਇਨ੍ਹਾਂ ਦੇ ਸਮਾਨਾਂਤਰ ਲੇਖਕ ਜਿਹੜੇ ਕਾਮਰੇਡਾਂ ਦਾ ਜ਼ਿਕਰ ਕਰਦਾ ਹੈ, ਉਨ੍ਹਾਂ ਵਿਚ ਨਾਵਲ ਦਾ ਕੇਂਦਰੀ ਪਾਤਰ ਅਤੇ ਅਧਿਆਪਕ ਆਗੂ ਜਸਪਾਲ ਤੇ ਉਸ ਦੀ ਪਤਨੀ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਵਿਦਿਆਰਥੀ ਆਗੂ ਰੁਪਿੰਦਰ, ਖੇਤ ਮਜ਼ਦੂਰ ਆਗੂ ਬਚਿੱਤਰ ਸਿੰਘ, ਤਰਸੇਮ ਸਿੰਘ, ਨਿਰਭੈ ਸਿੰਘ ਆਦਿ ਵੀ ਹਨ।



ਨਕਸਲੀ ਲਹਿਰ ਨਾਲ ਜੁੜੀ ਕੁਰਬਾਨੀ ਦੀ ਭਾਵਨਾ ਅਤੇ ਇਨਕਲਾਬ ਲਿਆਉਣ ਦਾ ਜਨੂੰਨ ਇਸ ਨਾਵਲ ਦੇ ਪੁਰਾਣੇ ਆਗੂਆਂ ਵਿਚ ਪੇਸ਼ ਕਰਦਿਆਂ ਲੇਖਕ ਪਿਛਲਝਾਤ ਦੀ ਵਿਧੀ ਦਾ ਪ੍ਰਯੋਗ ਕਰਦਾ ਹੈ। ਇਹ ਵਿਧੀ ਮਹਿਜ਼ ਬਿਰਤਾਂਤ ਪੇਸ਼ਕਾਰੀ ਤਕ ਨਹੀਂ ਸਿਮਟਦੀ ਸਗੋਂ ਕਮਿਊਨਿਸਟ ਵਿਚਾਰਧਾਰਾ ਦੇ ਪਹਿਲੇ ਜਾਹੋ-ਜਲਾਲ ਨੂੰ ਵੀ ਸਿਮਰਨ ਦਾ ਆਧਾਰ ਬਣਦੀ ਹੈ। ਇਸ ਦੇ ਨਾਲ ਨਾਲ ਵਰਤਮਾਨ ਹਾਲਾਤ ਵਿਚ ਇਨਕਲਾਬੀ ਤਬਦੀਲੀਆਂ ਦੇ ਧੁੰਦਲੇ ਹੋ ਰਹੇ ਸੁਪਨਿਆਂ ਅਤੇ ਸਮਾਜਵਾਦੀ ਲਹਿਰਾਂ ਦੀ ਟੁੱਟ-ਭੱਜ ਦਾ ਮੌਜੂਦਾ ਸਰੂਪ ਪੇਸ਼ ਕਰਦਿਆਂ ਨਾਵਲਕਾਰ ਇਨ੍ਹਾਂ ਸੰਕਟਾਂ ਦੀਆਂ ਜੜ੍ਹਾਂ ਵੀ ਲੱਭਦਾ ਹੈ।

ਨਾਵਲ ਵਿਚ ਨਕਸਲੀ ਲਹਿਰ ਤੋਂ ਬਾਅਦ ਇਸ ਦੇ ਜਾਨਸ਼ੀਨ ਅਤੇ ਵੱਖ ਵੱਖ ਜੱਥੇਬੰਦੀਆਂ ਦੇ ਆਗੂ ਸ਼ਹੀਦਾਂ ਦੀਆਂ ਯਾਦਗਾਰਾਂ ਸਾਂਭਣ, ਲਾਇਬਰੇਰੀਆਂ ਉਸਾਰਨ, ਧਰਨੇ ਮੁਜ਼ਾਹਰੇ ਕਰਨ ਅਤੇ ਜਨਤਕ ਇਕੱਠ ਕਰਨ ਲਈ ਵੀ ਤਰਲੇ ਕੱਢਦੇ ਅਤੇ ਬੇਵਸੀ ਹੰਢਾਉਂਦੇ ਪੇਸ਼ ਹੋਏ ਹਨ। ਇਸ ਬੇਵਸੀ ਪਿੱਛੇ ਹਰੇ ਇਨਕਲਾਬ ਤੋਂ ਬਾਅਦ ਦੀ ਨਵੀਂ ਪੰਜਾਬੀ ਜੀਵਨ-ਜਾਚ, ਅਪਰੇਸ਼ਨ ਬਲਿਊ ਸਟਾਰ, ਅੱਤਵਾਦੀ ਲਹਿਰ ਦਾ ਚੜ੍ਹਾਅ, ਪਰਵਾਸ ਵੱਲ ਰੁਝਾਨ ਆਦਿ ਸਰੋਕਾਰ ਆਪੋ ਆਪਣੀ ਥਾਂ ਕਾਰਜਸ਼ੀਲ ਹਨ। ਪਰ ਨਾਵਲ ਵਿਚ ਨਕਸਲਵਾਦੀ ਲਹਿਰ ਨੂੰ ਜਿਹੜੀ ਅੰਦਰੂਨੀ ਢਾਹ ਲੱਗਦੀ ਦਿਖਾਈ ਪੈਂਦੀ ਹੈ, ਉਸ ਦੇ ਪਿੱਛੇ ਕਮਿਊਨਿਸਟਾਂ ਦੀ ਪੂੰਜੀਵਾਦੀ ਅਤੇ ਖਪਤਵਾਦੀ ਜੀਵਨ-ਸ਼ੈਲੀ ਸਿੱਧ ਕੀਤੀ ਗਈ ਹੈ। ਇਸ ਤੋਂ ਇਲਾਵਾ ਕਮਿਊਨਿਸਟ ਆਗੂਆਂ ਦਾ ਦੋਗਲਾ ਕਿਰਦਾਰ, ਸਿਧਾਂਤ ਤੇ ਵਿਹਾਰ ਦੀ ਵਿੱਥ, ਸਟੇਟ ਨਾਲ ਨੂਰਾਂ ਕੁਸ਼ਤੀ ਅਤੇ ਪਰ ਦੀ ਥਾਂ ਨਿੱਜ ਵੱਲ ਮੁੜਨ ਦੇ ਅਨੇਕਾਂ ਪ੍ਰਸੰਗ ਇਸ ਨਾਵਲੀ ਬਿਰਤਾਂਤ ਦਾ ਹਿੱਸਾ ਬਣੇ ਹਨ। ਅਧਿਆਪਕ ਆਗੂ ਜਸਪਾਲ ਅਤੇ ਉਸ ਦੀ ਪਤਨੀ ਵੱਲੋਂ ਸ਼ਹੀਦ ਭਗਤ ਸਿੰਘ ਪਬਲਿਕ ਸਕੂਲ ਖੋਲ੍ਹਣਾ ਸਿੱਖਿਆ ਦੇ ਵਪਾਰੀਕਰਨ ਅਤੇ ਨਿੱਜੀਕਰਨ ਦੀ ਅਜਿਹੀ ਮਿਸਾਲ ਹੈ ਜਿਹੜੀ ਕਮਿਊਨਿਸਟਾਂ ਦੇ ਆਪਣੇ ਸਿਧਾਂਤਾਂ ਦੇ ਵਿਰੁੱਧ ਹੈ। ਇਸ ਦੇ ਨਾਲ 'ਘਰ', 'ਵਿਆਹ' ਅਤੇ ਰਿਸ਼ਤਾ-ਪ੍ਰਬੰਧ ਨੂੰ ਇਨਕਲਾਬੀ ਲਹਿਰ ਵਿਚ ਖਲਲ ਪਾਉਣ ਵਾਲੇ ਸਿੱਧ ਕਰਦਿਆਂ ਲੇਖਕ ਜਸਪਾਲ ਅਤੇ ਮਨਜੀਤ ਵੱਲੋਂ ਲਹਿਰ ਦੀ ਥਾਂ ਨਿੱਜਤਾ ਨੂੰ ਪਹਿਲ ਦੇਣ ਦੇ ਅਨੇਕਾਂ ਗਲਪੀ ਵੇਰਵੇ ਪੇਸ਼ ਕਰਦਾ ਹੈ। ਲਹਿਰ ਦੀਆਂ ਇਹ 'ਰੁਕਾਵਟਾਂ' ਬੇਸ਼ੱਕ ਅਜੇ ਹੋਰ ਗਲਪੀ ਸੰਵਾਦ ਦੀ ਮੰਗ ਵਿਚ ਹਨ, ਪਰ ਨਾਵਲ ਵਿਚ ਕਾਮਰੇਡ ਪਿਆਰਾ ਜੰਡੋਰਾ ਦਾ ਕੈਨੇਡਾ ਰੁਖ਼ਸਤ ਹੋਣ, ਪ੍ਰਧਾਨ ਨਿਰਲੇਪ ਦਾ ਖੁਦ ਧੋਖਾਧੜੀਆਂ ਕਰਨ, ਕਾਮਰੇਡ ਹਰਬੰਸ ਦਾ ਆਪਣੀ ਸਾਲ਼ੇਹਾਰ ਨਾਲ ਅਤੇ ਕਾਮਰੇਡ ਨਿੰਦੀ ਦਾ ਇਕ ਮੁਜਾਰੇ ਦੀ ਨੂੰਹ ਨਾਲ ਨਾਜਾਇਜ਼ ਰਿਸ਼ਤਾ ਰੱਖਣ ਦੇ ਬਿਰਤਾਂਤਕ ਵੇਰਵੇ ਉਨ੍ਹਾਂ ਇਨਕਲਾਬੀ ਆਦਰਸ਼ਾਂ ਉੱਤੇ ਕਲੰਕ ਹਨ ਜਿਹੜੇ ਲੋਕਾਂ ਵਿਚ ਸਮਾਜਕ ਤਬਦੀਲੀ ਦਾ ਸੁਪਨਾ ਪੈਦਾ ਕਰਦੇ ਰਹੇ ਹਨ। ਅਜਿਹੇ ਵਰਤਾਰੇ ਨਾਵਲ ਵਿਚ ਆਮ ਹਨ ਜਿਹੜੇ ਕਮਿਊਨਿਸਟਾਂ ਦੇ ਅਖੌਤੀ ਸਿਧਾਂਤਕ ਆਦਰਸ਼ਵਾਦੀ ਤੇ ਇਨਕਲਾਬੀ ਫਲਸਫੇ ਦੀ ਫੂਕ ਕੱਢਦੇ ਹਨ। ਨਾਵਲਕਾਰ ਦੀ ਪ੍ਰਾਪਤੀ ਨਕਸਲਵਾਦੀ ਲਹਿਰ ਦੇ ਕੇਂਦਰੀ ਸਰੂਪ ਨੂੰ ਸੱਟ ਨਹੀਂ ਮਾਰਦੀ, ਸਗੋਂ ਇਸ ਲਹਿਰ ਨਾਲ ਜੁੜੇ ਅਖੌਤੀ ਕਾਰਕੁਨਾਂ ਤੇ ਆਗੂਆਂ ਦੇ ਦੋਗਲੇਪਣ ਦਾ ਭਾਂਡਾ ਭੰਨਦੀ ਹੈ।

ਨਾਵਲ ਵਿਚ ਕਾਮਰੇਡ ਸਰਦਾਰੇ ਵਰਗੇ ਪ੍ਰਤੀਬੱਧ ਪਾਤਰ ਵੀ ਹਨ ਜੋ ਅਜੇ ਵੀ ਮੁਜਾਰਾ ਲਹਿਰ ਦੇ ਇਨਕਲਾਬੀ ਘੋਲਾਂ ਤੇ ਪਾਰਟੀ ਦੀ ਇਲਾਕੇ ਵਿਚ ਬਣੀ ਪੈਂਠ ਨੂੰ ਯਾਦ ਕਰਦੇ ਹਨ, ਪਰ ਵਰਤਮਾਨ ਦੇ ਸਿਧਾਂਤਕ ਪਤਨ ਬਾਰੇ ਫਿਕਰਮੰਦ ਹਨ। ਪਰਵਾਨਾ ਨੇ ਨਾਵਲ ਦੇ ਕੇਂਦਰੀ ਪਾਤਰ ਜਸਪਾਲ ਦੀ ਉਸ ਮਨੋਸਥਿਤੀ ਨੂੰ ਵੀ ਭਰਵੇਂ ਰੂਪ ਵਿਚ ਪੇਸ਼ ਕੀਤਾ ਹੈ ਜਿਸ ਅਧੀਨ ਉਹ ਇਨਕਲਾਬੀ ਹਥਿਆਰਬੰਦ ਕ੍ਰਾਂਤੀ ਦੁਆਰਾ ਸਮਾਜਕ ਤਬਦੀਲੀ ਦਾ ਸੁਪਨਾ ਪਾਲਦਾ ਹੈ, ਪਰ ਵਕਤ ਦੇ ਵਹਿਣ ਅੱਗੇ ਬੇਵੱਸ ਹੋ ਕੇ ਪਰਿਵਾਰਕ ਖੁਸ਼ਹਾਲੀ ਅਤੇ ਪੂੰਜੀਵਾਦੀ ਜੀਵਨ-ਸ਼ੈਲੀ

ਵਿਚ ਗ਼ਲਤਾਨ ਹੋ ਜਾਂਦਾ ਹੈ। ਲਹਿਰ ਅਤੇ ਵਿਚਾਰਧਾਰਾ ਦਾ ਇਹ ਪਤਨ ਸਮਕਾਲ ਤਕ ਫੈਲ ਕੇ ਨਾਵਲ ਨੂੰ ਹੋਰ ਅਰਥਪੂਰਨ ਬਣਾ ਦਿੰਦਾ ਹੈ। ਕੁਲ ਮਿਲਾ ਕੇ ਇਹ ਨਾਵਲ ਲੇਖਕ ਦੀ ਵਧੀਆ ਰਚਨਾ ਹੈ ਜਿਸ ਅੰਦਰ ਗੰਭੀਰ ਸੰਵਾਦ ਦੀਆਂ ਸੰਭਾਵਨਾਵਾਂ ਮੌਜੂਦ ਹਨ। ਨਾਵਲ ਦੀਆਂ ਘਟਨਾਵਾਂ ਬਹੁਤ ਤੇਜ਼ ਚੱਲਣ ਦੇ ਬਾਵਜੂਦ ਨਕਸਲਵਾਦੀ ਲਹਿਰ ਦੇ ਭੂਤਕਾਲ ਅਤੇ ਕਮਿਊਨਿਸਟ ਲਹਿਰ ਦੇ ਵਰਤਮਾਨ ਤੇ ਭਵਿੱਖ ਦਾ ਮਹਾਂ ਦ੍ਰਿਸ਼ ਖੜ੍ਹਾ ਕਰ ਦਿੰਦੀਆਂ ਹਨ। ਲਹਿਰਾਂ ਦੇ ਪੁਨਰ ਮੁਲੰਕਣ ਦੀ ਗਲਪੀ ਧੁਨੀ ਉਜਾਗਰ ਕਰਦੀ ਇਹ ਰਚਨਾ ਅੱਜ ਦੇ ਕਾਰਪੋਰੇਟੀ ਸਮੇਂ ਦੀ ਮਾਰ ਹੇਠ ਆਏ ਅਵਾਮ ਦਾ ਦਰਦ ਅਚੇਤ ਰੂਪ ਵਿਚ ਸਮੋਈ ਬੈਠੀ ਹੈ। **- ਜੇ.ਬੀ.ਸੇਖੋਂ**

## ਪੇਪਰ ਮੈਰਿਜ (ਨਾਵਲ) ਨਛੱਤਰ ਸਿੰਘ ਬਰਾੜ

ਕੈਨੇਡੀਅਨ ਪੰਜਾਬੀ ਨਾਵਲਕਾਰ ਨਛੱਤਰ ਸਿੰਘ ਬਰਾੜ ਨੇ ਆਪਣੇ ਚੌਥੇ ਨਾਵਲ 'ਪੇਪਰ ਮੈਰਿਜ' (ਮੁੱਲ 300 ਰੁਪਏ, ਪੰਨੇ 240, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਵਿਚ ਡਾਲਰਾਂ ਦੀ ਖਿੱਚ ਦੇ ਮਾਰੇ ਫਰਜ਼ੀ ਵਿਆਹਾਂ ਰਾਹੀਂ ਵਿਦੇਸ਼ਾਂ ਵਿਚ ਸੰਤਾਪ ਭੋਗ ਰਹੇ ਭਾਰਤੀ ਖਾਸਕਰ ਪੰਜਾਬੀ ਨੌਜਵਾਨ ਮੁੰਡੇ ਕੁੜੀਆਂ ਦੇ ਜੀਵਨ-ਯਥਾਰਥ ਨੂੰ ਪੇਸ਼ ਕੀਤਾ ਹੈ। ਜਿੱਥੇ ਭਾਰਤੀ ਪਰੰਪਰਾ ਦੇ ਅਨੁਸਾਰ ਔਰਤ-ਮਰਦ ਦੇ ਜ਼ਿੰਦਗੀ ਭਰ ਲਈ ਇਕ ਦੂਜੇ ਦੇ ਹੋ ਜਾਣ ਅਤੇ ਜਨਮਾਂ ਜਨਮਾਂ ਤਕ ਸਾਥ ਨਿਭਾਉਣ ਦੇ ਵਚਨਾਂ ਵਿਚ ਬੱਝਣ ਦੀ ਪ੍ਰਕਿਰਿਆ ਨੂੰ ਵਿਆਹ ਦਾ ਨਾਮ ਦਿੱਤਾ ਗਿਆ ਹੈ, ਉੱਥੇ ਹੀ 'ਪੇਪਰ ਮੈਰਿਜ' ਨਾਵਲ ਵਿਚ ਲੇਖਕ ਦੁਆਰਾ ਅਮਰੀਕਾ, ਕੈਨੇਡਾ ਤੇ ਇੰਗਲੈਂਡ ਵਰਗੇ ਵਿਕਸਤ ਦੇਸ਼ਾਂ ਵਿਚ ਭਾਰਤੀਆਂ ਤੇ ਖਾਸਕਰ ਪੰਜਾਬੀਆਂ ਦੁਆਰਾ ਇਹਨਾਂ ਦੇਸ਼ਾਂ ਦੀ ਪੱਕੀ ਇੰਮੀਗ੍ਰੇਸ਼ਨ ਹਾਸਿਲ ਕਰਨ ਲਈ ਕੀਤੇ ਜਾਂਦੇ ਫਰਜ਼ੀ ਵਿਆਹਾਂ ਦਾ ਨਾ ਸਿਰਫ ਨੋਟਿਸ ਹੀ ਲਿਆ ਗਿਆ ਹੈ ਬਲਕਿ ਇਹਨਾਂ ਫਰਜ਼ੀ ਵਿਆਹਾ ਤੋਂ ਪੈਦਾ ਹੋਣ ਵਾਲੀਆਂ ਆਰਥਿਕ, ਸਮਾਜਕ ਤੇ ਮਾਨਸਿਕ ਉਲਝਣਾਂ ਦੀ ਬੜੇ ਹੀ ਅਨੁਭਵੀ ਤਰੀਕੇ ਨਾਲ ਪੇਸ਼ਕਾਰੀ ਵੀ ਕੀਤੀ ਗਈ ਹੈ।

ਨਾਵਲ ਦੇ ਆਰੰਭ ਵਿਚ ਮਨਿੰਦਰ ਤੋਂ ਮਾਨੀ ਬਣੀ ਪੇਪਰ ਮੈਰਿਜ ਵਾਲੀ ਆਰਜ਼ੀ ਪਤਨੀ ਨੂੰ ਕੈਨੇਡਾ ਦੇ ਵੈਨਕੂਵਰ ਸ਼ਹਿਰ ਵਿਚ ਬਰਾਡਵੇ ਸਟਰੀਟ 'ਤੇ ਇਕ ਰੈਸਟੋਰੈਂਟ ਵਿਚ ਖਾਣਾ ਖਾਂਦਿਆਂ ਜਗਸੀਰ ਤੋਂ ਸੀਰਾ ਬਣਿਆ ਆਰਜ਼ੀ ਪਤੀ ਡਾਈਵੋਰਸ ਲੈਣ ਲਈ ਮਨਾ ਰਿਹਾ ਹੈ। ਸੀਰਾ ਇਸ ਗੱਲ ਤੋਂ ਫਿਕਰਮੰਦ ਹੈ ਕਿ ਉਸਦੀ ਉਮਰ ਦਾ ਚੌਵੀਵਾਂ ਸਾਲ ਪੂਰਾ ਹੋਣ ਵਾਲਾ ਹੈ ਤੇ ਜਦੋਂ ਤਕ ਮਾਨੀ ਡਾਈਵੋਰਸ ਪੇਪਰਾਂ 'ਤੇ ਦਸਖਤ ਨਹੀਂ ਕਰਦੀ, ਉਨਾ ਚਿਰ ਉਹ ਇੰਡੀਆ ਜਾ ਕੇ ਆਪਣਾ ਪੱਕਾ ਵਿਆਹ ਕਰਵਾ ਕੇ ਕੈਨੇਡਾ ਵਿਚ ਆਪਣਾ ਘਰ ਨਹੀਂ ਵਸਾ ਸਕਦਾ। ਉਸਨੂੰ ਇਹ ਵੀ ਡਰ ਹੈ ਕਿ ਜੇਕਰ ਕੈਨੇਡਾ ਦੇ ਇੰਮੀਗ੍ਰੇਸ਼ਨ ਮਹਿਕਮੇ ਵਾਲਿਆਂ ਨੂੰ ਉਸਦਾ ਤੇ ਮਾਨੀ ਦਾ ਪੇਪਰ ਮੈਰਿਜ ਕਰਵਾ ਕੇ ਕੈਨੇਡਾ ਪਹੁੰਚਣ ਦਾ ਸ਼ੱਕ ਹੋ ਗਿਆ ਤਾਂ ਉਹ ਉਹਨਾਂ ਨੂੰ ਵੀਜ਼ੇ ਲਈ ਸਾਲਾਂ ਬੱਧੀ ਚੱਕਰਾਂ ਵਿਚ ਪਾਈ ਰੱਖਣਗੇ। ਪਰ ਆਪਣੀ ਉਮਰ ਦੇ ਚੌਤੀਵੇਂ ਸਾਲ ਨੂੰ ਪਹੁੰਚੀ ਚੁਸਤ, ਚਲਾਕ, ਜ਼ਿੰਦਗੀ 'ਚ ਹੰਢੀ-ਵਰਤੀ ਅਤੇ ਪੇਪਰ ਮੈਰਿਜ ਰਾਹੀਂ ਅੱਛਾ ਖਾਸਾ ਪੈਸਾ ਬਣਾ ਕੇ ਐਸ਼ਪ੍ਰਸਤੀ ਵਾਲੇ ਜੀਵਨ ਦਾ ਆਨੰਦ ਮਾਣ ਰਹੀ ਮਾਨੀ ਡਾਈਵੋਰਸ ਪੇਪਰ ਸਾਈਨ ਕਰਨ ਲਈ ਆਨੀਂ-ਬਹਾਨੀਂ ਦੇਰੀ ਕਰ ਰਹੀ ਹੈ। ਸੀਰੇ ਦੀ ਪ੍ਰੇਸ਼ਾਨੀ ਦਾ ਇਕ ਵੱਡਾ ਕਾਰਨ ਇਹ ਵੀ ਹੈ ਕਿ ਮੱਧਵਰਗ ਦੇ ਨੌਕਰੀਪੇਸ਼ਾ ਜੱਟ-ਜ਼ਿਮੀਂਦਾਰ ਪਰਿਵਾਰ ਨਾਲ ਸੰਬੰਧ ਰੱਖਣ ਵਾਲੇ ਉਸ ਦੇ ਮਾਪਿਆਂ ਨੇ ਭਾਰਤੀ ਕਰੰਸੀ ਵਿਚ ਲੱਖਾਂ ਰੁਪਏ ਉਹਨਾਂ ਦੇ ਫਰਜ਼ੀ ਵਿਆਹ ਉੱਤੇ ਖਰਚ ਕੀਤੇ ਹਨ। ਇਸ ਉਮੀਦ ਨਾਲ ਕਿ ਮਾਨੀ ਨਾਲ ਡਾਈਵੋਰਸ ਤੋਂ ਬਾਅਦ ਸੀਰੇ ਦਾ ਸਮੇਂ ਸਿਰ ਦੁਬਾਰਾ ਵਿਆਹ ਹੋ ਜਾਣ 'ਤੇ ਮਾਪਿਆਂ ਤੇ ਛੋਟੀ ਭੈਣ ਸੀਰਤ ਦੇ ਕੈਨੇਡਾ ਪਹੁੰਚਣ ਲਈ ਪੇਪਰ ਸੀਰਤ ਦੀ ਉਮਰ ਵਧ



ਜਾਣ ਤੋਂ ਪਹਿਲਾਂ ਪਹਿਲਾਂ ਭਰ ਦਿੱਤੇ ਜਾਣ। ਪਰ ਮਾਨੀ ਵੱਲੋਂ ਹਰ ਵਾਰ ਡਾਈਵੋਰਸ ਦੀ ਗੱਲ ਦੇ ਛੇੜਨ 'ਤੇ ਉਸ ਵੱਲੋਂ ਜਾਣ-ਬੁੱਝ ਕੇ ਕੀਤੀ ਜਾ ਰਹੀ ਦੇਰੀ ਸੀਰੇ ਲਈ ਸਿਰਦਰਦੀ ਦਾ ਕਾਰਨ ਬਣੀ ਹੋਈ ਹੈ। ਉਧਰ ਭਾਰਤ ਵਿਚ ਬੈਠੇ ਉਸਦੇ ਮਾਪੇ ਆਏ ਦਿਨ ਫੋਨ ਕਰਕੇ ਸੀਰੇ ਉੱਤੇ ਇਹ ਦਬਾਅ ਪਾ ਰਹੇ ਹਨ ਕਿ ਉਹ ਜਲਦੀ ਤੋਂ ਜਲਦੀ ਮਾਨੀ ਨੂੰ ਡਾਈਵੋਰਸ ਲਈ ਰਾਜ਼ੀ ਕਰ ਲਵੇ। ਇਹ ਪਰਿਸਥਿਤੀਆਂ ਸੀਰੇ ਨੂੰ ਹਰ ਵੇਲੇ ਪਰੇਸ਼ਾਨੀ ਦੀ ਸਥਿਤੀ ਵਿਚ ਪਾਈ ਰੱਖਦੀਆਂ ਹਨ।

ਸਮੁੱਚੇ ਨਾਵਲੀ ਬਿਰਤਾਂਤ ਵਿਚ ਨਾਵਲਕਾਰ ਦਾ ਨਾਰੀਵਾਦੀ ਦ੍ਰਿਸ਼ਟੀਕੋਣ ਭਰਵੇਂ ਰੂਪ ਵਿਚ ਪੇਸ਼ ਹੋਇਆ ਹੈ। ਲਗਪਗ ਸਾਰੇ ਨਾਰੀ ਪਾਤਰਾਂ ਦੀ ਸਿਰਜਣਾ ਏਸੇ ਦ੍ਰਿਸ਼ਟੀਕੋਣ ਤੋਂ ਹੋਈ ਹੈ। ਮਾਨੀ, ਕਿੰਦੀ, ਪ੍ਰੋਫੈਸਰ ਸੁਖਪਾਲ ਕੌਰ, ਮਾਨੀ ਦੀ ਨਣਦ ਪਾਲੀ ਆਦਿ ਸਾਰੇ ਇਸਤਰੀ ਪਾਤਰਾਂ ਨੂੰ ਦਰਪੇਸ਼ ਸਮੱਸਿਆਵਾਂ ਪਿੱਛੇ ਅਸਲੀ ਵਜ੍ਹਾ ਮਰਦ ਦੁਆਰਾ ਕੀਤੀਆਂ ਵਧੀਕੀਆਂ ਹੀ ਹਨ। ਮਾਨੀ ਦੇ ਜੀਵਨ ਵਿਚ ਆਏ ਮੁਸੀਬਤਾਂ ਦੇ ਹੜ੍ਹ ਪਿੱਛੇ ਜੇ ਇਕ ਕਾਰਨ ਮਾਨੀ ਦੇ ਪਹਿਲੇ ਵਿਆਹ ਦੇ ਅਸਲੀ ਪਤੀ ਹੈਰੀ ਦਾ ਅੱਯਾਸ਼ੀ ਭਰਿਆ ਜੀਵਨ ਬਣਦਾ ਹੈ ਤਾਂ ਦੂਜਾ ਵੱਡਾ ਕਾਰਨ ਹੈਰੀ ਤੋਂ ਡਾਈਵੋਰਸ ਲੈਣ ਦੀ ਗੱਲ ਕਰਨ 'ਤੇ ਇੰਡੀਆ ਬੈਠੇ ਉਸਦੇ ਪਿਤਾ ਦਾ ਰਵੱਈਆ ਵੀ ਉਸਦੀ ਮਾਨਸਿਕ ਸਥਿਤੀ ਦੀ ਟੁੱਟਣ-ਪ੍ਰਕਿਰਿਆ ਦਾ ਕਾਰਨ ਬਣਦਾ ਹੈ। ਇਸ ਨਾਵਲ ਦਾ ਹਰ ਇਕ ਇਸਤਰੀ ਪਾਤਰ ਇਕ ਦੂਜੇ ਦੇ ਦੁੱਖ ਵਿਚ ਸਹਾਈ ਹੁੰਦਾ ਹੈ। ਹੈਰੀ ਵੱਲੋਂ ਸਤਾਈ ਮਾਨੀ ਨੂੰ ਉਸਦੀ ਸਿੱਧਵਾਂ ਖੁਰਦ ਲੁਧਿਆਣੇ ਦੀ ਪ੍ਰੋਫੈਸਰ ਸੁਖਪਾਲ ਕੌਰ ਹਰ ਔਖੇ ਸਮੇਂ ਫੋਨ ਉੱਤੇ ਗਾਈਡ ਕਰਦੀ ਤੇ ਦਿਲਾਸਾ ਦਿੰਦੀ ਹੈ। ਆਪਣੇ ਪੁੱਤ ਦੀ ਅੱਯਾਸ਼ੀ ਕਾਰਨ ਮਾਯੂਸ ਹੋਈ ਮਾਨੀ ਨੂੰ ਉਸਦੀ ਸੱਸ ਵੀ ਹਲਾਸ਼ੇਰੀ ਦਿੰਦੀ ਹੈ।

ਹੈਰੀ ਤੋਂ ਡਾਈਵੋਰਸ ਲਈ ਅਰਜ਼ੀ ਫਾਈਲ ਕਰਨ ਤੋਂ ਬਾਅਦ ਘਰੋਂ ਬੇਘਰ ਹੋਈ ਮਾਨੀ ਨੂੰ ਪ੍ਰੋਫੈਸਰ ਸੁਖਪਾਲ ਦੀ ਪੁਰਾਣੀ ਵਿਦਿਆਰਥਣ ਦਵਿੰਦਰ ਧਾਲੀਵਾਲ ਉਰਫ ਦੀਪੀ, ਜੋ ਸ਼ੌਪਰ ਡਰੱਗ ਮਾਰਟ ਵਿਚ ਕੰਮ ਕਰਦੀ ਹੈ, ਮਾਨੀ ਨੂੰ ਸਹਾਰਾ ਦਿੰਦੀ ਹੈ। ਦੀਪੀ ਹੀ ਮਾਨੀ ਨੂੰ ਔਰਤਾਂ ਦੇ ਹੱਕਾਂ ਦੀ ਰਾਖੀ ਕਰਨ ਵਾਲੀ ਸੰਸਥਾ ਦੀ ਮਦਦ ਨਾਲ ਉਸਦੇ ਸਹੁਰੇ ਘਰੋਂ ਮਾਨੀ ਦੇ ਕੱਪੜੇ, ਗਹਿਣੇ ਤੇ ਹੋਰ ਸਮਾਨ ਲਿਆਉਣ ਵਿਚ ਮਦਦ ਕਰਦੀ ਹੈ। ਡਰੱਗ ਮਾਰਟ ਸਟੋਰ ਵਿਚ ਬਣੀ ਮਾਨੀ ਦੀ ਨਵੀਂ ਸਹੇਲੀ ਕੁਲਵਿੰਦਰ ਕੌਰ ਉਰਫ ਕਿੰਦੀ, ਜੋ ਪੰਜਾਬ ਦੇ ਬਠਿੰਡਾ ਸ਼ਹਿਰ ਨਾਲ ਸੰਬੰਧ ਰੱਖਦੀ ਹੈ, ਵੀ ਮਦਦ ਕਰਦੀ ਹੈ। ਕਿੰਦੀ ਹੀ ਮਾਨੀ ਅੱਗੇ ਹੈਰੀ ਨਾਲ ਡਾਈਵੋਰਸ ਤੋਂ ਬਾਅਦ ਪੇਪਰ ਮੈਰਿਜ ਦਾ ਪ੍ਰਸਤਾਵ ਰੱਖਦੀ ਹੈ। ਜਿਸਦੇ ਪਰਿਣਾਮ ਸਰੂਪ ਮਾਨੀ ਸੀਰੇ ਨਾਲ ਪੇਪਰ ਮੈਰਿਜ ਕਰਕੇ ਉਸਨੂੰ ਇੰਡੀਆ ਤੋਂ ਕੈਨੇਡਾ ਲੈ ਕੇ ਆਉਂਦੀ ਹੈ। ਨਾਵਲ ਦੇ ਅਖੀਰ ਵਿਚ ਸੀਰੇ ਦੀ ਮਾਂ ਵੀ ਮਾਨੀ ਪ੍ਰਤਿ ਨਰਮ ਰਵੱਈਆ ਰੱਖਦੀ ਹੋਈ ਆਪਣੇ ਪਤੀ ਨੂੰ ਮਾਨੀ ਨੂੰ ਹੀ ਆਪਣੀ ਅਸਲੀ ਨੂੰਹ ਦੇ ਰੂਪ ਵਿਚ ਸਵੀਕਾਰ ਕਰਨ ਲਈ ਮਨਾ ਲੈਂਦੀ ਹੈ। ਨਾਰੀ ਪਾਤਰਾਂ ਦੀ ਇਕ ਦੂਸਰੇ ਪ੍ਰਤਿ ਅਜਿਹੀ ਮਾਨਵਵਾਦੀ ਸੋਚ ਕਰਕੇ ਹੀ ਇਸ ਨਾਵਲ ਦਾ ਅੰਤ ਸੁਖਾਂਤਕ ਹੋ ਸਕਿਆ ਹੈ। ਮਰਦ ਪਾਤਰਾਂ ਵੱਲੋਂ ਇਸ ਨਾਵਲ ਦਾ ਅੰਤ ਦੁਖਾਂਤਕ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਗਈ।

ਨਾਵਲਕਾਰ ਦੀ ਮਾਨਵਵਾਦੀ ਸੋਚ ਦਾ ਪਤਾ ਇਸ ਗੱਲ ਤੋਂ ਵੀ ਲੱਗ ਜਾਂਦਾ ਹੈ ਜਦੋਂ ਉਹ ਮਾਨੀ ਦੇ ਚਰਿੱਤਰ-ਚਿਤਰਣ ਸਮੇਂ ਉਸ ਦੇ ਜੀਵਨ-ਯਥਾਰਥ ਨਾਲ ਜੁੜੀਆਂ ਸਾਰੀਆਂ ਘਟਨਾਵਾਂ ਨੂੰ ਅਜਿਹੀਆਂ ਪਰਿਸਥਿਤੀਆਂ ਵਿਚ ਰੱਖ ਕੇ ਪੇਸ਼ ਕਰਦਾ ਹੈ ਜਿਹਨਾਂ ਕਰਕੇ ਮਾਨੀ ਦੇ ਹਰ ਪ੍ਰਕਾਰ ਦੇ ਨਾਕਾਰਾਤਮਕ ਰਵੱਈਏ ਦੇ ਬਾਵਜੂਦ ਨਾਵਲ ਦੇ ਅਖੀਰ ਤਕ ਮਾਨੀ ਪਾਠਕ ਦੀ ਹਮਦਰਦੀ ਦੀ ਪਾਤਰ ਬਣੀ ਰਹਿੰਦੀ ਹੈ। ਲੇਖਕ ਮਾਨੀ ਅਤੇ ਕਿੰਦੀ ਨੂੰ ਪੇਪਰ ਮੈਰਿਜ ਦੇ ਬਿਜ਼ਨਿਸ ਵਿਚ ਪੈ ਕੇ ਪੈਸੇ ਕਮਾਉਣ ਤੇ ਭੋਲ਼ੇ-ਭਾਲੇ ਭਾਰਤੀ ਨੌਜਵਾਨਾਂ ਨੂੰ ਆਪਣੇ ਜਾਲ ਵਿਚ

ਫਸਾਉਣ ਦੇ ਬਾਵਜੂਦ ਉਹਨਾਂ ਦੇ ਸਹੁਰੇ ਪਰਿਵਾਰ ਵੱਲੋਂ ਕੀਤੇ ਦੁਰਵਿਵਹਾਰ ਨੂੰ ਹੀ ਉਹਨਾਂ ਦੀਆਂ ਅਜਿਹੀਆਂ ਸਥਿਤੀਆਂ ਲਈ ਜ਼ਿੰਮੇਵਾਰ ਠਹਿਰਾਉਂਦਾ ਹੈ। ਮਾਨੀ ਨੂੰ ਜਦੋਂ ਪੇਪਰ ਮੈਰਿਜ ਕਰਵਾਉਣ ਆਇਆ ਸੀਰਾ ਡਾਈਵੋਰਸ ਦੇਣ ਲਈ ਮਨਾਉਂਦਾ ਹੈ ਤਾਂ ਮਾਨੀ ਦੇ ਕਹੇ ਉਸਨੂੰ ਇਹ ਸ਼ਬਦ ਵੀ ਲੇਖਕ ਦੀ ਮਾਨਵਵਾਦੀ ਸੋਚ ਦੇ ਲਖਾਇਕ ਬਣਦੇ ਹਨ, "ਰਾਜੇ ਏਨੀ ਤਲਖੀ ਵਿਚ ਨਹੀਂ ਆਈਦਾ, ਮੈਂ ਤੈਨੂੰ ਪਹਿਲਾਂ ਵੀ ਆਖ ਚੁੱਕੀ ਹਾਂ ਕਿ ਇਹ ਇਨਸਾਨਾਂ ਦੀਆਂ ਜ਼ਿੰਦਗੀਆਂ ਦੇ ਫੈਸਲੇ ਹਨ। ਇਹਨਾਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਬਹੁਤ ਲੰਮੀ ਸੋਚ ਵਿਚਾਰ ਤੋਂ ਕੰਮ ਲੈਣਾ ਚਾਹੀਦਾ ਹੈ। ਕਾਹਲ਼ੀ-ਕਾਹਲ਼ੀ ਵਿਚ ਪੁੱਟੇ ਗਏ ਕਦਮ ਕਈ ਵਾਰ ਜ਼ਿੰਦਗੀ ਲਈ ਹੋਰ ਪ੍ਰੌਬਲਮਜ਼ ਖੜ੍ਹੀਆਂ ਕਰ ਦਿੰਦੇ ਹਨ।"

ਅਸਲ ਨਾਵਲੀ ਤੱਥ ਇਹ ਹੈ ਕਿ ਆਪਣੇ ਪਹਿਲੇ ਤੇ ਅਸਲੀ ਪਤੀ ਦੀ ਤ੍ਰਿਸਕਾਰੀ ਤੇ ਉਸਦੇ ਪੇਸ਼ਾਵਰ ਹੁਕਰ ਸੂਜ਼ਨ ਨਾਲ ਨਾਜਾਇਜ਼ ਸੰਬੰਧਾਂ ਦੀ ਸਤਾਈ ਮਾਨੀ ਸੀਰੇ ਨਾਲ ਆਪਣੀ ਪੇਪਰ ਮੈਰਿਜ ਨੂੰ ਅਸਲੀ ਮੈਰਿਜ ਵਿਚ ਬਦਲਣਾ ਚਾਹੁੰਦੀ ਹੈ। ਉਹ ਸੀਰੇ ਨਾਲ ਆਪਣੇ ਫਰਜ਼ੀ ਰਿਸ਼ਤਿਆਂ ਤੋਂ ਆਪਣੀ ਕੁੱਖ ਵਿਚ ਪਲ਼ ਰਹੇ ਬੱਚੇ ਨੂੰ ਸੀਰੇ ਦੇ ਵਿਰੋਧ ਦੇ ਬਾਵਜੂਦ ਉਸਨੂੰ ਜਨਮ ਦੇ ਕੇ ਮਾਂ ਦਾ ਸੁਖ ਭੋਗਣਾ ਲੋਚਦੀ ਹੈ। ਜਿਸਦੇ ਨਤੀਜੇ ਵਜੋਂ ਉਸਨੂੰ ਸੀਰੇ ਨਾਲ ਆਪਣੇ ਸੰਬੰਧਾਂ ਬਾਰੇ ਅਸਲੀ ਪਤੀ ਪਤਨੀ ਬਣਨ ਦੀ ਉਮੀਦ ਜਾਗਦੀ ਹੈ। ਸੀਰੇ ਦੇ ਬੱਚੇ ਦੀ ਮਾਂ ਬਣਨ ਤੋਂ ਬਾਅਦ ਉਹ ਸੀਰੇ ਨੂੰ ਪੁੱਤਰ ਮੋਹ ਦਾ ਵਾਸਤਾ ਪਾ ਕੇ ਉਸਦੇ ਮਾਪਿਆਂ ਤੇ ਭੈਣ ਨੂੰ ਪੱਕੇ ਤੌਰ ਉੱਤੇ ਕੈਨੇਡੇ ਬੁਲਾਉਣ ਦਾ ਪ੍ਰਸਤਾਵ ਰੱਖਦੀ ਹੈ ਅਤੇ ਫਰਜ਼ੀ ਪਤੀ ਪਤਨੀ ਵਾਲੇ ਰਿਸ਼ਤੇ ਨੂੰ ਅਸਲੀ ਮੈਰਿਜ ਵਿਚ ਬਦਲਣ ਲਈ ਮਨਾ ਲੈਂਦੀ ਹੈ।

ਇਸ ਨਾਵਲ ਵਿਚ ਪ੍ਰਮੁਖ ਇਸਤਰੀ ਪਾਤਰ ਸੁਖਪਾਲ ਕੌਰ ਦੀ ਸਿਰਜਣਾ ਭਾਰਤੀ ਪਰੰਪਰਾ ਦੇ ਥੰਮ ਤੇ ਨਾਰੀਵਾਦੀ ਦ੍ਰਿਸ਼ਟੀਕੋਣ ਦੀ ਰਹਿਨੁਮਾ ਵਜੋਂ ਹੋਈ ਹੈ। ਜਿਹੜੀ ਭਾਰਤੀ ਪਰੰਪਰਾ ਦੀ ਹਾਂ-ਪੱਖੀ ਸੋਚ ਨੂੰ ਪਰਨਾਈ ਹੋਈ ਹੈ। ਅਤੇ ਮਾਨੀ ਵਰਗੀਆਂ ਨਾਰੀ ਪਾਤਰਾਂ ਨੂੰ ਨਾਰੀ ਸ਼ਕਤੀ ਤੋਂ ਜਾਣੂੰ ਕਰਵਾ ਕੇ ਦਰਪੇਸ਼ ਸਮੱਸਿਆਵਾਂ ਨਾਲ ਜੂਝਣ ਲਈ ਉਹਨਾਂ ਅੰਦਰ ਆਤਮ-ਬਲ ਜਗਾਉਂਦੀ ਹੈ।

ਨਾਵਲ ਦਾ ਸੰਦੇਸ਼ ਪ੍ਰੋਫੈਸਰ ਸੁਖਪਾਲ ਦੁਆਰਾ ਕਾਲਿਜ ਵਿਚ ਵਿਦਿਆਰਥਣਾਂ ਨੂੰ ਸਮੇਂ ਸਮੇਂ ਉੱਤੇ ਗਾਈਡ ਕਰਨ ਵੇਲ਼ੇ ਕਹੇ ਗਏ ਉਸਦੇ ਇਹਨਾਂ ਬੋਲਾਂ ਵਿਚ ਪਿਆ ਹੈ, "ਕੁੜੀਓ ਤੁਹਾਡੀ ਮਿਹਨਤ ਨੂੰ ਫਲ ਪਵੇ ਜਾਂ ਨਾ ਪਵੇ, ਤੁਸੀਂ ਲਗਨ ਤੋਂ ਨਾ ਟੁੱਟਦੇ ਹੋਏ, ਈਮਾਨਦਾਰੀ ਨਾਲ ਆਪਣਾ ਕੰਮ ਜਾਰੀ ਰੱਖੋ, ਜਿੱਤ ਹਮੇਸ਼ਾ ਮਿਹਨਤ, ਲਗਨ ਤੇ ਅਸੂਲਾਂ ਦੀ ਹੋਵੇਗੀ।" ਇਕ ਵਿਧੀ ਦੇ ਤੌਰ ਉੱਤੇ ਨਾਵਲ ਵਿਚ ਆਏ ਧਾਰਮਿਕ ਹਵਾਲੇ ਵੀ ਮਨੁੱਖੀ ਆਚਰਣਕ ਉਚਾਈ ਨੂੰ ਬਣਾਈ ਰੱਖਣ ਦਾ ਸੰਦੇਸ਼ ਦਿੰਦੇ ਹਨ ਤਾਂ ਕਿ ਹੈਰੀ, ਮਾਨੀ ਤੇ ਸੀਰੇ ਵਰਗੇ ਭਾਰਤੀ ਨੌਜਵਾਨ ਮੁੰਡੇ ਕੁੜੀਆਂ ਬਾਜ਼ਾਰੂ ਕਿਸਮ ਦੇ ਵਿਆਹ ਤੇ ਸੈਕਸ ਸਭਿਆਚਾਰ ਤੋਂ ਬਚ ਕੇ ਔਰਤ-ਮਰਦ ਸੰਬੰਧਾਂ ਵਾਲੀ ਪਾਕੀਜ਼ਗੀ ਤੇ ਪਵਿੱਤਰਤਾ ਨੂੰ ਆਪਣੀ ਜ਼ਿੰਦਗੀ ਦਾ ਆਧਾਰ ਬਣਾਉਣ। ਇਸ ਨਾਵਲ ਦੀ ਏਹੋ ਪ੍ਰਾਪਤੀ ਹੈ।

**– ਗੁਰਦੀਪ ਕੌਰ**

## ਬੇਅਰ ਕਰੀਕ ਪਾਰਕ (ਨਾਵਲ) ਨਦੀਮ ਪਰਮਾਰ

ਪਰਵਾਸੀ ਪੰਜਾਬੀ ਨਾਵਲ ਦੀ ਰਚਨਾ ਕਹਾਣੀ ਦੇ ਮੁਕਾਬਲੇ ਕਾਫੀ ਘੱਟ ਹੈ। ਬਹੁਤੇ ਨਾਵਲਕਾਰਾਂ ਨੇ ਕਹਾਣੀਕਾਰ ਹੋਣ ਦੇ ਨਾਲ ਨਾਲ ਨਾਵਲੀ ਵਿਧਾ ਨੂੰ ਆਪਣੀ ਰਚਨਾਤਮਿਕਤਾ ਦਾ ਵਾਹਨ ਬਣਾਇਆ ਹੈ। ਕੇਨੈਡਾ ਨਿਵਾਸੀ ਨਦੀਮ ਪਰਮਾਰ ਨੇ ਉਰਦੂ ਵਿਚ ਗ਼ਜ਼ਲ ਦੀ ਰਚਨਾ



ਰਾਹੀਂ ਸ਼ਾਇਰ ਵਜੋਂ ਤਾਂ ਆਪਣੀ ਪਛਾਣ ਬਣਾਈ ਹੈ ਪਰ ਪੰਜਾਬੀ ਸਾਹਿਤ-ਸਿਰਜਣਾ ਦੇ ਜਗਤ ਵਿਚ ਉਹ ਅਜਿਹਾ ਲੇਖਕ ਹੈ ਜਿਸ ਨੇ ਕਹਾਣੀ ਵੱਲ ਅਹੁਲਣ ਦੀ ਥਾਂ ਨਿਰੋਲ ਨਾਵਲ ਹੀ ਲਿਖੇ ਹਨ। ਹੁਣ ਤਕ ਉਹ ਛੇ ਨਾਵਲ 'ਚਿੱਟੀ ਮੌਤ', 'ਇੰਦਰਜਾਲ', 'ਪੇਸ਼ੀ', 'ਸਪੌਂਸਰਸ਼ਿਪ', 'ਰੇਪ' ਅਤੇ 'ਨਿਪੱਤਰਾ ਰੁੱਖ' ਲਿਖ ਚੁੱਕਾ ਹੈ। ਚਰਚਾ ਅਧੀਨ ਨਾਵਲ 'ਬੀਅਰ ਕਰੀਕ ਪਾਰਕ' (ਲਾਹੌਰ ਬੁੱਕਸ, ਪੰਨੇ 106, ਮੁੱਲ 150 ਰੁਪਏ) ਏਸ ਵਿਧਾ ਦੀ ਉਸਦੀ ਸੱਤਵੀਂ ਰਚਨਾ ਹੈ।

ਆਪਣੀਆਂ ਲਗਪਗ ਸਾਰੀਆਂ ਨਾਵਲੀ ਰਚਨਾਵਾਂ ਵਿਚ ਨਦੀਮ ਨੇ ਆਪਣੇ ਨੇੜਲੇ ਅਨੁਭਵ ਨੂੰ ਕਥਾ ਵਸਤੂ ਬਣਾਇਆ ਹੈ। ਇੰਝ ਉਸਦੇ ਨਾਵਲਾਂ ਵਿਚ ਜਾਂ ਤਾਂ ਪਿੱਛੇ ਪੰਜਾਬ ਦੀ ਧਰਤੀ ਅਤੇ ਬੀਤ ਗਏ ਸਮੇਂ ਨਾਲ ਜੁੜੇ ਪਰਿਵਾਰ ਤੇ ਸਕੇ-ਸੰਬੰਧੀਆਂ ਦੇ ਵੇਰਵੇ ਹਨ, ਅਤੇ ਜਾਂ ਉਹਨਾਂ ਵਿਚ ਪਰਵਾਸੀ ਪੰਜਾਬੀਆਂ ਦੇ ਜੀਵਨ-ਯਥਾਰਥ, ਸਮੱਸਿਆਵਾਂ ਤੇ ਸਰੋਕਾਰਾਂ ਦੀ ਬਾਤ ਪਾਈ ਗਈ ਹੈ। ਨਾਵਲ 'ਬੀਅਰ ਕਰੀਕ ਪਾਰਕ' ਵਿਚ ਉਹ ਕੇਨੈਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਸਰੀ ਦੇ ਪੰਜਾਬੀ ਪਰਵਾਸੀਆ ਦੀ ਜ਼ਿੰਦਗੀ ਨੂੰ ਬੁਰਸ਼ ਛੋਹਾਂ ਨਾਲ ਚਿਤਰਦਾ ਹੈ। ਪੰਜਾਬੀ ਪਰਵਾਸੀਆਂ ਦੀ ਸੰਘਣੀ ਵਸੋਂ ਵਾਲੇ ਗ੍ਰੇਟਰ ਵੈਨਕੂਵਰ ਏਰੀਆ ਵਿਚ ਪੈਂਦੇ ਸਰੀ ਸ਼ਹਿਰ ਦੇ ਪ੍ਰਸਿੱਧ ਪਾਰਕ ਦੇ ਨਾਂ ਉੱਤੇ ਨਾਵਲ ਦਾ ਨਾਮਕਰਣ ਕੀਤਾ ਗਿਆ ਹੈ। ਅਤੇ ਨਾਵਲ ਦਾ ਮੁੱਖ ਕਾਰਜ ਆਪਣੀਆਂ ਸਿਮਰਤੀਆਂ ਵਿਚ ਘਿਰੀ ਇਸ ਦੀ ਮੁਖ ਪਾਤਰ ਸੰਤੋਸ਼ ਦੇ ਸਾਰਾ ਦਿਨ ਪਾਰਕ ਵਿਚ ਲੰਘਾਉਣ ਦੇ ਰੂਪ ਵਿਚ ਹੀ ਵਾਪਰਦਾ ਹੈ। ਨਾਵਲ ਦੀ ਸਾਰੀ ਕਥਾ ਸੰਤੋਸ਼ ਦੇ ਇਕ ਪਰਵਾਸੀ ਨਾਲ ਵਿਆਹੇ ਜਾਣ ਉਪਰੰਤ ਬਠਿੰਡੇ ਦੇ ਇਕ ਪਿੰਡ ਵਿਚੋਂ ਉਠਕੇ ਕੈਨੇਡਾ ਪਹੁੰਚਣ ਅਤੇ ਫਿਰ ਇਸ ਪਤੀ ਨਾਲ ਜੀਵਨ-ਪੰਧ 'ਚੋਂ ਲੰਘਦਿਆਂ ਚੰਗੀਆਂ ਮੰਦੀਆਂ ਘਟਨਾਵਾਂ ਦੇ ਵੇਰਵਿਆਂ ਨਾਲ ਗੁੰਦੀ ਗਈ ਹੈ। ਸੰਤੋਸ਼ ਦੇ ਜੀਵਨ ਦੇ ਵੇਰਵਿਆਂ ਵਿਚੋਂ ਹੀ ਪੰਜਾਬੀਆਂ ਦੇ ਕੈਨੇਡਾ ਵਰਗੇ ਅਮੀਰ ਮੁਲਕਾਂ ਵੱਲ ਪਰਵਾਸ ਦੀ ਪ੍ਰਕਿਰਿਆ ਅਤੇ ਫਿਰ ਪਰਵਾਸ ਦੇ ਜੀਵਨ ਨਾਲ ਜੁੜੇ ਆਰਥਿਕ, ਸਮਾਜਕ ਤੇ ਸਭਿਆਚਾਰਕ ਮਸਲੇ ਦ੍ਰਿਸ਼ਟੀਗੋਚਰ ਹੋ ਜਾਂਦੇ ਹਨ। ਮਿਸਾਲ ਵਜੋਂ ਜੇ ਕੋਈ ਵਿਅਕਤੀ ਆਪਣੇ ਕੈਨੇਡਾ ਵਿਚ ਸੈਟਲ ਹੋਏ ਹੋਣ ਦੇ ਤੱਥ ਕਾਰਨ ਉਮਰ, ਸ਼ਕਲ-ਸੂਰਤ ਅਤੇ ਪੜ੍ਹਾਈ ਆਦਿ ਦੇ ਪੱਖੋਂ ਊਣਤਾਈ ਦੇ ਬਾਵਜੂਦ ਮਨ ਮਰਜ਼ੀ ਦੀ ਖ਼ੂਬਸੂਰਤ ਜਾਂ ਪੜ੍ਹੀ-ਲਿਖੀ ਕੁੜੀ ਵਿਅਹੁਣ ਦੇ ਸਮਰੱਥ ਹੁੰਦਾ ਹੈ, ਤਾਂ ਦੇਸ ਵਿਚਲੇ ਲੋਕ ਆਪਣੇ ਪਰਿਵਾਰ ਦੇ ਕੈਨੇਡਾ ਸੈਟਲ ਹੋ ਜਾਣ ਦੀ ਸੰਭਾਵਨਾ ਦੇ ਸਨਮੁਖ ਉਸ ਸਭ ਕੁਝ ਨੂੰ ਅਣਦੇਖਿਆਂ ਕਰਨ ਲਈ ਤਿਆਰ ਹੁੰਦੇ ਹਨ, ਜੋ ਹੁਣ ਤਕ ਉਹਨਾਂ ਦੀ ਸੋਚ ਦਾ ਆਧਾਰ ਰਹੇ ਹਨ।

ਸੰਤੋਸ਼ ਦੇ ਵਿਆਹ ਦੀ ਵੀ ਇਹੀ ਹਕੀਕਤ ਹੈ। ਉਸ ਦਾ ਪਤੀ ਮਦਨ ਕਪੂਰ ਸਿੰਘ ਜੱਟ ਹੈ ਜਦਕਿ ਉਹ ਖੱਤਰੀ ਮਹਾਜਨ ਹੈ। ਸੋਹਣੀ ਸੁਨੱਖੀ ਮੁਟਿਆਰ ਸੰਤੋਸ਼ ਮਦਨ ਕਪੂਰ ਸਿੰਘ ਨੂੰ ਜਚ ਗਈ ਸੀ ਅਤੇ ਇਸ ਵਿਆਹ ਪ੍ਰਸਤਾਵ ਦੇ ਨੇਪਰੇ ਚੜ੍ਹਨ ਵਿਚ ਦੋਹਾਂ ਧਿਰਾਂ ਲਈ ਜਾਤ ਪਾਤ ਆਦਿ ਦਾ ਵਖੇਵਾਂ ਵੀ ਕੋਈ ਰੁਕਾਵਟ ਨਹੀਂ ਬਣਿਆ। ਭੂਆ ਵੱਲੋਂ ਇਸ ਵਿਆਹ ਦੇ ਹਲਕੇ ਜਿਹੇ ਵਿਰੋਧ 'ਤੇ ਮਦਨ ਕਪੂਰ ਦੇ ਘਰ ਵਾਲਿਆਂ ਦਾ ਜਵਾਬ ਸੀ: "ਅਸੀਂ ਕਾਹਦੇ ਜੱਟ ਤੇ ਸਿੱਖ ਹਾਂ। ਆਹ ਸਾਡੇ ਬੁੜ੍ਹੇ ਰੱਖਾ, ਰਾਮੂ, ਦਾਸ, ਬਿਸ਼ਨਾ ਸਭ ਹੁੱਕਾ ਪੀਂਦੇ ਸਨ।" ਸੰਤੋਸ਼ ਦੇ ਮਾਪੇ ਵੀ ਕੇਨੈਡਾ ਦੇ ਲਾਲਚ ਪਿੱਛੇ ਅਤੇ ਉਸ ਦੇ ਭਰਾ ਦੇ ਤਰਕ ਅੱਗੇ ਮੰਨ ਜਾਂਦੇ ਹਨ। ਨਾਵਲਕਾਰ ਨੇ ਪਰਵਾਸੀ ਧਰਤੀ 'ਤੇ ਨੇਪਰੇ ਚੜ੍ਹਦੇ ਅਜਿਹੇ ਵਿਆਹਾਂ ਦੀ ਦਾਸਤਾਨ ਪੇਸ਼ ਕਰਦਿਆਂ ਲਿਖਿਆ ਹੈ: " ਨਾ ਕਿਸੇ ਨੇ ਕਲੀਰੇ ਬੰਨ੍ਹੇ, ਨਾ ਕਿਸੇ ਮਾਮੇ ਦਾ ਦਿੱਤਾ ਚੂੜਾ ਪਾਇਆ, ਨਾ ਬਰਾਤ ਆਈ, ਪਰ ਜੰਝ ਚੜ੍ਹੀ... ਪਹਿਲਾਂ ਲਾੜਾ ਘਰੋਂ ਬਾਹਰ ਨਿਕਲਿਆ ਫਿਰ ਲਾੜੀ।"

ਨਾਵਲ ਦੀ ਸ਼ੁਰੂਆਤ ਹਸਪਤਾਲ ਅੰਦਰ ਸਵੇਰ ਦੇ ਉਸ ਦ੍ਰਿਸ਼ ਨਾਲ ਹੁੰਦੀ ਹੈ ਜਿੱਥੇ ਸੰਤੋਸ਼ ਦਾ ਪਤੀ ਛੇਆਂ ਹਫਤਿਆਂ ਤੋਂ ਐੱਸ.ਟੀ. ਡੀ. (ਸੈਕਸੁਅਲੀ ਟਰਾਂਸਮਿਟਡ ਡਜ਼ੀਜ਼) ਦੀ ਲਾਇਲਾਜ

ਬਿਮਾਰੀ ਨਾਲ ਮਰਨ ਕਿਨਾਰੇ ਹੈ। ਹਸਪਤਾਲ ਵਿਚ ਸਾਰੀ ਰਾਤ ਕੱਟਣ ਉਪਰੰਤ ਸੰਤੋਸ਼ ਘਰ ਜਾਣ ਲਈ ਨਿਕਲਦੀ ਹੈ। ਪਰ ਘਰ ਜਾਣ ਦੀ ਬਜਾਏ ਖੁਲ੍ਹੀ ਤਾਜ਼ਾ ਹਵਾ ਲੈਣ ਦੇ ਖਿਆਲ ਨਾਲ ਉਹ ਬੇਅਰ ਕਰੀਕ ਪਾਰਕ ਵੱਲ ਮੁੜ ਜਾਂਦੀ ਹੈ, ਅਤੇ ਲਗ ਪਗ ਸਾਰਾ ਦਿਨ ਉੱਥੇ ਘੁੰਮਦਿਆਂ ਹੀ ਲੰਘਾ ਦਿੰਦੀ ਹੈ। ਨਾਵਲ ਦੀ ਕਹਾਣੀ ਇਸ ਸਾਰੇ ਦਿਨ ਦਾ ਬਿਰਤਾਂਤ ਹੈ। ਸੰਤੋਸ਼ ਆਪਣੀ ਭਟਕਦੀ ਮਾਨਸਿਕ ਸਥਿਤੀ ਵਿਚ ਵੱਖ ਵੱਖ ਸੜਕਾਂ ਤੇ ਪਾਰਕਾਂ ਵਿਚ ਘੁੰਮਦੀ ਹੈ ਅਤੇ ਨਾਵਲੀ ਕਥਾ ਉਸ ਦੇ ਅਵਚੇਤਨ ਵਿੱਚ ਪਈਆਂ ਯਾਦਾਂ ਦੇ ਨਾਲ ਅੱਗੇ ਤੁਰਦੀ ਹੈ। ਔਰਤ ਮਰਦ ਸੰਬੰਧਾਂ ਦੀਆਂ ਵੱਖ ਵੱਖ ਪਰਤਾਂ ਨੂੰ ਆਪਣੀਆਂ ਯਾਦਾਂ ਨਾਲ ਫਰੋਲਦੀ ਉਹ ਰਾਹ 'ਚ ਮਿਲਣ ਵਾਲੇ ਜਾਣਕਾਰਾਂ ਤੋਂ ਤ੍ਰਭਕਦੀ ਹੈ ਕਿ ਕੋਈ ਉਸ ਨੂੰ ਉਸਦੇ ਪਤੀ ਦੀ ਬਿਮਾਰੀ ਬਾਰੇ ਨਾ ਪੁੱਛ ਲਵੇ। ਤੁਰੀ ਫਿਰਦੀ ਸੰਤੋਸ਼ ਬੀ.ਸੀ ਦੇ ਠਰਕੀ ਬਾਬਿਆਂ ਬਾਰੇ ਟੋਹ ਦੇ ਜਾਂਦੀ ਹੈ, ਜੋ "ਹਰ ਆਉਂਦੀ ਜਾਂਦੀ ਜਨਾਨੀ ਦਾ ਨਜ਼ਰਾਂ ਨਾਲ ਦੂਰ ਤਕ ਪਿੱਛਾ ਕਰਦੇ ਹਨ.. ਖਾਸ ਕਰਕੇ ਗੋਰੀਆਂ ਦਾ, ਜਿਨ੍ਹਾਂ ਨੇ ਜੋਗਿੰਗ ਲਈ ਤੰਗ ਤੇ ਚੁਸਤ ਕੱਪੜੇ ਪਾਏ ਹੁੰਦੇ ਨੇ ਤੇ ਭੈੜੇ ਬੋਲ ਵੀ ਕੱਸਦੇ ਹਨ... ਖਾਸ ਕਰਕੇ ਆਥਣ ਵੇਲੇ ਜਦੋਂ ਘੁੱਟ ਵਲੈਤੀ ਸੋਮਰਸ ਉਹਨਾਂ ਦੇ ਅੰਦਰ ਗਿਆ ਹੁੰਦਾ ਤਾਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਮਨ ਹੀ ਮਨ ਤੁਰੀਆ ਜਾਂਦੀਆਂ ਨਾਲ ਸੰਭੋਗ ਵੀ ਕਰ ਲੈਂਦੈ ਹੋਣਗੇ।"

ਮਨ ਦੀਆ ਯਾਦਾਂ ਸੰਗ ਭਟਕਦੀ ਸੰਤੋਸ਼ ਬੀਅਰ ਕਰੀਕ ਪਾਰਕ ਤੋਂ ਕਿੰਗ ਕਰੀਕ ਪੁਲ ਤੇ ਘੁੰਮਦੀ ਰਸਤੇ ਵਿਚ ਲੋਨਲੀ ਲੇਡੀ ਸਟੈਚੂ ਤੋ ਟਿੰਮ ਹੌਰਟਨ ਲੜੀ ਦੇ ਰੈਸਤੋਰਾਂ ਵਿਚ ਕੁਝ ਖਾਣ ਪੀਣ ਲਈ ਬੈਠਦੀ ਹੈ। ਪਤੀ ਦਾ ਖਿਆਲ ਆਉਂਦਿਆਂ ਹੀ ਹਸਪਤਾਲ ਵੱਲ ਦੌੜਦੀ ਹੈ। ਮਦਨ ਕਪੂਰ ਸਿੰਘ ਨੇ ਐੱਸ.ਟੀ.ਡੀ ਦਾ ਰੋਗ ਅਵੱਸ਼ ਪਰਾਈਆਂ ਔਰਤਾਂ ਨਾਲ ਬਣਾਏ ਅਸੁਰੱਖਿਅਤ ਸੈਕਸ ਸੰਬੰਧਾਂ ਕਰਕੇ ਸਹੇੜਿਆ ਹੋਵੇਗਾ। ਸੰਤੋਸ਼ ਆਪਣੇ ਪਤੀ ਦੇ ਅਜਿਹੇ ਸੰਬੰਧਾਂ ਬਾਰੇ ਕੁਝ ਨਹੀਂ ਕਰ ਸਕੀ। ਮਨਮੋਹਣ ਕੋਰ ਨਾਂ ਦੀ ਔਰਤ ਨਾਲ ਅਜਿਹੇ ਸੰਬੰਧਾਂ ਨੂੰ ਵੀ ਉਹ ਸਹਿਜ ਹੀ ਲੈਂਦੀ ਹੈ। ਆਪਣੀ ਜ਼ਿੰਦਗੀ ਦੀ ਤੁਲਨਾ ਉਹ ਤੋਤੇ ਮਿੱਠੂ ਨਾਲ ਕਰਦੀ ਹੈ ਜਿਸ ਨੂੰ ਪਾਲਣ ਵਾਲੇ ਵੇਚ ਦਿੰਦੇ ਹਨ ਤੇ ਖਰੀਦਣ ਵਾਲੇ ਪਿੰਜਰੇ ਵਿਚ ਪਾ ਦਿੰਦੇ ਹਨ। ਸੜਕਾਂ ਉਪਰ ਘੁੰਮਦਿਆਂ ਉਹ ਆਪਣੇ ਆਪ ਨੂੰ ਸਵਾਲ ਕਰਦੀ ਹੈ "ਕੀ ਮੈਨੂੰ ਏਦਾਂ ਹੀ ਸੜਕਾਂ 'ਤੇ ਘੁੰਮਦੇ ਰਹਿਣਾ ਚਾਹੀਦਾ ਹੈ? ਜਾਂ ਘਰ ਚਲੇ ਜਾਣਾ ਚਾਹੀਦਾ ਹੈ... ਘਰ ਕੌਣ ਹੈ? ਨਾ ਬੱਚੇ ਨਾ ਪਤੀ।" ਇਸ ਤਰ੍ਹਾਂ ਘੁੰਮ ਘੁਮਾ ਕੇ ਜਦੋਂ ਉਹ ਹਸਪਤਾਲ ਪਰਤਦੀ ਹੈ ਤਾਂ ਉਸ ਦਾ ਪਤੀ ਉਸ ਦੇ ਹੱਥਾਂ ਵਿਚ ਹੀ ਲੁੜ੍ਹਕ ਜਾਂਦਾ ਹੈ ਅਤੇ ਉਹ ਛਿਣ ਦੇ ਫਰਕ ਨਾਲ ਹੀ ਸੁਹਾਗਣ ਤੋਂ ਵਿਧਵਾ ਬਣ ਜਾਂਦੀ ਹੈ। ਅਤੇ ਆਪਣੇ ਬੁਲ੍ਹਾਂ ਦੀ ਲਿਪਸਟਿਕ ਸਾਫ ਕਰਕੇ ਸੁਹਾਗ ਦੀ ਅਹੂਤੀ ਸਮੇਂ ਦੇ ਹਵਨ ਕੁੰਡ ਵਿਚ ਪਾਉਂਦੀ ਹੈ।

ਨਾਵਲਕਾਰ ਨੇ ਸਮਾਜ ਵਿਗਿਆਨਕ ਨਜ਼ਰੀਏ ਤੋਂ ਨਾਵਲ ਵਿਚ ਥਾਂ ਪਰ ਥਾਂ ਵਿਆਹ, ਕਾਮ, ਪਰਿਵਾਰ ਅਤੇ ਰਿਸ਼ਤਿਆਂ ਬਾਰੇ ਆਪਣੇ ਵਿਚਾਰ ਦਿੱਤੇ ਹਨ ਜੋ ਕਿ ਉਸ ਦੀ ਵਿਚਾਰਧਾਰਾ ਦਾ ਪਰਤੌ ਹਨ। ਪਰਵਾਸੀਆਂ ਦੀ ਜ਼ਿੰਦਗੀ ਅਤੇ ਉਹਨਾਂ ਦੀ ਮਾਨਸਿਕਤਾ ਚਿਤਰਣ ਦਾ ਯਤਨ ਵੀ ਕੀਤਾ ਹੈ। ਮਿਸਾਲ ਵਜੋਂ ਕੈਨੇਡਾ ਦੀਆਂ ਸੁਖ ਸਹੂਲਤਾਂ ਮਾਣਦੇ ਬਜ਼ੁਰਗ ਨੂੰਹਾਂ ਪੁੱਤਰਾਂ ਉੱਤੇ ਚੰਗਾ ਰੋਅਬ ਝਾੜਦੇ ਹਨ, ਜਿਵੇਂ ਕਿ ਇਸ ਨਾਵਲ ਵਿਚ ਸੰਤੋਸ਼ ਦੀ ਸੱਸ ਤੇ ਉਸ ਦੀਆਂ ਸਹੇਲੀਆਂ।

ਨਾਵਲ ਵਿਚ ਛਾਪੇ ਦੀਆਂ ਗ਼ਲਤੀਆਂ ਦੀ ਭਰਮਾਰ ਰੜਕਦੀ ਹੈ। ਕਈ ਥਾਈਂ ਬੇਲੋੜਾ ਵਿਸਥਾਰ ਅਤੇ ਅਸਭਿਅਕ ਸ਼ਬਦਾਵਲੀ ਵੀ ਅੱਖੜਦੀ ਹੈ। ਸੰਤੋਸ਼ ਦੀ ਮਨੋਦਸ਼ਾ ਦੇ ਸੰਦਰਭ ਵਿਚ ਨਾਵਲ ਦਾ ਕਥਾਨਕ ਯਥਾਰਥਮਈ ਜਾਪਦਾ ਹੇ। ਕਈ ਹਾਲਤਾਂ ਵਿਚ ਇਹ ਸੱਚ ਹੈ ਕਿ ਪਰਵਾਸੀ ਰਿਜਕ ਦੀ ਭਾਲ਼ ਵਿਚ ਪਰਦੇਸਾਂ ਵਿਚ ਪਹੁੰਚਦੇ ਹਨ, ਨਸਲ ਵਧਾਉਣ ਅਤੇ ਜਿਉਂਦਾ ਰੱਖਣ ਲਈ ਤਰਲਾ ਮਾਰਦੇ ਹਨ, ਪਰ ਜਿਨ੍ਹਾਂ ਦੀ ਹੋਣੀ ਹੈ ਛੋਟੀਆ ਛੋਟੀਆਂ ਕੂਲ੍ਹਾਂ ਵਾਂਗ ਦਰਿਆ ਵਿਚ ਵਲੀਨ ਹੋ ਜਾਣਾ।

**– ਪੁਸ਼ਵਿੰਦਰ ਕੌਰ**



## ਭੰਵਰ (ਨਾਵਲ) ਹਰਮਹਿੰਦਰ ਚਹਿਲ

ਹੁਣ ਤਕ ਅੱਧੀ ਦਰਜਨ ਕਹਾਣੀ ਸੰਗ੍ਰਹਿ ਤੇ ਤਿੰਨ ਨਾਵਲ ਲਿਖ ਚੁੱਕੇ ਅਮਰੀਕਾ ਨਿਵਾਸੀ ਲੇਖਕ ਹਰਮਹਿੰਦਰ ਚਹਿਲ ਦਾ ਚੌਥਾ ਨਾਵਲ ਹੈ 'ਭੰਵਰ' (ਪੰਨੇ 326, ਮੁੱਲ 300 ਰੁਪਏ, ਸੰਗਮ ਪਬਲੀਕੇਸ਼ਨਜ਼,ਸਮਾਣਾ) ਜੋ ਪਿੱਛੇ ਜਿਹੇ ਪ੍ਰਕਾਸ਼ਤ ਹੋਇਆ ਹੈ। ਇਹ ਨਾਵਲ ਵੀ ਪਰਵਾਸੀ ਜੀਵਨ ਨਾਲ ਸੰਬੰਧਤ ਹੈ, ਜਿਸ ਵਿਚ ਪਰਵਾਸੀ ਜੀਵਨ-ਯਥਾਰਥ ਦੇ ਪ੍ਰਸੰਗ ਵਿਚ ਆਰਥਿਕ, ਸਮਾਜਕ, ਸਭਿਆਚਾਰਕ, ਮਾਨਸਿਕ, ਧਾਰਮਿਕ ਤੇ ਨੈਤਿਕ ਪੱਖ ਤੋਂ ਇਕ ਅਦਿੱਖ ਭੰਵਰ ਵਿਚ ਫਸੇ ਮਨੁੱਖ ਦੀ ਗਾਥਾ ਬਿਆਨ ਹੋਈ ਹੈ।ਨਾਵਲ ਦੇ ਮੁੱਖ ਪਾਤਰ ਕਰਮੇ ਦੇ ਜੀਵਨ ਨਾਲ ਜੁੜਿਆ ਇਹ ਬਿਰਤਾਂਤ ਅਨੇਕਾਂ ਵਿਸ਼ਿਆਂ ਨੂੰ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ।

ਸਾਧਾਰਨ ਕਿਸਾਨੀ ਪਰਿਵਾਰ ਦਾ ਜੰਮਪਲ ਕਰਮਾ ਆਪਣੀ ਆਰਥਿਕ ਹਾਲਤ ਸੁਧਾਰਨ ਲਈ ਗ਼ੈਰ ਕਾਨੂੰਨੀ ਤਰੀਕੇ ਰਾਹੀਂ ਅਮਰੀਕਾ ਆਉਂਦਾ ਹੈ। ਉੱਥੇ ਆਉਂਦਿਆਂ ਹੀ ਉਸਦੀਆਂ ਮੁਸ਼ਕਲਾਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ ਜਿਹੜਾ ਕਰਮੇ ਦੇ ਪੱਕੇ ਹੋਣ, ਵਿਆਹ ਕੇ ਬਾਲ-ਬੱਚੇਦਾਰ ਬਣ ਜਾਣ ਤੋਂ ਬਾਅਦ ਨਾਵਲ ਦੇ ਅੰਤ ਤਕ ਜਾਰੀ ਰਹਿੰਦਾ ਹੈ। ਕਈ ਵਾਰ ਤਾਂ ਇਸ ਤਰ੍ਹਾਂ ਜਾਪਦਾ ਹੈ ਕਿ ਨਾਵਲਕਾਰ ਨੇ ਵੱਖ-ਵੱਖ ਲੋਕਾਂ ਦੀਆਂ ਵੱਧ ਤੋਂ ਵੱਧ ਸਮੱਸਿਆਵਾਂ ਨੂੰ ਇਕੱਤਰ ਕਰ ਕੇ ਕਰਮੇ ਨਾਲ ਜੋੜ ਦਿੱਤਾ ਹੈ। ਕਰਮੇ ਦੇ ਪੱਕੇ ਹੋਣ ਨਾਲ, ਆਰਥਿਕਤਾ ਨਾਲ ਜੁੜੀਆਂ ਉਸਦੀਆਂ ਸਮੱਸਿਆਵਾਂ ਸਿਸਟਮ ਦੀ ਦੇਣ ਹਨ, ਜਦਕਿ ਮਾਨਸਿਕ ਪੱਖ ਨਾਲ ਸੰਬੰਧਤ ਸਮੱਸਿਆਵਾਂ ਵਿਅਕਤੀ ਦੇਣ ਹਨ। ਕਰਮੇ ਦੀ ਸੱਸ ਬਸੰਤ ਕੌਰ ਤੇ ਉਸਦੇ ਸਕੇ ਭਰਾ ਉਸਨੂੰ ਜੋ ਮਾਨਸਿਕ ਪੀੜਾ ਦਿੰਦੇ ਹਨ ਉਹ ਅਸਹਿ ਹੈ। ਆਮ ਤੌਰ 'ਤੇ ਸਾਡੇ ਪੰਜਾਬੀ ਸਮਾਜ ਵਿਚ ਵਿਦੇਸ਼ੀ ਲਾੜੇ ਦੀ ਤੂਤੀ ਬੋਲਦੀ ਹੈ। ਲਾੜੇ ਦਾ ਵਿਦੇਸ਼ੀ ਹੋਣਾ ਹੀ ਉਸਦੇ ਸਾਰੇ ਔਗੁਣਾਂ ਨੂੰ ਲੁਕੋ ਲੈਂਦਾ ਹੈ। ਪਰੰਤੂ ਕਰਮਾ ਗੁਣਾਂ ਦੀ ਗੁਥਲੀ ਹੋਣ ਦੇ ਬਾਵਜੂਦ ਤ੍ਰਿਸਕਾਰਿਆ ਹੋਇਆ ਹੈ। ਉਸਦੀ ਸੱਸ ਬਸੰਤ ਕੌਰ ਹਰ ਸਮੇਂ ਕਰਮੇ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦੀ ਰਹਿੰਦੀ ਹੈ।

ਬਸੰਤ ਕੌਰ ਜਾਗੀਰੂ ਸੰਸਕਾਰਾਂ ਵਿਚ ਜੰਮੀ-ਪਲ਼ੀ ਹੀ ਨਹੀਂ ਸਗੋਂ ਉਹ ਸੋਚਦੀ ਵੀ ਇਸੇ ਦ੍ਰਿਸ਼ਟੀ ਤੋਂ ਹੈ। ਉਸਦਾ ਇਕੋ ਇਕ ਮਕਸਦ ਵੱਧ ਤੋਂ ਵੱਧ ਜ਼ਮੀਨ ਇਕੱਠੀ ਕਰਨਾ ਹੈ। ਇਸ ਮਕਸਦ ਤਹਿਤ ਉਹ ਕਿਸੇ ਵੀ ਹੱਦ ਤਕ ਜਾ ਸਕਦੀ ਹੈ। ਉਹ ਆਪਣੀ ਵਿਧਵਾ ਭਤੀਜ ਨੂੰਹ ਰੂਪ ਨੂੰ ਅਮਰੀਕਾ ਬੁਲਾਉਣ ਲਈ ਆਪਣੇ ਜਵਾਈ ਨਾਲ ਫਰਜ਼ੀ ਵਿਆਹ ਕਰਵਾਉਂਦੀ ਹੈ। ਰੂਪ ਦੇ ਨਾਂਅ ਚੜ੍ਹੀ ਜ਼ਮੀਨ ਹਥਿਆਉਣ ਲਈ ਉਹ ਰੂਪ ਨੂੰ ਆਪਣੇ ਵੱਡੇ ਮੁੰਡੇ ਗੁਰਿੰਦਰ ਨਾਲ ਵਿਆਹ ਕਰਵਾ ਕੇ ਬਾਹਰ ਬੁਲਾਉਣ ਲਈ ਮਜਬੂਰ ਕਰਦੀ ਹੈ। ਗੁਰਿੰਦਰ ਵਿਆਹਿਆ-ਵਰਿਆ ਬਾਲ ਬੱਚੇਦਾਰ ਹੈ। ਉਹ ਰੂਪ ਨੂੰ ਮਾਰ ਕੇ ਉਸਦੀ ਜ਼ਮੀਨ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਪਰ ਉਹ ਇਸ ਵਿਚ ਕਾਮਯਾਬ ਨਹੀਂ ਹੁੰਦਾ। ਬਸੰਤ ਕੌਰ ਦੀ ਨਜ਼ਰ ਵਿਚ ਪਰਾਏ ਮਰਦ ਨਾਲ ਗੱਲਬਾਤ ਕਰਨ ਵਾਲੀ ਔਰਤ ਦੋਸ਼ੀ ਹੁੰਦੀ ਹੈ। ਉਹ ਆਪਣੀ ਵਿਧਵਾ ਭਤੀਜ ਨੂੰਹ ਰੂਪ 'ਤੇ ਵੀ ਅਜਿਹਾ ਇਲਜ਼ਾਮ ਲਾਉਣ ਦੀ ਕੋਸ਼ਿਸ਼ ਕਰਦੀ ਹੈ। ਜਾਗੀਰੂ ਸੋਚ ਕਾਰਨ ਹੀ ਉਹ ਕਰਮੇ ਤੇ ਉਸਦੇ ਪਰਿਵਾਰ ਨੂੰ ਕੋਸਦੀ ਹੋਈ ਨੰਗਾਂ ਦਾ ਟੱਬਰ ਦੱਸਦੀ ਹੈ ਜਦਕਿ ਆਪ ਉਹ ਕਰਮੇ ਦੀਆਂ ਖਰੀਦੀਆਂ ਟਿਕਟਾਂ ਨਾਲ ਹੀ ਅਮਰੀਕਾ ਆਉਂਦੀ ਹੈ। ਅਜਿਹਾ ਕੁਝ ਕਰਦੀ ਹੋਈ ਉਹ ਆਪਣੇ ਘਟੀਆਪਣ ਦੀ ਚਰਮ ਸੀਮਾ 'ਤੇ ਪਹੁੰਚ ਜਾਂਦੀ ਹੈ।

ਨਾਵਲ ਵਿਚ ਜਾਗੀਰੂ ਤੇ ਪੂੰਜੀਵਾਦੀ ਰਿਸ਼ਤਿਆਂ ਦੇ ਭੰਵਰ ਦੀ ਪੇਸ਼ਕਾਰੀ ਹੋਈ ਹੈ। ਕਰਮੇ ਦੀ ਕਾਲਿਜ ਸਮੇਂ ਦੀ ਪਸੰਦ ਰੂਪ ਅਜਿਹੇ ਹੀ ਭੰਵਰ ਵਿਚ ਫਸੀ ਹੋਈ ਹੈ। ਆਪਣੇ ਪਤੀ ਲਾਲਜੀਤ ਦੀ ਮੌਤ ਤੋਂ ਬਾਅਦ ਉਹ ਕਰਮੇ ਨਾਲ ਵਿਆਹ ਕਰਵਾ ਕੇ ਅਮਰੀਕਾ ਆ ਜਾਂਦੀ ਹੈ

ਇਹ ਮੁਖੜਾ ਮੁੜ ਗੁਲਾਬ ਹੋਇਆ ਹੈ
ਇਹਦੀ ਕਲਮ ਵੀ
ਜਿਉਂਦੀ ਹੋ ਗਈ ਹੈ

ਇਸੇ ਤਰ੍ਹਾਂ ਦੇ ਵਸਲ ਦੀ ਇੱਛਾ ਅਧੀਨ ਹੀ 'ਜੇ ਤੂੰ ਮੈਨੂੰ ਮਿਲਣਾ' ਕਵਿਤਾ ਨਿੱਜੀ ਆਜ਼ਾਦੀ ਦੀ ਭਾਵਨਾ ਪ੍ਰਗਟ ਕਰਦੀ ਹੋਈ ਸਮਾਜਕ ਰੋਕਾਂ ਤੇ ਬੰਦਸ਼ਾਂ ਤੋਂ ਪਾਰ ਜਾਣ ਦੀ ਗੱਲ ਕਰਦੀ ਹੈ:

ਜੇ ਤੂੰ ਮੈਨੂੰ ਮਿਲਣਾ
ਉਕਾਬ ਬਣ ਕੇ ਮਿਲੀਂ
ਤਾਂ ਕਿ ਆਪਾਂ ਦੋਵੇਂ ਉੱਡ ਸਕੀਏ
ਤੰਗ ਗੁਫਾ ਤੋਂ ਵਿਸ਼ਾਲ ਆਕਾਸ਼ ਵੱਲ

ਉਪਰ ਪਿਆਰ ਕਵਿਤਾ ਦੀਆਂ ਥੋੜ੍ਹੀਆਂ ਜਿਹੀਆਂ ਉਦਾਹਰਨਾਂ ਹੀ ਦਿੱਤੀਆਂ ਗਈਆਂ ਹਨ ਜਦਕਿ ਸੰਗ੍ਰਹਿ ਵਿਚਲੀਆਂ ਹੋਰ ਬਹੁਤ ਸਾਰੀਆਂ ਕਵਿਤਾਵਾਂ ਇਸ ਨੁਕਤੇ ਤੋਂ ਵਿਚਾਰੀਆਂ ਜਾ ਸਕਦੀਆਂ ਹਨ। 'ਤੂੰ ਮੈਨੂੰ ਮਿਲੀਂ', 'ਤੈਨੂੰ ਕਿਵੇਂ ਉਡੀਕਾਂ', 'ਆ ਚੰਨ ਫੜੀਏ', 'ਤੇਹ', 'ਮੁਹੱਬਤ', 'ਰਿਸ਼ਤੇ', 'ਮਹਿਬੂਬ ਤੇ ਖੁਦਾ', 'ਤਲਾਸ਼', 'ਤੇਰੀ ਯਾਦ', ਵਾਅਦਾ', 'ਦੁਆ' ਅਤੇ ਅਖੀਰਲੀਆਂ ਦੋ ਕਵਿਤਾਵਾਂ 'ਸਾਡੇ ਕਿਸੇ ਨਾ ਵੰਡਾਏ' ਤੇ 'ਵੇ ਮੇਰਿਆ ਸਾਗਰਾ' ਇਸ ਪ੍ਰਸੰਗ ਵਿਚ ਬਹੁਤ ਮਹੱਤਵਸ਼ਾਲੀ ਹਨ। ਇਹਨਾਂ ਸਾਰੀਆਂ ਪਿਆਰ ਕਵਿਤਾਵਾਂ ਵਿਚ "ਕੈਦਖਾਨਾ', 'ਪਿੰਜਰਾ' ਤੇ 'ਕੰਡਿਆਂ' ਆਦਿ ਸ਼ਬਦਾਂ ਦੀ ਵਰਤੋਂ ਕਈ ਥਾਵਾਂ 'ਤੇ ਵੇਖੀ ਜਾ ਸਕਦੀ ਹੈ, ਜਿਨ੍ਹਾਂ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਕਵਿੱਤਰੀ ਨਿੱਜੀ ਆਜ਼ਾਦੀ ਦੀ ਭਾਵਨਾ ਨੂੰ ਕਿਸ ਤੀਬਰਤਾ ਨਾਲ ਉਘਾੜਦੀ ਹੈ। ਇਸ ਤਰ੍ਹਾਂ ਦੀ ਆਜ਼ਾਦੀ ਮਾਣਦਿਆਂ ਉਹ ਆਲ੍ਹਣੇ ਵਰਗੇ ਸ਼ਬਦਾਂ ਰਾਹੀਂ ਸਮੂਰਤ ਘਰ ਦਾ ਚਿਤਰ ਉਸਾਰਦੀ ਹੈ। ਛੋਟੀ ਚਾਰ ਸਤਰੀ ਕਵਿਤਾ 'ਘਰ' ਵਿਚ ਉਹ ਇਸਦਾ ਨਕਸ਼ਾ ਇੰਝ ਚਿਤਰਦੀ ਹੈ:

ਸੁੱਚੀਆਂ ਤੇ
ਪਾਕਿ ਪਵੱਤਰ
ਪ੍ਰੀਤ ਰੂਹਾਂ ਦਾ
ਰੈਣ ਬਸੇਰਾ

ਇਸ ਮੁਕੰਮਲ ਬਹਿਸ਼ਤੀ ਘਰ ਦੇ ਨਾਲ ਨਾਲ ਉਹ ਉਹਨਾਂ ਘਰਾਂ ਦੀ ਵੀ ਬਾਤ ਪਾਉਂਦੀ ਹੈ ਜਿਨ੍ਹਾਂ ਦੀਆਂ ਕੰਧਾਂ 'ਚ ਘਿਰੇ ਮਨੁੱਖ ਖੁਦ ਕੰਧ ਬਣ ਚੁੱਕੇ ਹਨ। ਇਕ ਹੋਰ ਛੋਟੀ ਕਵਿਤਾ 'ਚਿੜੀਆਂ ਦਾ ਚੰਬਾ' ਵਿਚ ਉਹ ਅਜਿਹੇ ਹੀ ਘਰਾਂ ਨੂੰ ਉਘਾੜਦਿਆਂ ਕਹਿੰਦੀ ਹੈ:

ਚਿੜੀਆਂ ਦੇ ਚੰਬੇ
ਤੂੰ ਆਪਣੇ ਹੋਣ ਵਾਲੇ
ਆਲ੍ਹਣੇ ਦੇ ਸੁਪਨੇ ਲੈਨੈਂ
ਪਰ ਕੀ ਤੈਨੂੰ ਪਤਾ
ਇਹ ਆਲ੍ਹਣਾ ਕੈਦਖਾਨਾ ਵੀ ਹੋ ਸਕਦਾ

ਇਸ ਪ੍ਰਸੰਗ ਵਿਚ 'ਕੁੜੀਆਂ ਤੇ ਚਿੜੀਆਂ' ਕਵਿਤਾ ਵੀ ਧਿਆਨ ਖਿੱਚਦੀ ਹੈ, ਪਰ ਏਥੇ ਲੰਮੀ ਕਵਿਤਾ 'ਟਾਹਲੀ ਵਾਲੇ ਖੇਤ' ਦਾ ਜ਼ਿਕਰ ਕਰਨਾ ਚਾਹਾਂਗੇ , ਜੋ ਇਸ ਕਿਤਾਬ ਦੀ ਬੜੀ ਵੱਖਰੀ ਤੇ ਵਧੀਆ ਕਵਿਤਾ ਹੈ। ਇਸ ਕਵਿਤਾ ਵਿਚ ਪੇਂਡੂ ਪਰਿਵੇਸ਼ ਵਿਚ ਕੁੜੀਆਂ ਦੇ ਕੁਆਰ ਨੂੰ ਮਧੋਲਣ ਵਾਲੀਆਂ ਗਿਰਝਾਂ ਦੀ ਗੱਲ ਬਹੁਤ ਤਲਖੀ ਤੇ ਸੰਵੇਦਨਸ਼ੀਲਤਾ ਨਾਲ ਉਘਾੜੀ ਗਈ ਹੈ। ਨਿਮਨ ਲਿਖਤ ਇਸ ਕਵਿਤਾ ਦੀਆਂ ਕੇਂਦਰੀ ਸਤਰਾਂ ਮਿਥੀਆਂ ਜਾ ਸਕਦੀਆਂ ਹਨ:



ਮਾਏ! ਤੇਰੇ ਵਰਜਣ 'ਤੇ
ਤੇਰੀ ਲਾਡੋ
ਟਾਹਲੀ ਵਾਲੇ ਖੇਤ ਨਾ ਗਈ
ਪਰ ਹੋਰ ਕਿੱਥੇ ਕਿੱਥੇ ਨਾ ਨਾ ਜਾਊ?

ਆਰਥਿਕਤ ਸਾਡਾ ਬੁਨਿਆਦੀ ਪਹਿਲੂ ਹੈ ਜਿਸ 'ਤੇ ਸਮੁੱਚਾ ਸਮਾਜਕ ਪ੍ਰਬੰਧ ਉਸਰਿਆ ਹੁੰਦਾ ਹੈ। ਇਕ ਸੰਵੇਦਨਸ਼ੀਲ ਕਵੀ ਜਦੋਂ ਸਮਾਜ ਵਿਚਲੇ ਆਰਥਿਕ ਪਾੜਿਆਂ ਨੂੰ ਵੇਖਦਾ ਹੈ, ਤਾਂ ਉਹ ਅੰਦਰੋਂ ਝੰਜੋੜਿਆ ਜਾਂਦਾ ਹੈ। ਸਿੰਮੀ ਨੇ ਵੀ 'ਮਹਿਲ ਤੇ ਝੁੱਗੀਆਂ' ਅਤੇ 'ਹੱਕ' ਆਦਿ ਕਵਿਤਾਵਾਂ ਵਿਚ ਆਰਥਿਕ ਪਾੜੇ ਦੀ ਗੱਲ ਕੀਤੀ ਹੈ। ਪਰ ਉਸਦੀ ਕਾਵਿ ਸ਼ੈਲੀ ਪਹਿਲੀ ਰਵਾਇਤੀ ਪ੍ਰਗਤੀਵਾਦੀ ਕਵਿਤਾ ਵਾਂਗ ਇਸਨੂੰ ਨਾਅਰੇ ਦਾ ਰੂਪ ਨਹੀਂ ਦਿੰਦੀ, ਸਗੋਂ ਕਾਵਿਕਤਾ ਦਾ ਪੱਲਾ ਫੜੀ ਰੱਖਦੀ ਹੈ:

ਉਂਝ ਬੜਾ ਫਰਕ ਹੈ
ਇਕ ਪਾਸੇ
ਖਿੜਦੇ ਹਾਸਿਆਂ ਦਾ ਸ਼ੋਰ ਏ
ਦੂਜੇ ਪਾਸੇ
ਬਲ਼ਦਿਆਂ ਹਉਕਿਆਂ ਦੀ ਚੀਕ

ਫਿਰ ਇਸ ਚੀਕ ਨੇ ਇਕ ਦਿਨ ਉਗਰ ਰੂਪ ਧਾਰਨ ਕਰਨਾ ਹੀ ਹੈ। 'ਹੱਕ' ਨਾਂ ਦੀ ਕਵਿਤਾ 'ਚ ਇਸ ਉਗਰਤਾ ਦਾ ਚਿਤਰਨ ਇੰਝ ਕੀਤਾ ਗਿਆ ਹੈ:

ਕਾਂ ਤੇ ਕੁੱਤਾ ਵੀ
ਕੁਝ ਚਿਰ ਵੇਖਦੇ ਨੇ ਮੂੰਹ ਵੱਲ
ਫਿਰ ਅੱਕ ਕੇ
ਖੋਹ ਲੈਂਦੇ ਨੇ ਬੁਰਕੀ ਹੱਥ 'ਚੋਂ

ਸਮੁੱਚੇ ਤੌਰ 'ਤੇ ਸਿਮਰਜੀਤ ਸਿੰਮੀ ਦੀ ਕਵਿਤਾ ਬਾਰੇ ਕਿਹਾ ਜਾ ਸਕਦਾ ਹੈ ਕਿ ਪਿਆਰ ਭਾਵਨਾਵਾਂ ਦੀ ਪੇਸ਼ਕਾਰੀ ਇਸ ਵਿਚ ਸ਼ਿੱਦਤ ਨਾਲ ਹੋਈ ਹੈ। ਨਾਲ ਦੀ ਨਾਲ ਪਿਆਰ ਤੋਂ ਹਟਵੇਂ ਗੰਭੀਰ ਸਮਾਜਕ ਮਸਲਿਆਂ ਦੀ ਇਸ ਵਿਚ ਬਾਤ ਪਾਈ ਗਈ ਹੈ। ਉਹ ਅੱਗੋਂ ਵੀ ਅਵੱਸ਼ ਪਿਆਰ ਕਵਿਤਾਵਾਂ ਲਿਖਦੀ ਰਹੇਗੀ ਅਤੇ ਇਹ ਚੰਗੀ ਗੱਲ ਹੈ। ਪਰ ਉਸ ਤੋਂ ਉਮੀਦ ਕੀਤੀ ਜਾਣੀ ਚਾਹੀਦੀ ਕਿ ਉਹ ਜੀਵਨ ਦੇ ਹੋਰ ਪਾਸਾਰਾਂ ਨੂੰ ਵੀ ਕਾਵਿਮਈ ਡੂੰਘਾਈ ਨਾਲ ਆਪਣੀ ਰਚਨਾ ਵਿਚ ਪੇਸ਼ ਕਰੇ।

**– ਮਨਦੀਪ ਸਿੰਘ**

## ਪ੍ਰਾਪਤ ਪੁਸਤਕਾਂ

**ਅੰਗੂਠੇ ਦਾ ਨਿਸ਼ਾਨ** (ਨਾਵਲ) ਬਲਵਿੰਦਰ ਕੌਰ ਬਰਾੜ
ਪੰਨੇ 204, ਮੁੱਲ 295 ਰੁਪਏ, ਲੋਕਗੀਤ ਪ੍ਰਕਾਸ਼ਨ, ਇੰਡਸਟਰੀਅਲ ਏਰੀਆ,ਫੇਜ਼ 9, ਐੱਸ.ਏ.ਐੱਸ ਨਗਰ
**ਜਿਸਤੀ ਮੁੰਡੇ** (ਨਾਵਲ) ਸਵੇਤਲਾਨਾ ਅਲੈਕਸੀਵਿਚ, ਅਨੁਵਾਦਕ: ਕੇ.ਐੱਲ.ਗਰਗ
ਪੰਨੇ 174, ਮੁੱਲ 300 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਕਾਲੇ ਰੰਗ ਗੁਲਾਬ ਦੇ** (ਨਾਵਲ) ਹਰਜੀਤ ਅਟਵਾਲ
ਪੰਨੇ 168, ਮੁੱਲ 250 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ
**ਪੱਤਝੜ ਤੋਂ ਬਾਅਦ** (ਨਾਵਲ) ਜਸਦੇਵ ਸਿੰਘ ਧਾਲੀਵਾਲ
ਪੰਨੇ 191, ਮੁੱਲ 250 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ
**ਭਾਂਬੜ** (ਨਾਵਲ) ਕਰਤਾਰ ਮਾਨ
ਪੰਨੇ 200, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਕੱਚੇ ਪੱਕੇ ਨਕਸ਼ੇ** (ਔਰਤ ਮਰਦ ਸੰਬੰਧਾਂ ਦੀਆਂ ਕਹਾਣੀਆਂ) ਜਿੰਦਰ
ਪੰਨੇ 168, ਮੁੱਲ 275 ਰੁਪਏ, ਐਵਿਸ ਪਬਲੀਕੇਸ਼ਨਜ਼, ਪਲਈਅਰ ਗਾਰਡਨ ਮਾਰਕੀਟ, ਚਾਂਦਨੀ ਚੌਕ, ਦਿੱਲੀ

**ਥੈਂਕਸ ਏ ਲੌਟ ਪੁੱਤਰਾ** (ਕਹਾਣੀ ਸੰਗ੍ਰਹਿ) ਕੇਸਰਾ ਰਾਮ
ਪੰਨੇ 158, ਮੁੱਲ 250 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਰਤਨ ਮਾਲਾ** (ਪਿਆਰ-ਕਹਾਣੀਆਂ) ਰਤਨ ਸਿੰਘ
ਪੰਨੇ 94, ਮੁੱਲ 150 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਨਿੱਕੀਆਂ-ਵੱਡੀਆਂ ਧਰਤੀਆਂ** (ਕਹਾਣੀਆਂ) ਇਕਬਾਲ ਰਾਮੂਵਾਲੀਆ
ਪੰਨੇ 163, ਮੁੱਲ 250 ਰੁਪਏ, ਲੋਕਗੀਤ ਪ੍ਰਕਾਸ਼ਨ, ਇੰਡਸਟਰੀਅਲ ਏਰੀਆ,ਫੇਜ਼ 9, ਐੱਸ.ਏ.ਐੱਸ ਨਗਰ
**ਕਹਾਣੀ ਨਹੀਂ... ਔਰਤ ਦੀ ਗਾਥਾ** (ਕਹਾਣੀ ਸੰਗ੍ਰਹਿ) ਸਰਬਜੀਤ ਕੌਰ ਮਾਂਗਟ
ਪੰਨੇ 112, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਸ਼ੇਰਾਂ ਦੀਆਂ ਮਾਰਾਂ** (ਕਹਾਣੀ ਸੰਗ੍ਰਹਿ) ਹਰਚੰਦ ਸਿੰਘ ਵੜਿੰਗ
ਪੰਨੇ 111, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਪਰਤੱਖ ਤੋਂ ਅਗਾਂਹ** (ਦੋ ਕਾਵਿ-ਨਾਟਕ) ਰਵਿੰਦਰ ਰਵੀ
ਪੰਨੇ 254, ਮੁੱਲ 425 ਰੁਪਏ, ਨੈਸ਼ਨਲ ਬੁੱਕ ਸ਼ਾਪ, ਪਲਈਅਰ ਗਾਰਡਨ ਮਾਰਕਿਟ, ਚਾਂਦਨੀ ਚੌਕ, ਦਿੱਲੀ
**ਸਾਵੀ** (ਨਾਟਕ) ਜਗਦੀਸ਼ ਸਚਦੇਵਾ
ਪੰਨੇ 64, ਮੁੱਲ 100 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਬਿਰਹਾ ਦਾ ਮਾਰੂਥਲ** (ਕਵਿਤਾਵਾਂ) ਪ੍ਰਭਜੋਤ ਕੌਰ
ਪੰਨੇ 183, ਮੁੱਲ 300 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਸਮਕਾਲ ਦੇ ਆਰ ਪਾਰ** ((ਕਰਨਜੀਤ ਸਿੰਘ ਦੀ ਚੋਣਵੀਂ ਕਵਿਤਾ) ਸੰਪਾਦਕ: ਡਾ. ਦੇਵਿੰਦਰ ਕੌਰ ਯੂ.ਕੇ.
ਪੰਨੇ 176, ਮੁੱਲ 300 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਮੇਰਾ ਯਕੀਨ ਕਰੀਂ** (ਕਾਵਿ ਸੰਗ੍ਰਹਿ) ਸਹਿਜਪ੍ਰੀਤ ਸਿੰਘ ਮਾਂਗਟ
ਪੰਨੇ 127, ਮੁੱਲ 175 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਕਿਤਾਬ ਆਸਮਾਨ ਦੀ** (ਗ਼ਜ਼ਲ ਸੰਗ੍ਰਹਿ) ਸੁਰਿੰਦਰ ਸੋਹਲ
ਪੰਨੇ 88, ਮੁੱਲ 150 ਰੁਪਏ, ਕੈਲੀਬਰ ਪਬਲੀਕੇਸ਼ਨ, ਪਟਿਆਲਾ
**ਕੋਈ ਸੁਣਦਾ ਹੈ** ( ਕਵਿਤਾਵਾਂ) ਤਨਵੀਰ
ਪੰਨੇ 88, ਮੁੱਲ 130 ਰੁਪਏ, ਕੈਲੀਬਰ ਪਬਲੀਕੇਸ਼ਨ, ਪਟਿਆਲਾ
**ਮੁਹੱਬਤ ਦੀ ਸਤਰ** (ਕਾਵਿ ਸੰਗ੍ਰਹਿ) ਮਾਲਵਿੰਦਰ ਸਿੰਘ
ਪੰਨੇ 176, ਮੁੱਲ 300 ਰੁਪਏ, ਤਾਲਿਫ ਪ੍ਰਕਾਸ਼ਨ, ਬਰਨਾਲਾ
**ਦ ਹੌਰਿਬਲ ਟਰੁੱਥ** (ਬਹੁ ਵਿਧਾ) ਕਿੰਦ ਨਾਹਲ
ਪੰਨੇ 145, ਮੁੱਲ 150 ਰੁਪਏ, ਗਰੇਸ਼ਿਅਸ ਬੁੱਕਸ, ਅਰਬਨ ਐਸਟੇਟ, ਪਟਿਆਲਾ
**ਇਹ ਜੁ ਦੁਨੀਆ ਸਿਹਰੁ ਮੇਲਾ** (ਕਾਵਿ ਸੰਗ੍ਰਹਿ) ਜਗਮੋਹਨ ਸਿੰਘ
ਪੰਨੇ 128, ਮੁੱਲ 200 ਰੁਪਏ, ਐਸਥੈਟਿਕਸ ਪਬਲੀਕੇਸ਼ਨਜ਼, ਲੁਧਿਆਣਾ
**ਹਰਫ ਹਰਫ ਰੁਸ਼ਨਾਈ** (ਗ਼ਜ਼ਲ ਸੰਗ੍ਰਹਿ) ਐੱਸ. ਤਰਸੇਮ
ਪੰਨੇ 112, ਮੁੱਲ 125 ਰੁਪਏ, ਦਿਲਦੀਪ ਪ੍ਰਕਾਸ਼ਨ, ਸਮਰਾਲਾ
**ਗੋਰੀਆਂ ਰਾਤਾਂ ਕਾਲੇ ਦਿਨ** (ਕਾਵਿ ਸੰਗ੍ਰਹਿ) ਜਸਵਿੰਦਰ ਸੀਰਤ
ਪੰਨੇ 101, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਵਾਰਾਂ ਗੁਰ ਇਤਿਹਾਸ ਦੀਆਂ** (ਵਾਰਾਂ) ਚਮਕੌਰ ਸਿੰਘ ਸੇਖੋਂ
ਪੰਨੇ 104, ਮੁੱਲ 150 ਰੁਪਏ, 10$, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਕਵੀ ਤੇ ਗਿਰਗਿਟ** (ਕਾਵਿ ਸੰਗ੍ਰਹਿ) ਪਰਨਦੀਪ ਕੈਂਥ
ਪੰਨੇ 200, ਮੁੱਲ 295 ਰੁਪਏ, ਲੋਕਗੀਤ ਪ੍ਰਕਾਸ਼ਨ, ਇੰਡਸਟਰੀਅਲ ਏਰੀਆ,ਫੇਜ਼ 9, ਐੱਸ.ਏ.ਐੱਸ ਨਗਰ
**ਜੋ ਦਮ ਗ਼ਾਫਿਲ, ਸੋ ਦਮ ਕਾਫਿਰ** (ਪਾਲ ਕੌਰ ਹੋਣ ਦੀ ਯਾਤਰਾ) ਸੰਪਾਦਕ: ਡਾ.ਹਰਕਮਲ ਕੌਰ
ਪੰਨੇ 101, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਡੂੰਘੇ ਸਾਗਰ ਵਗਦੇ ਦਰਿਆ** (ਸ਼ਬਦ-ਚਿਤਰ) ਡਾ. ਐੱਸ.ਤਰਸੇਮ
ਪੰਨੇ 216, ਮੁੱਲ 350 ਰੁਪਏ, ਆਰਸੀ ਪਬਲਿਸ਼ਰਜ਼, ਪਰਦਾ ਬਾਗ਼, ਦਰਿਆਗੰਜ, ਨਵੀਂ ਦਿੱਲੀ
**ਜੰਗ ਅਜੇ ਵੀ ਜਾਰੀ ਹੈ** (ਸਵੈਜੀਵਨੀ ਅੰਸ਼) ਇੰਦਰਜੀਤ ਕੌਰ ਸਿੱਧੂ
ਪੰਨੇ 96, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਸੰਤ ਹਰਚੰਦ ਸਿੰਘ ਲੌਂਗੋਵਾਲ** (ਅਧਿਆਤਮਕਤਾ ਤੋਂ ਰਾਜਨੀਤੀ ਤਕ) ਹਰਬੀਰ ਸਿੰਘ ਭੰਵਰ
ਪੰਨੇ 172, ਮੁੱਲ 225 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਉਲਝ ਗਈ ਸਿੱਖ ਕੌਮ** (ਨਿਬੰਧ) ਰਘਬੀਰ ਸਿੰਘ ਮਾਨਾਂਵਾਲੀ
ਪੰਨੇ 153, ਮੁੱਲ 195 ਰੁਪਏ, ਲੋਕਗੀਤ ਪ੍ਰਕਾਸ਼ਨ, ਇੰਡਸਟਰੀਅਲ ਏਰੀਆ,ਫੇਜ਼ 9, ਐੱਸ.ਏ.ਐੱਸ ਨਗਰ
**ਏਸ਼ੀਆ ਤੇ ਅਫਰੀਕਾ ਦੇ ਪ੍ਰਮੁੱਖ ਗੁਰਦੁਆਰੇ** ਬਲਰਾਜ ਸਿੰਘ ਸਿੱਧੂ
ਪੰਨੇ 96+16, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਪਰਲੋਕ ਦਾ ਭਰਮ: ਵਿਚਾਰ ਮੰਥਨ** (ਆਲੋਚਨਾ) ਸੰਪਾਦਕ: ਧਿਆਨ ਸਿੰਘ ਸ਼ਾਹ ਸਿਕੰਦਰ
ਪੰਨੇ 144, ਮੁੱਲ 150 ਰੁਪਏ, ਰੂਪਾਂਤਰ ਪੰਜਾਬੀ, ਦੀਨਾ ਨਗਰ
**ਅਵਤਾਰ ਸਿੰਘ ਬਿਲਿੰਗ ਦੇ ਨਾਵਲ: ਸਮਾਜ-ਸਭਿਆਚਾਰਕ ਪਰਿਪੇਖ** (ਆਲੋਚਨਾ) ਹਰਿੰਦਰ ਸਿੰਘ
ਪੰਨੇ 176, ਮੁੱਲ 200 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ
**ਅਵਤਾਰ ਸਿੰਘ ਬਿਲਿੰਗ ਦੇ ਨਾਵਲ: ਬਹੁਪਰਤੀ ਵਿਸ਼ਲੇਸ਼ਨ** (ਆਲੋਚਨਾ) ਚਰਨਜੀਤ ਕੌਰ ਸੰਧੂ
ਪੰਨੇ 150, ਮੁੱਲ 200 ਰੁਪਏ, ਸਾਹਿਬਦੀਪ ਪਬਲੀਕੇਸ਼ਨ, ਭਿਖੀ
**ਪੂਰਨ ਪ੍ਰੀਤ** (ਨਿਬੰਧਾਵਲੀ) ਪੂਰਨ ਚੰਦ ਜੋਸ਼ੀ
ਪੰਨੇ 171, ਮੁੱਲ 360 ਰੁਪਏ, ਜੇ.ਐਂਡ. ਜੇ. ਪਬਲੀਕੇਸ਼ਨਜ਼, ਸੰਗਰੂਰ



## ਪੱਤਰ

ਸਿਰਜਣਾ-181 ਦੀ ਸਾਰੀ ਸਮੱਗਰੀ ਹੀ ਬਹੁਤ ਮੁੱਲਵਾਨ ਸੀ। ਸੁਖਬੀਰ ਸਿਮ੍ਰਤੀ ਗ੍ਰੰਥ ਬਾਰੇ ਰਿਵਿਊ ਨਿਬੰਧ ਪੜ੍ਹਦਿਆਂ ਤਾਂ ਇੰਝ ਜਾਪਿਆ ਜਿਵੇਂ ਉਹਨਾਂ ਨਾਲ ਗੱਲਾਂ ਕਰ ਰਿਹਾ ਹੋਵਾਂ। ਸੁਖਬੀਰ ਹੁਰੀਂ ਵੱਡੇ ਲੇਖਕ ਤੇ ਸ਼ਾਨਦਾਰ ਮਨੁੱਖ ਸਨ। ਉਹਨਾਂ ਬਾਰੇ ਸਿਮ੍ਰਤੀ ਗ੍ਰੰਥ ਛਪਣਾ ਖੁਸ਼ੀ ਵਾਲੀ ਗੱਲ ਹੈ। ਸੁਰਜੀਤ ਹਾਂਸ ਦਾ ਲੇਖ ਹਮੇਸ਼ਾ ਵਾਂਗ ਹੀ ਬਹੁਤ ਖੋਜ ਭਰਪੂਰ ਸੀ।ਅਮਰੀਕਾ ਦੇ ਮੂਲਵਾਸੀਆਂ ਦਾ ਇਤਿਹਾਸ ਪੜ੍ਹ ਕੇ ਰੌਂਗਟੇ ਖੜ੍ਹੇ ਹੋ ਗਏ। ਅਜਮੇਰ ਸਿੱਧੂ, ਬਲਦੇਵ ਸਿੰਘ ਢੀਂਡਸਾ ਅਤੇ ਚਰਨਜੀਤ ਸਿੰਘ ਪੰਨੂੰ ਦੀਆਂ ਕਹਾਣੀਆਂ ਨਿਸਚੇ ਹੀ ਉੱਚੇ ਕਲਾ ਪੱਧਰ ਦੀਆਂ ਸਨ। ਅਜਮੇਰ ਸਿੱਧੂ ਦੀ ਕਹਾਣੀ 'ਮੈਂ ਮਾਂ...' ਕਿਰਾਏ ਦੀ ਕੁੱਖ ਦੇ ਵਿਸ਼ੈ ਨੂੰ ਕਲਾਤਮਕਤਾ ਨਾਲ ਛੋਹਣ ਵਾਲੀ ਮੇਰੀ ਨਜ਼ਰ 'ਚੋਂ ਗੁਜ਼ਰੀ ਪੰਜਾਬੀ ਵਿਚ ਛਪੀ ਪਹਿਲੀ ਕਹਾਣੀ ਹੈ। ਬਲਦੇਵ ਸਿੰਘ ਢੀਂਡਸਾ ਦੀ ਕਹਾਣੀ 'ਮੀ ਲਾਰਡ' ਵਿਚ ਵੀ ਇਕ ਔਰਤ ਦੀ ਤ੍ਰਾਸਦੀ ਤੇ ਭਾਵਨਾ ਦਾ ਬਾਕਮਾਲ ਵਰਨਣ ਹੈ, ਜਦਕਿ ਪੰਨੂੰ ਹੁਰਾਂ ਦੀ ਕਹਾਣੀ 'ਬੰਦ ਦਰਵਾਜ਼ਾ' ਨਾਈਨ ਇਲੈਵਨ ਤੋਂ ਪਿੱਛੋਂ ਆਪਣੀ ਦਿੱਖ ਕਰਕੇ ਅਮਰੀਕਾ ਵਿਚ ਸਿੱਖਾਂ ਨੂੰ ਦਰਪੇਸ਼ ਸਮੱਸਿਆ ਨੂੰ ਖੁਸ਼ਗਵਾਰ ਢੰਗ ਨਾਲ ਪੇਸ਼ ਕਰਦੀ ਹੈ। ਸਤਪਾਲ ਭੀਖੀ ਦੀ ਬਲਬੀਰ ਪਰਵਾਨਾ ਨਾਲ ਮੁਲਾਕਾਤ ਪੜ੍ਹ ਕੇ ਬੜਾ ਆਨੰਦ ਆਇਆ। ਬਲਬੀਰ ਪਰਵਾਨਾ ਦਾ ਵੱਡ-ਆਕਾਰੀ ਨਾਵਲ 'ਬਹੁਤ ਸਾਰੇ ਚੁਰਸਤੇ' ਕੁਝ ਹੀ ਸਮਾਂ ਪਹਿਲਾਂ ਮੈਂ ਬਹੁਤ ਰੀਝ ਨਾਲ ਨਿੱਠਕੇ ਪੜ੍ਹਿਆ ਹੈ। ਇਹ ਨਾਵਲ ਨਿਸਚੈ ਹੀ ਪੰਜਾਬੀ ਨਾਵਲ ਦੀ ਚੰਗੀ ਪ੍ਰਾਪਤੀ ਹੈ। **– ਡਾ. ਕਰਮਜੀਤ ਸਿੰਘ, ਨਡਾਲਾ**

ਸਿਰਜਣਾ-182 ਵਿਚ ਇਕਬਾਲ ਰਾਮੂਵਾਲੀਆ ਨੇ ਆਪਣੇ ਬਾਪੂ ਕਰਨੈਲ ਸਿੰਘ ਪਾਰਸ ਬਾਰੇ ਬਹੁਤ ਸੋਹਣਾ ਲਿਖਿਆ ਹੈ। ਪਾਰਸ ਜੀ ਦੀ ਕਵੀਸ਼ਰੀ ਦੇ ਕੁਝ ਨਮੂਨੇ ਵੀ ਪੜ੍ਹਨ ਨੂੰ ਮਿਲੇ। ਚੰਗਾ ਲੱਗਿਆ। ਕਹਾਣੀਆਂ ਸਾਰੀਆਂ ਹੀ ਪੜ੍ਹਨ ਵਾਲੀਆਂ ਸਨ। ਸਾਹਿਤ, ਸਿਨਮਾ ਤੇ ਸਿਆਸਤ ਬਾਰੇ ਸੰਪਾਦਕੀ ਵਿਚ ਕੀਤੀਆਂ ਗੱਲਾਂ ਵੀ ਚੰਗੀਆਂ ਸੀ। **– ਹਰਭਜਨ ਸਿੰਘ ਬਾਜਵਾ, ਬਟਾਲਾ**

ਸਿਰਜਣਾ-182 ਵਿਚ ਪਹਿਲੀ ਸੱਟੇ ਹੀ ਆਪਣੇ ਪਸੰਦੀਦਾ ਲੇਖਕ ਦਰਸ਼ਨ ਸਿੰਘ ਦੀ ਰਚਨਾ 'ਮੇਰੇ ਭਾਈਆ ਜੀ' ਪੜ੍ਹੀ। ਆਪਣੀ ਇਸ ਰਚਨਾ ਵਿਚ ਵੀ ਲੇਖਕ ਨੇ ਕਲਾ ਦਾ ਜਾਦੂ ਧੂੜਿਆ ਹੈ। ਦਰਸ਼ਨ ਸਿੰਘ ਦੀਆਂ ਹੋਰ ਰਚਨਾਵਾਂ ਵਾਂਗ ਇਸ ਰਚਨਾ ਵਿਚ ਵੀ ਸ਼ਬਦ ਖਣਕਦੇ ਅਤੇ ਵਿਚਾਰ ਅਸਰ ਛੱਡਦੇ ਹਨ। ਉਂਝ ਵੀ ਭੂਤ ਨੂੰ ਫਰੋਲਣਾ ਬਹੁਤੀ ਵਾਰ ਆਨੰਦ ਹੀ ਦਿੰਦਾ ਹੈ ਕਿਉਂਕਿ ਚੋਣਕਾਰ ਆਪਣੀ ਮਰਜ਼ੀ ਦੇ ਵੇਰਵੇ ਸਾਂਝੇ ਕਰ ਰਿਹਾ ਹੁੰਦਾ ਹੈ। ਕਹਾਣੀਆਂ ਵਾਲੇ ਮਾਮਲੇ ਵਿਚ 'ਸਿਰਜਣਾ' ਦੀ ਝੰਡੀ ਹੁੰਦੀ ਹੈ। ਗੁਰਦਿਆਲ ਸਿੰਘ ਨੂੰ ਸ਼ਰਧਾਂਜਲੀ ਵਜੋਂ ਪੇਸ਼ ਕਹਾਣੀ 'ਹਾਰ ਗਿਐਂ ਰਤਨਿਐਂ' ਦੁਬਾਰਾ ਪੜ੍ਹ ਕੇ ਬਹੁਤ ਸਾਰੀਆਂ ਗੱਲਾਂ ਚੇਤਿਆਂ ਵਿਚ ਉਭਰ ਆਈਆਂ। ਜ਼ਮਾਨੇ ਕਿੰਝ ਖਹਿ-ਖਹਿ ਕੇ ਲੰਘਦੇ ਹਨ, ਬਹੁਤ ਵਾਰ ਅਤੇ ਬਹੁਤ ਕੁਝ ਦੇਰ ਬਾਅਦ ਪਤਾ ਲੱਗਦਾ ਹੈ। ਢਾਹਾਂ ਇਨਾਮ ਦੇ ਜੇਤੂ ਲੇਖਕ ਜ਼ੁਬੇਰ ਅਹਿਮਦ ਦੀ ਇਕ ਕਹਾਣੀ ਪਹਿਲਾਂ ਵੀ 'ਸਿਰਜਣਾ' ਵਿਚ ਪੜ੍ਹੀ ਸੀ। ਇਸ ਅੰਕ ਵਿਚਲੀ ਉਸਦੀ ਕਹਾਣੀ 'ਦੁੱਖ ਠਰਿਆਂ ਦੇ ਬੁੱਤ' ਪੜ੍ਹਦਿਆਂ ਇਹ ਪ੍ਰਭਾਵ ਹੋਰ ਗੂੜ੍ਹਾ ਹੋਇਆ ਕਿ ਲਹਿੰਦੇ ਪੰਜਾਬ ਦੇ ਇਸ ਲੇਖਕ ਨੂੰ ਬਹੁਤ ਸਹਿਜ ਨਾਲ ਕਹਾਣੀ ਕਹਿਣ ਵਿਚ ਚੋਖੀ ਮੁਹਾਰਤ ਹੈ। ਲਹਿੰਦੇ ਪੰਜਾਬ ਦੇ ਲੇਖਕਾਂ ਦੀਆਂ ਰਚਨਾਵਾਂ ਦੇ ਸਮੇਂ ਸਮੇਂ

'ਸਿਰਜਣਾ' ਵਿਚ ਛਪਦੇ ਰਹਿਣ ਨਾਲ ਉਸ ਪਾਸੇ ਦੇ ਸਾਹਿਤ ਦੀ ਵੰਨਗੀ ਦੇ ਨਾਲ ਨਾਲ ਸਮਾਜਕ-ਸਭਿਆਚਾਰਕ ਸਮਾਚਾਰਾਂ ਦੀ ਟੋਹ ਵੀ ਲੱਗ ਜਾਂਦੀ ਹੈ। ਗੁਰਪ੍ਰੀਤ ਦਾ ਨਾਂ ਭਾਵੇਂ ਪਹਿਲਾਂ ਨਹੀਂ ਸੁਣਿਆ, ਪਰ ਕਹਾਣੀ 'ਵਿੱਦਿਆ ਵਿਚਾਰੀ ਤਾਂ...' ਉਸਦੇ ਇਕ ਅਨੁਭਵੀ ਤੇ ਸਮਰੱਥ ਰਚਨਾਕਾਰ ਹੋਣ ਦੀ ਗਵਾਹੀ ਦਿੰਦੀ ਹੈ। ਨ੍ਰਿਪਇੰਦਰ ਰਤਨ ਦੀ ਕਹਾਣੀ ਵੀ ਗ਼ੌਰ ਤਲਬ ਹੈ। ਬਲਜੀਤ ਬਾਸੀ ਦੇ ਲੇਖ ਨੇ ਕਈ ਕੁਝ ਸੋਚਣ ਦੀ ਜਾਗ ਲਾਈ। ਦਰਸ਼ਨ ਸਿੰਘ ਸਹਿਰੀ ਦਾ ਲੇਖ ਤਾਂ ਸੋਨੇ ਉੱਤੇ ਸੁਹਾਗੇ ਵਾਲੀ ਗੱਲ ਸੀ। ਇਸ ਤਰ੍ਹਾਂ ਦੀਆਂ ਰਚਨਾਵਾਂ ਅੱਜ ਕੱਲ੍ਹ ਘੱਟ ਹੀ ਨਜ਼ਰੀਂ ਪੈਂਦੀਆਂ ਹਨ।

**– ਕੁਲਵੰਤ ਸਿੰਘ, ਚੰਡੀਗੜ੍ਹ**

'ਸਿਰਜਣਾ' ਦੇ ਤਾਜ਼ਾ ਅੰਕ-182 (ਅਕਤੂਬਰ-ਦਸੰਬਰ) ਵਿਚ ਇਕਬਾਲ ਰਾਮੂਵਾਲੀਆ ਦਾ ਲੇਖ 'ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ' ਪੁੱਤਰ ਦੀਆਂ ਆਪਣੇ ਬਾਪ ਨਾਲ ਕੀਤੀਆਂ ਗੱਲਾਂ ਤਾਂ ਹਨ ਹੀ; ਨਾਲ ਹੀ ਇਹ ਲੇਖ ਕਵੀਸ਼ਰੀ, ਸਮਾਜਕ ਸਰੋਕਾਰਾਂ ਅਤੇ ਇਕ ਮੁਕੰਮਲ ਦੌਰ ਦਾ ਨਿਰੂਪਣ ਵੀ ਕਰ ਗਿਆ। ਕਰਨੈਲ ਸਿੰਘ ਪਾਰਸ ਇਕ ਪ੍ਰਸਿੱਧ ਕਵੀਸ਼ਰ ਤਾਂ ਸੀ ਹੀ, ਉਹ ਆਪਣੇ ਸਮੇਂ ਦਾ ਬਹੁਤ ਸਿਆਣਾ ਤੇ ਅਗਾਂਹਵਧੂ ਵਿਚਾਰਾਂ ਵਾਲਾ ਮਨੁੱਖ ਵੀ ਸੀ, ਜਿਸਨੂੰ ਲੋਕ ਮੁਹਾਵਰੇ ਵਿਚ ਗੱਲ ਕਰਨ ਵਿਚ ਨਿਪੁੰਨਤਾ ਹਾਸਲ ਸੀ। ਅਜਿਹੀਆਂ ਸ਼ਖ਼ਸੀਅਤਾਂ ਬਾਰੇ ਚਰਚਾ ਚੱਲਦੀ ਰਹਿਣੀ ਚਾਹੀਦੀ ਹੈ। ਇਸੇ ਅੰਕ ਵਿਚ ਗੁਰਮੇਲ ਸਿੰਘ ਦਾ ਖ਼ਤ ਪੜ੍ਹ ਕੇ ਸਾਧੂ ਬਿਨਿੰਗ ਦਾ ਜੋਅ ਹਿੱਲ ਬਾਰੇ ਲੇਖ (ਸਿਰਜਣਾ 180) ਪੜ੍ਹਿਆ। ਪਹਿਲਾਂ ਕਿਤੇ ਪੜ੍ਹਨੋਂ ਛੁੱਟ ਗਿਆ ਸੀ। ਕਮਾਲ ਦਾ ਜੋਅ ਹਿੱਲ ਅਤੇ ਕਮਾਲ ਦੀ ਇਹ ਲਿਖਤ। ਅਜਿਹੀਆਂ ਲਿਖਤਾਂ ਬੰਦੇ ਅੰਦਰ ਚਿਣਗ ਮਘਦੀ ਰੱਖਦੀਆਂ ਹਨ। ਉੱਘੇ ਸ਼ਾਇਰ ਅਤੇ ਵਿਗਿਆਨੀ ਸੁਖਪਾਲ ਦਾ ਜੋਅ ਹਿੱਲ ਦੇ ਗੀਤ ਦਾ ਅਨੁਵਾਦ ਵੀ ਕਮਾਲ ਹੈ।

**– ਮਨਦੀਪ ਸਿੰਘ, ਸੁਧਾਰ, ਲੁਧਿਆਣਾ**

ਐਤਕੀਂ ਸੰਪਾਦਕੀ (ਸਿਰਜਣਾ-182) ਨੇ ਧਿਆਨ ਖਿੱਚਿਆ। ਚਰਚਿਤ ਫਿਲਮਸਾਜ਼ ਗੁਰਵਿੰਦਰ ਸਿੰਘ ਦੀ ਫਿਲਮ 'ਚੌਥੀ ਕੂਟ' ਪਹਿਲਾਂ ਹੀ ਦੇਖੀ ਹੋਈ ਸੀ ਅਤੇ ਵਰਿਆਮ ਸਿੰਘ ਸੰਧੂ ਦੀਆਂ ਜਿਹੜੀਆਂ ਦੋ ਕਹਾਣੀਆਂ ('ਚੌਥੀ ਕੂਟ' ਅਤੇ 'ਮੈਂ ਹੁਣ ਠੀਕ ਠਾਕ ਹਾਂ') ਉੱਤੇ ਆਧਾਰਤ ਇਹ ਫਿਲਮ ਹੈ, ਉਹ ਵੀ ਪੜ੍ਹੀਆਂ ਹੋਈਆਂ ਸਨ, ਪਰ ਸੰਪਾਦਕੀ ਵਿਚ ਸਿਨਮਈ ਭਾਸ਼ਾ (ਵਿਜ਼ੂਅਲ ਲੈਂਗੂਏਜ) ਵਾਲਾ ਜਿਹੜਾ ਨੁਕਤਾ ਉਭਾਰਿਆ ਗਿਆ ਹੈ, ਉਹ ਬਹੁਤ ਮਹੱਤਵਪੂਰਨ ਲੱਗਿਆ। ਫਿਲਮ ਇਕ ਵਾਰ ਫਿਰ ਦੇਖੀ ਤਾਂ ਬਹੁਤ ਕੁਝ ਨਵਾਂ ਲੱਭਿਆ। ਕਿਸੇ ਵੀ ਫਿਲਮ ਦੀ ਨੁਕਤਾਚੀਨੀ ਕਰਨੀ ਸੌਖੀ ਹੈ, ਪਰ ਗਹਿਰੀਆਂ ਅਤੇ ਭਵਿੱਖ ਉੱਤੇ ਅਸਰਅੰਦਾਜ਼ ਹੋਣ ਵਾਲੀਆਂ ਚੀਜ਼ਾਂ ਫੜਨੀਆਂ ਖਾਲਾ ਜੀ ਦਾ ਵਾੜਾ ਨਹੀਂ। ਬਾਕੀ ਸਿਨਮੇ ਦੀ ਤਾਕਤ ਤੋਂ ਤਾਂ ਕੋਈ ਇਨਕਾਰੀ ਨਹੀਂ ਹੈ, ਇਹ ਤੁਰੰਤ ਸੁੱਤੀਆਂ ਕਲਾਂ ਤਕ ਜਗਾ ਜਾਂਦਾ ਹੈ।

**– ਜਸ਼ਨਪ੍ਰੀਤ ਕੌਰ, ਦਿੱਲੀ**

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੋਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: **1 ਜਨਵਰੀ, 2017**



ਢਾਹਾਂ ਅੰਤਰ ਰਾਸ਼ਟਰੀ ਸਾਹਿਤ ਇਨਾਮ ਜੇਤੂ ਅਨੁਭਵੀ ਪ੍ਰੌਢ ਲੇਖਕ
ਦਰਸ਼ਨ ਸਿੰਘ ਦਾ ਨਵਾਂ ਨਾਵਲ

**ਚੱਕਰਵਿਊ**




ਵਿਸ਼ਾਲਾਂਚਲ ਦਾ ਭ੍ਰਸ਼ਟ ਪਰ ਲੋਕਾਂ ਤੇ ਹਾਈ ਕਮਾਨ ਦਾ ਚਹੇਤਾ ਮੁੱਖ ਮੰਤਰੀ ਅਚਾਨਕ ਹੀ ਪ੍ਰਲੋਕ ਸਿਧਾਰ ਜਾਂਦਾ ਹੈ। ਗੱਦੀ ਉਹਦੀ ਖਾਲੀ ਹੋ ਜਾਂਦੀ ਹੈ। ਉਹਦਾ ਜ਼ਿੱਦੀ, ਘੱਟ-ਉਮਰਾ ਪੁੱਤਰ ਉਸ ਉਤੇ ਹੱਕ ਜਮਾਂਉਂਦਾ ਹੈ। ਹਾਈ ਕਮਾਨ ਉਹਨੂੰ ਵਰਜਦੀ ਹੈ।ਪੁੱਤਰ ਅੱਗੋ ਉਹਨੂੰ ਅੱਖਾਂ ਵਿਖਾਉਂਦਾ ਹੈ। ਸ਼ੁਰੂ ਹੁੰਦਾ ਹੈ ਦੋਵਾਂ ਦਾ ਇੱਟ-ਖੜੀਕਾ। ਹਾਈ ਕਮਾਨ ਮੁੰਡੇ ਨੂੰ ਬੰਦਾ ਬਣਾਉਣ ਲੱਗਦੀ ਹੈ ਤੇ ਮੁੰਡਾ ਅੱਗੋ ਹਾਈ ਕਮਾਨ ਦੇ ਗੋਡੇ ਲਵਾਉਣ। ਇਹ ਦਵੱਲੀ ਅੜੀ ਹੀ ਇਸ ਨਾਵਲ ਦਾ ਧੁਰਾ ਹੈ। ਇਹ ਨਾਲੋ ਨਾਲ ਇਹ ਵੀ ਦਰਸਾਉਂਦਾ ਹੈ ਕਿ ਸਿਆਸੀ ਲੋਕ-ਸੇਵਕ ਝੋਲੀਆਂ ਕਿਵੇਂ ਭਰਦੇ ਹਨ ਤੇ ਪੈਸਾ ਕਿਹੜੀਆਂ ਗੁਫਾਵਾਂ ਚ ਰੱਖਦੇ ਹਨ। ਸੱਤਾ ਦੀਆਂ ਖੇਡਾਂ ਕਿਵੇਂ ਖੇਡੀਆਂ ਜਾਂਦੀਆਂ ਹਨ, ਇਹ ਨਾਵਲ ਉਹਦੇ ਖੁੱਲ੍ਹੇ ਦਰਸ਼ਨ ਵੀ ਕਰਵਾਉਂਦਾ ਹੈ।

**ਪੰਨੇ 208** **ਸੁੰਦਰ ਦਿੱਖ** **ਮੁੱਲ 295 ਰੁਪਏ**

**ਲੋਕ ਗੀਤ ਪ੍ਰਕਾਸ਼ਨ, ਇੰਡਸਟਰੀਅਲ ਏਰੀਆ, ਫੇਜ਼ 9, ਐਸ.ਏ.ਐਸ. ਨਗਰ**

**SIRJANA** Literary Punjabi Quarterly Chandigarh
No. 183 ISSN 2455-1058 January- March 2017
Registered with the Registrar of Newspapers for India vide R.N. 10215/65

ਨਵੀਂ ਚੇਤਨਾ ਦੇ ਵਾਹਕ ਚਰਚਿਤ ਬਹੁ-ਵਿਧਾਈ ਲੇਖਕ ਰਵਿੰਦਰ ਰਵੀ
ਦੀ ਸਮੁੱਚੀ ਕਥਾ ਰਚਨਾ ਇਕੋ ਵੱਡ-ਆਕਾਰੀ ਜਿਲਦ ਵਿਚ

## ਮੇਰੀਆਂ ਸਾਰੀਆਂ ਕਹਾਣੀਆਂ




ਪੰਨੇ 688 ਸੁੰਦਰ ਦਿੱਖ ਮੁੱਲ 950 ਰੁਪਏ

**ਨੈਸ਼ਨਲ ਬੁੱਕ ਸ਼ਾਪ**
ਪਲਈਅਰ ਗਾਰਡਨ ਮਾਰਕੀਟ, ਚਾਂਦਨੀ ਚੌਕ, ਦਿੱਲੀ -110006